INTERNATIONAL MAGAZINE

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

Monthly Magazine

ਅਕਤੂਬਰ (Ocotober) 2010

# ਆਤਮ ਮਾਰਗ

ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਰਤਵਾੜਾ ਸਾਹਿਬ
(17 ਜੂਨ 1918 ਤੋਂ 31 ਅਕਤੂਬਰ 2001)



ਸਾਲ ਸੋਲਵਾਂ, ਮਹੀਨਾ ਅਕਤੂਬਰ 2010



ਫਾਉਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | (For outstation cheques) |


Postal Address for 'ATAM MARG' Enquiry, Money Order, Cheque and drafts in India :
ATAM MARG MAG. VISHAV G. R. M. CHARITABLE TRUST, Ratwara sahib,
P.o. Mullanpur Garibdas, Distt. Mohali - 140901


**SUBSCRIPTION FOREIGN (ਵਿਦੇਸ਼)**

| | Annual | Life |
|---|---|---|
| U.S.A. | 50 US$ | 500 US$ |
| U.K. | 30 £ | 300 £ |
| Aus. | 80 $ | 800 $ |
| Europ | 50 Euro | 500 Euro |


Postal Address for 'ATAM MARG' Enquiry, Money Order, Cheque and drafts in foreign :
VISHAV GURMAT ROOHANI MISSION CHARITABLE TRUST
Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.



Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023



ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379
0160-2255002, Fax - 0160-2255009

U.S.A. - Baba Satnam Singh ji Atwal
Phone and Fax : 408-263-1844
Bhai Kuldeep Singh Sher Gill
Phone : 408-230-8319
Bibi Sukhvinder Kaur Bains - Phone : 403-270-3387
Canada - Bhai Sarmukh Singh Pannu
Phone - 604-433-0408
England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, Raj Mobile : 07968734058

For more information please visit us on internet at:-
Email : atammarg1@yahoo.co.in
http:# www.ratwarasahib.org, http # www.ratwarasahibmedia.org


## ਤਤਕਰਾ


| | | |
|---|---|---|
| 1. | ਸੰਪਾਦਕੀ | 2 |
| 2. | ਕਤਿਕਿ | 3 |
| 3. | ਧੰਨ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੇ ਭਾਈ ਗੁੱਜਰ ਲੋਹਾਰ | 16 |
| 4. | ਮਿਤੀ 28, 29, 30 ਅਤੇ 31 ਅਕਤੂਬਰ | 29 |
| 5. | ਅਰਦਾਸ ਸ਼ਕਤੀ | 43 |
| 6. | ਸੁਰਤਿ ਸਬਦਿ ਮਾਰਗ | 49 |
| 7. | ਸਤਵੰਤ ਕੌਰ | 55 |
| 8. | ਮਾਰਗ ਚੋਣ | 60 |
| 9. | ਸਿਹਤ ਰੱਖਿਆ | 63 |


### ਸੰਪਰਕ ਨੰ. ਰਤਵਾੜਾ ਸਾਹਿਬ


| | |
|---|---|
| ਆਤਮ ਮਾਰਗ ਮੈਗਜ਼ੀਨ - | 9417214391, 79 |
| ਰਤਵਾੜਾ ਸਾਹਿਬ - | 0160-2255001 |
| ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ - | 9417214386 |
| ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ - | 0172-2266315, 9417214381 |
| ਬੀ. ਐਡ ਕਾਲਜ | 9417214382 |
| ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ | 9417214380 |
| ਆਡੀਓ ਵੀਡੀਓ ਲਾਇਬ੍ਰੇਰੀ | 9872814385, 9417214385 |
| ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ | 0160-2255003 |
| ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ | 0160-2255004 |
| ਜਰਨਲ | 9417214384 |


**ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -**

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ

ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ
ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜ਼ੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

# ਸੰਪਾਦਕੀ

ਮਹਾਨ ਕਰਮ ਯੋਗੀ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਅਤੇ ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਧੰਨ ਧੰਨ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਨੇ ਸੰਸਾਰਕ ਰੰਗ ਮੰਚ ਤੇ ਆ ਕੇ ਪ੍ਰਉਪਕਾਰ ਹਿੱਤ ਅਨੇਕਾਂ ਕਾਰਜ ਕੀਤੇ ਹਨ। ਅਨੇਕਾਂ ਪ੍ਰਾਣੀਆਂ ਨੂੰ ਜੀਅ ਦਾਨ ਦੇ ਕੇ ਭਗਤੀ ਨਾਲ ਜੋੜਿਆ ਹੈ। ਆਪ ਜੀ ਨੇ 31 ਅਕਤੂਬਰ 2001 ਨੂੰ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪਰਿਤਿਆਗ ਕਰਕੇ ਸੱਚਖੰਡ ਜਾ ਬਿਰਾਜੇ ਹਨ। ਅਉਣ ਵਾਲੀ 28, 29 30 ਅਤੇ 31 ਅਕਤੂਬਰ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਪਵਿੱਤਰ ਤਪੋ ਭੂਮੀ ਉਪੱਰ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਦੀ ਅਗਵਾਈ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਆਪ ਜੀ ਦੀ ਨਿੱਘੀ ਯਾਦ ਨੂੰ ਸਮਰਪਿਤ ਵਿਸ਼ਾਲ ਮਹਾਨ ਗੁਰਮਤਿ ਸਮਾਗਮ ਮਨਾਇਆ ਜਾਣਾ ਹੈ । ਸਮਾਗਮ ਅੰਦਰ ਸੰਪ੍ਰਦਾਇ ਰਾੜਾ ਸਾਹਿਬ, ਰਤਵਾੜਾ ਸਾਹਿਬ, ਨਾਨਕਸਰ ਕਲੇਰਾਂ, ਭੂਰੀ ਵਾਲੇ, ਸਵਾਮੀ, ਯੋਗੀ, ਹਿਮਾਲਿਆ ਦੀਆਂ ਗੁਫਾਵਾਂ ਵਿੱਚੋਂ ਸਾਧੂ ਸੰਤ ਮਹਾਤਮਾ ਤੋਂ ਇਲਾਵਾ ਹੋਰ ਵੱਖ ਵੱਖ ਸੰਪ੍ਰਦਾਇ ਦੇ ਸੰਤ ਆਪਣੇ ਅਨੁਭਵੀ ਪ੍ਰਵਚਨਾਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨ ਜਾ ਰਹੇ ਹਨ । ਦੇਸ਼ਾਂ ਵਿਦੇਸ਼ਾ ਵਿੱਚ ਬੈਠੀਆਂ ਲੱਖਾਂ ਸੰਗਤਾਂ ਜਿਨ੍ਹਾਂ ਨੇ 'ਆਤਮ ਮਾਰਗ' ਨੂੰ ਆਪਣੇ ਜਿੰਦਗੀ ਦਾ ਅਧਾਰ ਬਣਾਇਆ ਹੋਇਆ ਹੈ । ਇਸ ਦੇ ਪ੍ਰਚਾਰ ਪ੍ਰਸਾਰ ਹਿੱਤ ਆਪਣੀ ਦਸਾਂ ਨੌਹਾਂ ਦੀ ਘਾਲ ਕਮਾਈ ਵਿੱਚੋਂ ਗੁਰ-ਸ਼ਬਦ ਲੰਗਰ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਅਤੇ ਗੁਰੂ ਕੇ ਲੰਗਰਾਂ, ਸਕੂਲਾਂ, ਕਾਲਜਾਂ, ਹਸਪਤਾਲਾਂ ਵਾਸਤੇ ਸੇਵਾ ਭੇਜਦੇ ਰਹਿੰਦੇ ਹਨ । ਉਨ੍ਹਾਂ ਦੇ ਟੈਲੀਫੋਨ ਫੈਕਸ ਈਮੇਲ ਸਾਡੇ ਕੋਲ ਸੁਨੇਹਿਆਂ ਦੇ ਰੂਪ ਵਿੱਚ ਪਹੁੰਚ ਰਹੇ ਹਨ ਕਿ ਅਸੀਂ ਮਹਾਂਪੁਰਖਾਂ ਦੀ ਤਪੋ ਭੂਮੀ ਉਪੱਰ ਨਤਮਸਤਕ ਹੋਣ ਲਈ ਆ ਰਹੇ ਹਾਂ ਅਤੇ ਚਾਰੋ ਦਿਨ ਰਤਵਾੜਾ ਸਾਹਿਬ ਰਿਹਾਇਸ਼ ਰੱਖ ਕੇ ਕੀਰਤਨ, ਨਾਮ ਸਿਮਰਨ ਦਾ ਪੂਰਾ ਪੂਰਾ ਲਾਹਾ ਉਠਾਉਣਾ ਹੈ । ਗੁ. ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖ ਜਿਥੇ ਵੀ ਆਪਣੀ ਜਿੰਦਗੀ ਵਿੱਚ ਵਿਚਰੇ ਉਥੇ ਹੀ ਆਪ ਨੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਮਹਾਨ ਪਵਿੱਤਰ ਗੂੜ੍ਹ ਸਿਧਾਂਤਾਂ ਨੂੰ ਬਹੁਤ ਸਰਲ ਤਰੀਕੇ, ਸਰਲ ਬੋਲੀ ਵਿੱਚ ਸੰਗਤਾਂ ਨਾਲ ਗੁਰ ਸ਼ਬਦ ਦੀ ਸ਼ਾਂਝ ਪਾਈ ਹੈ । ਦੇਸ਼ਾਂ ਵਿਦੇਸ਼ਾਂ ਵਿੱਚ ਬੈਠੀਆਂ ਸੰਗਤਾਂ ਜਿਨ੍ਹਾਂ ਨੇ ਸਿਰਫ ਆਪ ਜੀ ਦੇ ਦਰਸ਼ਨਾਂ ਦੀ ਇਕੋ ਝਲਕ ਦੇਖੀ ਉਹ "ਆਤਮ ਮਾਰਗ" ਮੈਗਜੀਨ ਵਿੱਚ ਉਨ੍ਹਾਂ ਦੇ ਦੱਸੇ ਰਾਹ ਤੇ ਤੁਰ ਕੇ ਆਪਣੇ ਜਿੰਦਗੀ ਨੂੰ ਸਹੀ ਰਸਤੇ ਉਪੱਰ ਤੋਰ ਰਹੇ ਹਨ । ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ) ਵਿਖੇ ਅਉਣ ਵਾਲੀਆਂ ਸੰਗਤਾਂ ਵਾਸਤੇ ਵਿਸ਼ੇਸ਼ ਪ੍ਰਬੰਧ ਕੰਪਲੈਕਸ ਵਿਖੇ ਕੀਤੇ ਜਾ ਰਹੇ ਹਨ । ਅਉਣ ਵਾਲੀ ਸੰਗਤ ਦੀ ਰਿਹਾਇਸ਼, ਲੰਗਰ ਦਾ ਯੋਗ ਪ੍ਰਬੰਧ ਕੰਪਲੈਕਸ ਵਿੱਚ ਹੀ ਕੀਤਾ ਗਿਆ ਹੈ । ਸਮਾਗਮ ਸਵੇਰੇ 4.00 ਵਜੇ ਮਹਾਂਪੁਰਖਾਂ ਦੀ ਦਰਸਾਈ ਨਾਮ ਸਿਮਰਨ ਦੀ ਜੁਗਤ ਅਨੁਸਾਰ 45 ਮਿੰਟ ਦੀ ਟੇਪ ਰਿਕਾਰਡ ਨਾਲ ਸ਼ੁਰੂ ਹੋਇਆ ਕਰੇਗਾ ਉਪਰੰਤ ਆਸਾ ਜੀ ਦੀ ਵਾਰ ਦੇ ਕੀਰਤਨ ਨਾਲ ਸਮਾਗਮ ਦੀ ਸ਼ੁਰੂਆਤ ਹੋ ਕੇ ਰਾਤ 10.00 ਵਜੇ ਕਥਾ ਕੀਰਤਨ ਦੇ ਨਿਰੰਤਰ ਪ੍ਰਵਾਹ ਚਲਣਗੇ। ਸਮਾਗਮ ਨੂੰ ਸੁਚੱਜੇ ਢੰਗ ਨਾਲ ਮਨਾਉਣ, ਆਉਣ ਵਾਲੀਆਂ ਸੰਗਤਾਂ ਦੀ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ ਕਰਨ ਬਾਰੇ, ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਵਾਤਾਵਰਣ ਨੂੰ ਹੋਰ ਸਾਫ ਸੁਥਰਾ ਬਣਾਉਣ, ਸੰਗਤਾਂ ਦੇ ਲਿਆਉਣ ਵਾਸਤੇ ਸਵਾਰੀਆਂ ਦੇ ਪ੍ਰਬੰਧ ਬਾਰੇ, ਰਤਵਾੜਾ ਸਾਹਿਬ ਨੂੰ ਆਉਣ ਵਾਲੇ ਰਸਤਿਆਂ ਅਤੇ ਸੜਕਾਂ ਦੀ ਸਫਾਈ ਕਰਨ ਬਾਰੇ, ਲੰਗਰ ਲੋਹਾਂ ਭਾਂਡਿਆਂ, ਟੈਂਟਾਂ, ਦਰੀਆਂ, ਦੁੱਧ ਆਦਿ ਦੇ ਸਾਰੇ ਪ੍ਰਬੰਧ ਬਾਰੇ, ਮਹਾਂਪੁਰਖਾਂ ਵੱਲੋਂ ਲਿਖਤ ਲਿਟਰੇਚਰ ਦੀ ਸਟਾਲ ਅਤੇ ਅੰਮ੍ਰਿਤ ਸੰਚਾਰ ਬਾਰੇ ਮਿਤੀ **10 ਅਕਤੂਬਰ** ਦਿਨ ਐਤਵਾਰ ਨੂੰ **ਦੁਪਿਹਰ 1.00** ਵਜੇ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦਿਵਾਨ ਹਾਲ ਵਿਖੇ ਬਹੁੱਤ ਵੱਡੇ ਪੱਧਰ ਤੇ ਮੀਟਿੰਗ ਕੀਤੀ ਜਾ ਰਹੀ ਹੈ । ਜਿਸ ਵਿੱਚ ਅਨੇਕਾਂ ਸੁਲਝੇ ਹੋਏ ਸੇਵਾਦਾਰਾਂ ਨੇ ਸਮੂਲੀਅਤ ਕਰਕੇ ਆਪਣੇ ਕੀਮਤੀ ਸੁਝਾਅ ਦੇਣੇ ਹਨ ਅਤੇ ਅਨੇਕਾਂ ਅਹਿਮ ਫੈਸਲੇ ਲਏ ਜਾਣੇ ਹਨ ।

ਨੌਵੇਂ ਬਰਸੀ ਸਮਾਗਮ ਸਬੰਧੀ ਟਰਸਟ ਰਤਵਾੜਾ ਸਾਹਿਬ ਨਾਲ ਸਬੰਧਤ ਸਾਰੇ ਹੀ ਮੈਂਬਰ ਸੇਵਾਦਾਰਾਂ ਦੇ ਜਰਨਲ ਇਜਲਾਸ ਅੰਦਰ 22 ਅਕਤੂਬਰ ਰਾਤ 10.00 ਵਜੇ ਪੂਰੀ ਤਰ੍ਹਾਂ ਦੇ ਨਾਲ ਸਾਰੀਆਂ ਸੇਵਾਵਾਂ ਜਿੰਮੇਵਾਰ ਪ੍ਰੇਮੀਆਂ ਦੇ ਸਪੁਰਦ ਕਰ ਦਿਤੀਆਂ ਜਾਣੀਆਂ ਹਨ। ਜਿਨ੍ਹਾਂ ਵੀ ਪ੍ਰੇਮੀਆਂ ਨੂੰ ਮਹਾਂਪੁਰਸ਼ਾਂ ਵੱਲੋਂ ਜੀਵਨ ਦਾਨ ਮਿਲਿਆ ਹੈ, ਉਨ੍ਹਾਂ ਨੇ ਆਪਣੇ ਜੀਵਨ ਵਿੱਚ ਹਰ ਸਾਲ ਬਰਸੀ ਸਮਾਗਮ ਸਮੇਂ ਗੁ. ਰਤਵਾੜਾ ਸਾਹਿਬ ਪਹੁੰਚ ਕੇ ਆਪਣਾ ਨੈਤਿਕ ਫਰਜ ਪੂਰਾ ਕਰਨਾ ਹੁੰਦਾ ਹੈ ਇਸ ਲਈ ਅਸੀਂ ਆਪ ਜੀ ਉਡੀਕ ਅੱਖਾਂ ਵਿਛਾ ਕੇ ਕਰ ਰਹੇ ਹਾਂ ਤਾਂ ਜੋ ਆਪ ਜੀ ਦੀ ਚਰਨ ਧੂੜ ਸਾਡੇ ਮਸਤਕ ਤੇ ਲੱਗੇ ਸਾਨੂੰ ਵੀ ਆਪ ਜੀ ਦੀ ਸੇਵਾ ਦਾ ਇਹ ਸ਼ੁਭ ਅਵਸਰ ਪ੍ਰਾਪਤ ਹੋ ਸਕੇ । ਟਰਸਟ ਰਤਵਾੜਾ ਸਾਹਿਬ ਜਿੰਮੇਵਾਰ ਪ੍ਰਬੰਧਕਾਂ ਨਾਲ ਆਤਮ ਮਾਰਗ ਪਿਹਲੇ ਮੁੱਖ ਪੰਨੇ ਤੇ ਦਿਤੇ ਨੰਬਰਾਂ ਤੇ ਸੰਪਰਕ ਕਰਕੇ ਈਮੇਲ, ਫੈਕਸ ਰਾਹੀਂ ਆਪਣੇ ਆਉਣ ਦੀ ਖਬਰ ਦੇਣ ਦੀ ਕ੍ਰਿਪਾਲਤਾ ਕਰੋ ਤਾਂ ਕਿ ਆਪ ਜੀ ਦੀ ਰਿਹਾਇਸ਼ ਅਤੇ ਸੇਵਾ ਸੰਭਾਲ ਦਾ ਹੋਰ ਵੀ ਚੰਗਾ ਸੁਚੱਜਾ ਪ੍ਰਬੰਧ ਹੋ ਸਕਦਾ ਹੈ।

# ਕਤਿਕਿ ਦੀ ਸੰਗਰਾਂਦ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ*
*ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥ ਅੰਗ - ੨੮੯*

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥*
*ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ ॥*
*ਵਿਚੁ ਨ ਕੋਈ ਕਰਿ ਸਕੈ ਕਿਸ ਥੈ ਰੋਵਹਿ ਰੋਜ ॥*
*ਕੀਤਾ ਕਿਛੂ ਨ ਹੋਵਈ ਲਿਖਿਆ ਧੁਰਿ ਸੰਜੋਗ ॥*
*ਵਡਭਾਗੀ ਮੇਰਾ ਪ੍ਰਭੁ ਮਿਲੈ ਤਾਂ ਉਤਰਹਿ ਸਭਿ ਬਿਓਗ ॥*
*ਨਾਨਕ ਕਉ ਪ੍ਰਭ ਰਾਖਿ ਲੇਹਿ ਮੇਰੇ ਸਾਹਿਬ ਬੰਦੀ ਮੋਚ ॥*
*ਕਤਿਕ ਹੋਵੈ ਸਾਧਸੰਗੁ ਬਿਨਸਹਿ ਸਭੇ ਸੋਚ ॥*
*ਅੰਗ - ੧੩੪*

ਸਾਧਸੰਗਤ ਜੀ! ਚਿੱਤ ਬਿਰਤੀਆਂ ਇਕਾਗਰ ਕਰੋ, ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕੱਤਕ ਦੇ ਮਹੀਨੇ ਸੀ ਸੰਗਰਾਂਦ ਗੁਰੂ ਮਹਾਰਾਜ ਦਾ ਜੋ ਸਿਧਾਂਤ ਹੈ, ਉਸ ਨੂੰ ਸਰਵਣ ਕਰਨ ਵਾਸਤੇ ਆਪਾਂ ਸਾਰੇ ਇੱਥੇ ਇਕੱਤਰ ਹੋਏ ਹਾਂ। ਇਹ ਜੋ ਸੰਸਾਰ ਦੀ ਰਚਨਾ ਹੈ ਇਸਨੂੰ ਕੋਈ ਕੁਛ ਨਹੀਂ ਕਹਿ ਸਕਦਾ, ਜਿਹੋ ਜਿਹੀ ਕਿਸੇ ਨੂੰ ਪ੍ਰਮੇਸ਼ਰ ਨੇ ਬੁੱਧੀ ਦਿੱਤੀ ਹੈ ਓਹੋ ਜਿਹੀ ਹੀ ਗੱਲ ਕਰਦਾ ਹੈ। ਭਾਰਤ ਵਰਸ਼ ਦੇ ਛੇ ਸ਼ਾਸਤਰ ਇਸ ਗੱਲ ਨੂੰ ਲੈ ਕੇ ਤੁਰਦੇ ਨੇ, ਇਸ ਗੱਲ ਨੂੰ ਲੈ ਕੇ ਤੁਰਦੇ ਨੇ ਰਚਨਾ ਕਿਵੇਂ ਹੋ ਗਈ। ਅਖੀਰ ਵੇਦਾਂਤ ਤੋਂ ਬਗੈਰ ਬਾਕੀ ਸਾਰੇ ਇਸ ਨਤੀਜੇ 'ਤੇ ਪਹੁੰਚੇ ਕਿ ਇੱਥੇ ਵਾਹਿਗੁਰੂ ਇਕੱਲਾ ਨਹੀਂ ਹੈ, ਇੱਥੇ ਪ੍ਰਾਕ੍ਰਿਤੀ ਵੀ ਹੈ ਮਾਇਆ ਵੀ ਹੈ, ਇੱਥੇ ਜੀਵ ਵੀ ਹੈ, ਤਿੰਨ ਨੇ ਇਹ। ਵੇਦਾਂਤ ਨੂੰ ਜਦੋਂ ਪੁੱਛਿਆ ਗਿਆ ਉਸ ਨੇ ਕਿਹਾ ਮੈਂ ਨਹੀਂ ਇਹਦੇ ਉਤੇ ਗੱਲ ਕਰਦਾ। ਇਹ ਅਨਰਬਚਨੀ ਹੈ, ਗੱਲ ਕਿਸੇ ਨਿਰਣੇ 'ਤੇ ਨਹੀਂ ਪਹੁੰਚਦੀ। ਵੈਸੇ ਉਸ ਨੇ ਕਿਹਾ ਕਿ ਚਾਹੇ ਮਾਇਆ ਵੀ ਹੋਵੇ, ਚਾਹੇ ਕੁਛ ਹੋਵੇ ਪਰ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੈ। ਦਵੈਤ ਨੂੰ ਇਸ ਥਾਂ ਦੇ ਉਤੇ ਗੁੰਜਾਇਸ਼ ਨਹੀਂ ਹੈ। ਸਾਫ ਗੱਲ ਉਹਨੇ ਵੀ ਨਾ ਕਹੀ। ਮਾਇਆ ਨੂੰ ਮਿਥਿਆ ਤਾਂ ਕਹਿ ਦਿੱਤਾ ਪਰ ਨਾਲ ਅਨਰਬਚਨੀ ਕਹਿ ਦਿੱਤਾ ਕਿ ਇਹਦੇ ਬਾਰੇ ਗੱਲ ਨਹੀਂ ਕਰਨੀ। ਗੁਰੂ ਨਾਨਕ ਪਾਤਸ਼ਾਹ ਨੇ ਜੋ ਬਚਨ ਕੀਤਾ ਹੈ, ਉਨ੍ਹਾਂ ਨੇ ਕਿਹਾ ਹੈ ਕਿ ਇੱਥੇ ਕੋਈ ਵੀ ਨਹੀਂ ਹੈ, ਇੱਥੇ ਦੂਜੇ ਦੀ ਗੁੰਜਾਇਸ਼ ਹੀ ਨਹੀਂ ਹੈ। ਨਾ ਕੋਈ ਹੋਇਆ ਹੈ, ਨਾ ਕੋਈ ਹੋਣਾ ਹੈ, ਨਾ ਕੋਈ ਹੋਵੇਗਾ, ਨਾ ਕੋਈ ਪਹਿਲਾਂ ਸੀਗਾ। ਇੱਕੋ ਤੱਤ ਸੀ ਜਿਹਨੂੰ ਚੇਤਨ ਤੱਤ ਕਹਿੰਦੇ ਨੇ, ਹੋਸ਼ ਹਵਾਸ਼ ਵਾਲਾ ਤੱਤ, ਗਿਆਨ ਵਾਲਾ ਤੱਤ, ਜਿਹੜਾ ਸਭ ਕੁਛ ਜਾਣਦਾ ਹੈ, ਜਿਸ ਤੋਂ ਅੱਗੇ ਕੋਈ ਗੱਲ ਹੀ ਨਹੀਂ ਹੈ। ਵਾਹਿਗੁਰੂ ਜੀ ਬਾਰੇ ਜੇ ਅਸੀਂ 'ਸੈਭੰ' ਦੇ ਬਾਰੇ ਗੱਲ ਕਰਨ ਲੱਗੀਏ, ਅਸੀਂ ਓਨੀਂ ਕੁ ਹੀ ਕਰ ਸਕਦੇ ਹਾਂ ਜਿੰਨੀ ਕੁ ਸਾਡੀ ਬੁੱਧੀ ਵਿਚ ਆਈ ਹੋਈ ਹੈ। ਉਸ ਤੋਂ ਅੱਗੇ ਫੇਰ ਹੈਗਾ। ਜੇ ਉਸ ਤੋਂ ਸਿਆਣੇ ਲਗ ਜਾਣ, ਉਸ ਤੋਂ ਅੱਗੇ ਹੋਰ ਹੈਗਾ। ਮਹਾਰਾਜ ਕਹਿੰਦੇ -

*ਏਤੇ ਕੀਤੇ ਹੋਰਿ ਕਰੇਹਿ ॥*
*ਤਾ ਆਖਿ ਨ ਸਕਹਿ ਕੇਈ ਕੇਇ ॥ ਅੰਗ - ੬*

ਜਿੰਨੇ ਪਹਿਲਾਂ ਗਿਣੇ ਨੇ ਸਾਰੇ ਉਹ ਹੋਣ, ਓਨੇ ਹੀ ਹੋਰ ਹੋਣ ਜਾਣ ਤਾਂ ਵੀ ਨਹੀਂ ਕੋਈ ਕਰ ਸਕਦਾ। infinity ਨੂੰ ਕੋਈ ਵੀ ਨਹੀਂ ਕੁਛ ਕਹਿ ਸਕਿਆ ਕਰਦਾ। ਸਾਰੇ ਜਾਣਦੇ ਨੇ ਪੜ੍ਹੇ ਲਿਖੇ ਬੰਦੇ infinity ਕੀ ਹੁੰਦੀ ਹੈ। ਜਿਸ ਤਰ੍ਹਾਂ ਦੇ ਨਾਲ ਆਪਾਂ ਵੀਹ ਦੇ ਉਤੇ ਛੇ ਨਾਲ ਤਕਸੀਮ ਕਰਨ ਲਗ ਜਾਈਏ, ਜਾਂ ਦਸ ਉਤੇ ਤਿੰਨ ਨੂੰ ਕਰੀਏ। ਪੁਆਇੰਟ ਲਗ ਜਾਏਗਾ, ਤਿੰਨ-ਤਿੰਨ ਆਈ ਜਾਣਗੇ, ਚਾਹੇ ਧਰਤੀ ਦੇ ਦੁਆਲੇ ਚੱਕਰ ਕੱਢ ਲਓ, ਲਿਖ-ਲਿਖ ਕੇ ਅੱਖਰ, ਖਾਤਮਾ ਹੀ ਨਹੀਂ ਹੁੰਦਾ। infinity ਕਹਿ ਦਿੱਤਾ, ਜਿਹਦਾ ਅੰਤ ਨਾ ਹੋਵੇ, ਮਹਾਰਾਜ ਨੇ ਬੇਅੰਤ ਕਹਿ ਦਿੱਤਾ ਇਹਨੂੰ। ਕੋਈ ਨਹੀਂ ਜਾਣਦਾ ਇਹਦਾ ਅੰਤ। ਅਵਤਾਰ ਵੀ ਜਿਹੜੇ ਉਹਦੇ ਭੇਜੇ ਹੋਏ ਨੇ ਉਹ ਵੀ ਉਹਦਾ ਅੰਤ ਨਹੀਂ ਜਾਣਦੇ ਕਿ ਉਹ ਕਿੱਡਾ ਕੁ ਹੈ, ਕਿੰਨਾ ਲੰਮਾ ਚੌੜਾ ਹੈ, ਕਿੱਥੋਂ ਸ਼ੁਰੂ ਹੁੰਦਾ ਹੈ, ਕਿੱਥੋਂ ਬੰਦ ਹੁੰਦਾ ਹੈ। ਮਹਾਰਾਜ ਕਹਿੰਦੇ ਕਿਤੋਂ ਨਹੀਂ ਸ਼ੁਰੂ ਹੁੰਦਾ ਉਹ, ਆਪ ਹੀ ਆਪ ਹੈ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਅੰਗ - ੧*

ਇੱਥੇ ਦੂਜੇ ਦੀ ਗੁੰਜਾਇਸ਼ ਹੀ ਕੋਈ ਨਹੀਂ। ਸਿੱਧਾਂ ਨੇ ਕਿਹਾ ਕਿ ਹੇ ਨਾਨਕ! ਫੇਰ ਦੂਸਰਾ ਆ ਕਿੱਥੋਂ ਗਿਆ? ਕਹਿੰਦੇ ਓਹਦੀ ਆਪਣੀ ਮੌਜ ਹੈ -

*ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥*
*ਅੰਗ - ੧*

ਆਪਣੇ ਆਪ ਨੂੰ ਆਪੇ ਹੀ ਸਾਜ ਕੇ ਏਕੰਕਾਰ ਦਾ ਨਾਉਂ ਦਿੱਤਾ। ਓਅੰਕਾਰ ਸ਼ਬਦ ਧੁਨ ਕੀਤੀ ਤੇ ਆਪਣੇ ਆਪ ਹੀ ਮਾਇਆ ਪੈਦਾ ਕੀਤੀ। ਸਭ ਤੋਂ ਪਹਿਲਾ ਤੱਤ ਜੋ ਮਾਇਆ ਦਾ ਹੈ ਉਹ ਅਹੰਭਾਵ ਹੈ। ਮੈਂ, ਮੇਰਾ, ਦੋ ਚੀਜ਼ਾਂ ਨੇ ਆ ਕੇ ਹਨ੍ਹੇਰਾ ਪਾ ਦਿੱਤਾ। ਇਨ੍ਹਾਂ ਨੇ ਕਰਿਆ ਕੀ, ਇੱਕੋ ਬ੍ਰਹਮ ਨੂੰ ਤਿੰਨ ਹਿੱਸਿਆਂ 'ਚ ਦਿਖਾ ਦਿੱਤਾ। ਉਹ ਕਹਿੰਦੇ, ਇੱਕ ਤਾਂ ਹੈ ਪ੍ਰਮੇਸ਼ਰ, ਨਿਰਾ ਹੀ ਚੇਤਨ, ਜਿਹਦੇ ਬਾਰੇ ਕੁਛ ਕਹਿਆ ਹੀ ਨਹੀਂ ਜਾ ਸਕਦਾ।

*ਨਹੀ ਜਾਨ ਜਾਈ ਕਛੂ ਰੂਪ ਰੇਖੰ॥*
*ਕਹਾ ਬਾਸ ਤਾਂਕੋ ਫਿਰੈ ਕਉਨ ਭੇਖੰ॥*
*ਕਹਾ ਨਾਮ ਤਾਕੋ ਕਹਾ ਕੈ ਕਹਾਵੈ॥*
*ਕਹਾ ਮੈ ਬਖਾਨੋ ਕਹੇ ਮੋ ਨ ਆਵੈ॥ (ਅਕਾਲ ਉਸਤਤਿ)*

ਇੱਕ ਪਾਸੇ ਤਾਂ ਇਹ ਗੱਲਾਂ ਨੇ, ਇੱਕ ਪਾਸੇ ਮਾਰਗ ਹੈ।

ਜਿਹਨੂੰ ਸਾਧਨ ਪੱਖ ਕਹਿੰਦੇ ਨੇ। ਸਾਧਨ ਪੱਖ ਤੇ ਆਤਮ ਮਾਰਗ 'ਤੇ ਬਗੈਰ ਚੱਲਿਆਂ ਤੱਤ ਤੱਕ ਪਹੁੰਚ ਨਹੀਂ ਸਕਦਾ। ਜੇ ਬੁੱਧੀਮੰਡਲ ਅੰਦਾਜ਼ੇ ਨਾਲ ਪਹੁੰਚਦਾ ਹੈ, ਤਾਂ ਮਹਾਰਾਜ ਕਹਿੰਦੇ ਤੂੰ ਬੁੱਝਿਆ ਨਹੀਂ ਹੈ, ਨਹੀਂ ਬੁੱਝਿਆਂ ਤਾਂ ਤੂੰ ਪਸ਼ੂ ਹੀ ਹੈਂ ਅਜੇ। ਬੜੀਆਂ ਔਖੀਆਂ ਗੱਲਾਂ ਨੇ ਇਹ। ਗੱਲਾਂ ਦੇ ਅਸੀਂ ਗਿਆਨੀ ਬਹੁਤ ਵਧੀਆ ਹਾਂ। ਸਾਡੇ ਨਾਲੋਂ ਕੋਈ ਵੀ ਨਹੀਂ ਜ਼ਿਆਦਾ। ਮਹਾਰਾਜ ਕਹਿੰਦੇ ਇਸ ਤਰ੍ਹਾਂ ਨਹੀਂ ਹੁੰਦਾ, specific (ਸਪਸ਼ਟ) ਰਸਤਾ ਹੈ ਇਹ, ਪਹਿਲੇ ਥੱਕ-ਥੱਕ ਕੇ ਹਾਰ ਗਏ, ਗੱਲ ਸਮਝ 'ਚ ਨਹੀਂ ਆਈ। ਖੋਜਦੇ ਤਾਂ ਓਦੋਂ ਤੋਂ ਹੀ ਨੇ ਜਦੋਂ ਤੋਂ ਸੰਸਾਰ ਬਣਿਆ ਹੈ। ਰਸਤੇ ਬੜੇ ਔਖੇ ਨੇ, ਇਹ ਤਾਂ ਨਹੀਂ ਹੈ ਕਿ ਕੋਈ ਪਹੁੰਚਿਆ ਹੀ ਨਹੀਂ, ਐਸੀ ਗੱਲ ਨਹੀਂ ਹੈ। ਗੁਰਮੁਖ ਪਦਵੀ ਜਿਸਨੂੰ ਮਿਲ ਗਈ ਉਹ ਅਭੇਦ ਅਵਸਥਾ 'ਚ ਚਲਿਆ ਗਿਆ। ਪਰ ਉਹ ਚੁੱਪ ਕਰ ਰਹਿੰਦੇ ਨੇ -

***ਹੋਨਿ ਨਜੀਕਿ ਖੁਦਾਇ ਦੈ ਭੇਤੁ ਨ ਕਿਸੈ ਦੇਨਿ ॥***

***ਅੰਗ - ੧੩੮੪***

ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਇੱਥੇ ਪਹੁੰਚਣ ਦਾ ਜਿਹੜਾ ਰਸਤਾ ਹੈ, ਉਹ ਅਕਲ ਨਾਲ ਨਹੀਂ ਹੈ।

***ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥***

***ਅੰਗ - ੧***

ਫਿਲੋਸਫੀਆਂ, ਪੁਸਤਕਾਂ ਪੜ੍ਹਨ ਨਾਲ ਨਹੀਂ ਹੈ, ਨਾ ਇਹ silence (ਚੁੱਪ) ਰਹਿ ਕੇ ਹੈ। silence dead ਹੋ ਜਾਂਦਾ ਹੈ, silence ਤਾਂ ਹੈ ਨਹੀਂ ਵਾਹਿਗੁਰੂ। ਵਾਹਿਗੁਰੂ ਤਾਂ ਕ੍ਰਿਆਸ਼ੀਲ ਹੈ, ਚਾਹੇ ਉਹ ਨਿਰੰਕਾਰ ਹੈ, ਚਾਹੇ ਉਹ ਸਰਗੁਣ ਹੈ, ਚਾਹੇ ਨਿਰਗੁਣ ਹੈ, ਇੱਕ ਬੀਜ ਹੈ। ਕਣਕ ਵੱਢ ਲਈ, ਬੀਜ ਕਣਕ ਦਾ ਬੀਜਣਾ ਹੈ, ਉਹ ਜਿਹੜਾ ਦਾਣਾ ਪਿਆ ਹੈ ਉਹ ਚੁੱਪ ਕਰਕੇ ਨਹੀਂ ਸੀ ਬੈਠਿਆ, ਉਹਦੇ ਵਿੱਚ ਕੋਈ ਵਿਉਂਤਬੰਦੀ ਹੋ ਰਹੀ ਸੀ, ਬਹੁਤ ਕੁਛ ਬਣ ਰਿਹਾ ਸੀ। ਜਿਹੜਾ ਆਂਡਾ ਮੁਰਗੀ ਨੇ ਦੇ ਦਿੱਤਾ, ਉਹ ਚੁੱਪ ਕਰਕੇ ਨਹੀਂ ਗੁੰਮ-ਸੁੰਮ ਬੈਠਾ ਉਹਦੇ ਵਿਚ ਬੜੀ ਭਾਰੀ ਕਿਰਿਆ ਹੋ ਰਹੀ ਸੀ। ਇੱਕ ਸ਼ਕਲ ਬਣ ਕੇ ਵਜੂਦ ਵਿਚ ਆਉਣ ਵਾਸਤੇ ਤਿਆਰ ਹੋ ਰਹੀ ਸੀ। ਥੋੜ੍ਹੇ ਦਿਨਾਂ ਦੀ ਗਰਮੀ ਤੋਂ ਬਾਅਦ, ਜੇ ਪਹਿਲਾਂ ਭੰਨ ਲਓ ਕੁਛ ਵੀ ਨਹੀਂ ਹੈ, ਪਾਣੀ ਜਿਹਾ ਹੈ, ਜੇ ਸਹੀ ਸਮੇਂ 'ਤੇ ਭੰਨੋ ਕਿੰਨਾ ਸੋਹਣਾ ਸੁੰਦਰ ਪੰਛੀ ਬਣ ਗਿਆ, ਅੱਖਾਂ ਨੇ ਚੁੰਝ ਲੱਗੀ ਹੋਈ ਹੈ। ਫੰਘ ਆ ਰਹੇ ਨੇ, ਲੱਤਾਂ ਲਾ ਦਿੱਤੀਆਂ। ਚੋਗੇ ਦਾ ਬੰਦੋਬਸਤ ਕਰ ਦਿੱਤਾ। ਉਹ ਚੁੱਪ ਕਰਕੇ ਨਹੀਂ ਸੀ ਬੈਠਾ ਆਂਡਾ। ਇਵੇਂ ਜਿਵੇਂ ਜੋ ਨਿਰੰਕਾਰ ਹੈ, ਜਦੋਂ ਅਸੀਂ ਕਹਿੰਦੇ ਹਾਂ ਕਿ ਹੁਣ ਇਹ ਨਿਰੰਕਾਰ ਹੈ, ਓਸ ਵੇਲੇ ਇਹ ਨਹੀਂ ਹੈ ਕਿ ਉਹ ਚੁੱਪ ਕਰਕੇ ਬੈਠਾ ਹੈ, ਅਸੀਂ ਉਹਦੀ ਕਿਰਿਆ ਨੂੰ ਜਾਣਦੇ ਹੀ ਨਹੀਂ, ਸਾਡਾ ਵਜੂਦ ਹੀ ਨਹੀਂ। ਅਗੰਮ ਅਗੋਚਰ ਹੈ ਉਥੇ ਤੱਕ ਅਸੀਂ ਪਹੁੰਚ ਨਹੀਂ ਸਕਦੇ। ਜਿੱਥੋਂ ਸਾਡੀ ਜਾਣ-ਪਛਾਣ ਸ਼ੁਰੂ ਹੁੰਦੀ ਹੈ ਨਾ, ਉਹ ਏਕੰਕਾਰ ਤੋਂ ਹੁੰਦੀ ਹੈ। ਪਹਿਲਾਂ ਨਹੀਂ ਹੁੰਦੀ, ਪਹਿਲਾਂ ਅਸੀਂ ਕੋਈ ਨਹੀਂ ਗੱਲ ਜਾਣਦੇ। ਏਕੰਕਾਰ ਤੋਂ ਸਾਨੂੰ ਪਤਾ ਲਗਦਾ ਹੈ।

***ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।***

***ਭਾਈ ਗੁਰਦਾਸ ਜੀ, ਵਾਰ ੨੬/੨***

ਹੁਣ ਏਕੰਕਾਰਹੁ ਕੀ ਹੋਇਆ? ਜਿਹੜਾ ਉਹਦਾ ਵਜੂਦ ਹੈ ਚਾਹੇ ਨਿਰੰਕਾਰ ਸੀ, ਚਾਹੇ ਏਕੰਕਾਰ ਸੀ, ਉਹ ਸਤਿ ਹੈ। ਉਹ ਨਹੀਂ ਕਦੇ ਵੀ ਖਤਮ ਹੁੰਦਾ। ਫੇਰ ਉਹ ਸ਼ਕਤੀ ਹੈ, ਐਉਂ ਨਹੀਂ ਕਿ ਐਵੇਂ ਹੀ ਹਵਾ ਵਰਗਾ ਹੈ ਜਾਂ ਆਕਾਸ਼ ਵਰਗਾ ਹੈ। ਨਾਮ ਸ਼ਕਤੀ ਹੈ ਉਹ। ਨਾਮ ਸ਼ਕਤੀ ਜਿਹੜੀ ਹੁੰਦੀ ਹੈ ਇਹਦੇ ਵਿਚ ਰਚਨਾ ਕਰਨ ਦੀ ਸ਼ਕਤੀ ਹੁੰਦੀ ਹੈ। ਇੱਕ ਤੋਂ ਅਨੇਕ ਹੋ ਜਾਂਦੀ ਹੈ ਇਹ ਨਾਮ ਸ਼ਕਤੀ। ਕਹਿੰਦੇ ਉਹਦੇ ਵਿੱਚੋਂ 'ਨਾਮ' ਦੀ ਧੁਨ ਉਠੀ। ਕਿਸ ਤਰ੍ਹਾਂ ਦਾ ਸ਼ਬਦ ਉਠਿਆ? ਪ੍ਰਾਕ੍ਰਿਤੀ ਤਾਂ ਹੈ ਨਹੀਂ ਸੀ ਉਸ ਵੇਲੇ, ਬਾਅਦ 'ਚ ਬਣੀ ਹੈ। ਉਸ ਵੇਲੇ ਤਾਂ ਏਕੰਕਾਰ ਆਪ ਹੀ ਸੀ। ਕੈਸੀ ਧੁਨ ਹੋਈ ਇਸਨੂੰ ਕੋਈ ਦਸ ਨਹੀਂ ਸਕਦਾ, ਲੇਕਿਨ ਸ਼ਬਦ ਬ੍ਰਹਮ ਕਹਿੰਦੇ ਨੇ।

***ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।***

***ਭਾਈ ਗੁਰਦਾਸ ਜੀ, ਵਾਰ ੨੬/੨***

ਓਅੰਕਾਰ ਉਹਦਾ ਨਾਮ ਰੱਖਿਆ ਤੇ ਆਕਾਰ ਬਣਨੇ ਸ਼ੁਰੂ ਹੋਏ ਬਿਲਕੁਲ complete, ਇਹ ਨਹੀਂ ਕਿ ਬੰਦਾ ਕਰੋੜਾਂ ਸਾਲ ਪੱਥਰ ਜਿਹਾ ਬਣ ਕੇ ਪਿਆ ਰਿਹਾ। ਫੇਰ ਇਹਦੀ ਬਾਂਹ ਹਿੱਲੀ, ਫੇਰ ਦੂਜੀ ਬਾਂਹ ਲੱਗੀ, ਫੇਰ ਲੱਤ ਲੱਗੀ। ਨਹੀਂ -

***ਕੀਤਾ ਪਸਾਉ ਏਕੋ ਕਵਾਉ ॥***
***ਤਿਸ ਤੇ ਹੋਏ ਲਖ ਦਰੀਆਉ ॥*** ***ਅੰਗ - ੩***

ਇੱਕੋ ਸ਼ਬਦ ਹੋਣ ਦੇ ਨਾਲ, ਸਾਰੀ ਹੋਂਦ ਜਿਹੜੀ ਸੀ, ਲੱਖਾਂ ਧਾਰਾਂ ਦੀ ਹੋ ਕੇ ਬਹਿ ਤੁਰੀ। ਇਹ ਨਹੀਂ ਕਿ ਹੌਲੀ-ਹੌਲੀ ਬੰਦਾ ਬਣਿਆ ਹੈ, ਸਾਇੰਸਦਾਨ ਕਹਿੰਦੇ ਨੇ ਕਿ ਆਹਿਸਤਾ-ਆਹਿਸਤਾ ਪਹਿਲਾਂ ਸਮੁੰਦਰ 'ਚ ਆਇਆ, ਫੇਰ ਬਾਹਰ ਨਿਕਲਣ ਲਗ ਗਿਆ, ਫੇਰ ਹੌਲੀ-ਹੌਲੀ ਤੁਰ ਪਿਆ, ਉਹ ਵੀ ਜੂਨਾਂ ਆਪਣੇ ਹਿਸਾਬ ਨਾਲ ਨੇ। ਲੇਕਿਨ ਜੋ ਮਨੁੱਖ ਹੈ ਉਹ ਮਨੁੱਖ ਹੀ ਬਣਿਆ। ਸੋ ਇਸ ਤਰ੍ਹਾਂ ਦੇ ਨਾਲ ਕੋਈ ਕਹਿ ਨਹੀਂ ਸਕਦਾ। ਮਹਿਮਾ ਨੂੰ ਕੋਈ ਜਾਣ ਨਹੀਂ ਸਕਦਾ। ਇਹਦੇ ਵਿੱਚ ਇੱਕ ਤੱਤ ਪਾ ਦਿੱਤਾ ਜਿਸਨੂੰ 'ਮੈਂ' ਤੱਤ ਕਹਿੰਦੇ ਨੇ। ਗੱਲ ਕੁਛ ਵੀ ਨਹੀਂ, ਨਿੱਕੀ ਜਿਹੀ ਹੈ, ਰੌਲਾ ਪਿਆ ਹੋਇਆ ਹੈ ਇਹਦਾ। ਪਤਾ ਨਹੀਂ ਕਿੰਨੀਆਂ ਪੁਸਤਕਾਂ, ਕਿੰਨੇ ਲਿਖਣ ਵਾਲੇ, ਕਿੰਨੇ ਸਾਧੂ ਸੰਤ, ਕਿੰਨੇ ਮਹਾਂਪੁਰਸ਼ ਇੱਕ ਗੱਲ ਕਹਿੰਦੇ ਚਲੇ ਗਏ ਕਿ ਆਹ ਜਿਹੜੀ ਮੈਂ ਪੈ ਗਈ ਨਾ, ਮੈਂ ਦਾ ਭਾਵ ਉਪਜ ਆਇਆ, ਇਹਨੇ ਸਾਰੇ ਕੰਮਾਂ ਦੇ ਨਾਲ ਚੰਮੇੜ ਦਿੱਤਾ। ਇਹ ਅਭਿਮਾਨ ਧਾਰਦਾ ਹੈ, ਕੋਈ ਕੰਮ ਕਰ ਲਏ, ਚਾਹੇ ਮਾੜਾ ਕਰ ਲਏ, ਚਾਹੇ ਚੰਗਾ ਕਰ ਲਏ। ਜੇ ਮਾੜਾ ਕਰੇ ਤੇ ਕਹੇ ਕਿ ਜੀ ਮੈਂ ਨਹੀਂ ਕਰਿਆ, ਮੇਰੇ ਤੋਂ ਤਾਂ ਰੱਬ ਨੇ ਕਰਾਇਆ ਹੈ ਇਹ ਉਹਨੂੰ ਹੀ ਪਤਾ ਹੈ ਕਿ ਮੈਂ ਹੀ ਕਰਿਆ ਹੈ, ਰੱਬ ਨੂੰ ਤਾਂ ਮੈਂ ਜਾਣਦਾ ਹੀ ਨਹੀਂ ਹੈਗਾ। ਆਪੇ ਹੀ ਕਰਦਾ ਹੈ ਤੇ ਰੱਬ ਦਾ ਨਾਮ ਲਾ ਦਿੰਦਾ। ਜਦੋਂ ਮੈਂ ਧਾਰਦਾ ਹੈ, ਉਹਦੇ ਨਾਲ ਇਹਦੇ ਕਰਮ ਕਰੇ ਹੋਏ ਚਿੰਬੜ ਜਾਂਦੇ ਨੇ, ਚਾਹੇ ਅੱਜ ਕਰੇ ਨੇ, ਚਾਹੇ ਹਜ਼ਾਰ ਸਾਲ ਪਹਿਲਾਂ ਕਰੇ ਨੇ। ਚਾਹੇ ਵੀਹ ਹਜ਼ਾਰ ਸਾਲ ਪਹਿਲਾਂ ਕਰੇ ਨੇ। ਉਨ੍ਹਾਂ ਨੂੰ ਕਰਮ ਕਹਿੰਦੇ ਨੇ। ਉਹ ਆਪ ਦਾ ਹੀ ਕੀਤਾ ਹੋਇਆ ਕੰਮ ਹੈ ਜਿਹੜਾ ਅਸੀਂ ਕਰਿਆ, ਕੀਤਾ ਹੋਇਆ ਕੰਮ ਸਾਡੇ ਨਾਲ ਚਿੰਬੜ ਗਿਆ। ਹੁਣ ਜਿਹੜੇ ਤਾਂ ਚੰਗੇ ਕਰੇ ਨੇ ਉਨ੍ਹਾਂ ਦਾ ਫਲ ਤਾਂ ਸੁੱਖ ਦੇ ਵਿਚ ਮਿਲਣਾ ਹੈ,

ਜਿਹੜੇ ਮਾੜੇ ਕਰੇ ਨੇ ਉਨ੍ਹਾਂ ਦਾ ਫਲ ਦੁੱਖ 'ਚ ਮਿਲਣਾ ਹੈ। ਦੁੱਖ ਤੇ ਸੁੱਖ ਦਾ ਜਨਮ ਹੋ ਗਿਆ ਏਥੇ, ਏਥੇ ਹੀ ਮੈਂ ਦਾ ਜਨਮ ਹੋ ਗਿਆ, ਆਪਣੇ ਆਪ ਨੂੰ ਸਮਝ ਗਿਆ। ਹੈ ਤਾਂ ਵਾਹਿਗੁਰੂ ਸੀ ਲੇਕਿਨ ਇਹਦੇ ਭਾਵ ਦੇ ਵਿਚ ਪ੍ਰਤੱਖ ਹੋ ਗਿਆ ਕਿ ਮੈਂ ਅੱਡ ਹਾਂ, ਵਾਹਿਗੁਰੂ ਹੋਰ ਹੈ ਮੈਂ ਹੋਰ ਹਾਂ। ਆਉਂਦਾ ਹੀ ਨਹੀਂ ਹੈ ਸਾਰਾ ਪੜ੍ਹ ਲਓ, ਜਿੰਨਾਂ ਜੀਅ ਕਰਦਾ ਹੈ ਵੇਦ ਪੜ੍ਹ ਲਓ, ਜਿੰਨਾਂ ਜੀਅ ਕਰਦਾ ਹੈ ਉਪਨਿਸ਼ਦਾਂ ਪੜ੍ਹ ਲਓ। ਗੁਰੂ ਗ੍ਰੰਥ ਸਾਹਿਬ ਪੜ੍ਹ ਲਓ। ਇੱਕ lower level ਦਾ ਭਾਵ ਬਣਿਆ ਰਹਿੰਦੇ ਹੈ। ਉੱਚੇ ਪੱਧਰ 'ਤੇ ਨਹੀਂ ਇਹ ਜਾਂਦਾ। ਉਹਦੇ ਵਿਚ ਇਹ ਲੱਗਿਆ ਰਹਿੰਦਾ ਹੈ। ਸੰਤ ਚੁੱਪ ਰਹਿੰਦੇ ਨੇ ਕਿ ਜੇ ਇਨ੍ਹਾਂ ਤੋਂ ਭਗਤੀ ਨਾ ਕਰਾਈ, ਰੱਬ ਇਹ ਬਣ ਨਹੀਂ ਸਕਣੇ ਤੇ ਫੋਕਾ ਜਾਏਗਾ, 'ਅਹੰ ਬ੍ਰਹਮਅਸਵੀ' ਗੱਲ ਕੋਈ ਬਣਨੀ ਨਹੀਂ, ਸਰੀਰ ਦੇ ਵਿਚ ਪੰਜਾਂ ਤੱਤਾਂ ਦਾ ਆਪਣੇ ਆਪ ਨੂੰ ਪੁਤਲਾ ਸਮਝ ਕੇ ਕਹਿਣਾ ਇਹਨੇ ਕਿ ਮੈਂ ਹੀ ਬ੍ਰਹਮ ਹਾਂ, ਤੂੰ ਤਾਂ ਸਰੀਰ ਬਣਿਆ ਬੈਠਾ ਹੈਂ, ਬ੍ਰਹਮ ਕਿੱਥੋਂ ਆ ਗਿਆ। ਉਹ ਚੁੱਪ ਰਹਿੰਦੇ ਨੇ, ਗੱਲ ਨਹੀਂ ਕਰਦੇ, ਆਖਰੀ ਦਮ ਤਕ ਚੁੱਪ ਰਹਿੰਦੇ ਨੇ। ਕਿਸੇ ਨਾਲ ਵੀ ਗੱਲ ਨਹੀਂ ਕਰਦੇ, ਜੇ ਅਧਿਕਾਰੀ ਮਿਲ ਜਾਵੇ ਤਾਂ ਸ਼ਾਇਦ ਗੱਲ ਕਰ ਲੈਣ ਜੇ ਮਿਲੇ, ਫੇਰ ਚੁੱਪ ਰਹਿੰਦੇ ਨੇ। ਸੋ ਇਹ ਜੀਵ ਦਾ ਜਿਹੜਾ ਸਫਰ ਸ਼ੁਰੂ ਹੋਇਆ, ਇਹ ਆਪਣੇ ਆਪ ਨੂੰ ਮੈਂ ਸਮਝਣ ਨਾਲ ਹੋਇਆ। ਜਿੱਥੇ ਮੈਂ ਹੋਏਗਾ, ਉਥੇ 'ਮੇਰੀ' ਜ਼ਰੂਰ ਆਉਣੀ ਹੈ। 'ਮੈਂ' ਹਾਂ ਮੇਰੀ ਦਸਤਾਰ ਹੈ, ਮੇਰੀ ਜੁੱਤੀ ਹੈ, ਮੇਰਾ ਘਰ ਹੈ, ਮੇਰੀ ਕਾਰ ਹੈ, ਮੇਰੇ ਬੱਚੇ ਨੇ, ਉਹ ਜਦ ਇਹ ਮੇਰੇ ਕਹਿੰਦੇ ਹੈ, ਮੇਰੀ ਕਹਿੰਦਾ ਹੈ ਤਾਂ ਇਹਦੇ ਨਾਲ ਇਹਦੀ ਜਿੰਨੀ ਵੀ ਸੋਚ ਹੈ, ਜਿੰਨਾ ਕੁਛ ਕਰਦਾ ਹੈ, ਉਹ ਸਾਰਾ ਚਿੰਬੜ ਜਾਂਦਾ ਹੈ। ਹੁਣ ਪਹਿਲੇ ਦਿਨ ਹੀ ਜਦੋਂ ਚਿੰਬੜ ਗਿਆ, ਪਹਿਲੇ ਜਨਮ ਵਿਚ ਹੀ, ਉਸ ਵੇਲੇ ਉਹਦਾ ਫਲ ਲੈਣ ਵਾਸਤੇ ਕਿਤੇ ਸਵਰਗ 'ਚ ਚਲਾ ਗਿਆ, ਕਿਤੇ ਮਾੜਾ ਕੰਮ ਹੋ ਗਿਆ ਨਰਕ 'ਚ ਚਲਿਆ ਗਿਆ। ਇਸ ਤਰ੍ਹਾਂ ਦੇ ਨਾਲ ਸਾਡਾ ਸਫਰ ਸ਼ੁਰੂ ਹੋ ਗਿਆ। ਇਹਨੂੰ ਗੁਰੂ ਮਹਾਰਾਜ ਨੇ ਇਸ ਭਾਵ ਨੂੰ, ਮੈਂ ਤੇ ਮੇਰੀ ਨੂੰ ਹਉਮੈ ਕਹਿ ਕੇ ਐਸ ਤਰ੍ਹਾਂ ਸਾਨੂੰ ਦੱਸਿਆ ਹੈ -

***ਧਾਰਨਾ - ਜੰਮਦਾ ਤੇ ਮਰਦਾ ਹੈ***
***ਹਉਮੈ ਦਾ ਬੰਨ੍ਹਿਆ ਹੋਇਆ।***

***ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥***

***ਅੰਗ - ੪੬੬***

ਆਹ ਜਿਹੜਾ ਆਪਣੇ ਆਪ ਨੂੰ ਮੈਂ ਸਮਝਣਾ ਹੈ ਨਾ, ਸਾਰੇ ਸਮਝਦੇ ਨੇ। ਪੁੱਛੋ ਤੇਰਾ ਨਾਉਂ ਕੀ ਹੈ? ਕਹਿੰਦੇ ਨੇ ਕਿ ਮੇਰਾ ਨਾਉਂ ਫਲਾਣਾ ਹੈ? ਕਿਹੋ ਜਿਹਾ ਹੈਂ ਤੂੰ ਸ਼ੀਸ਼ੇ ਦੇ ਸਾਮ੍ਹਣੇ ਹੋ ਕੇ ਦਸ ਦਿੰਦਾ ਹੈ ਕਿ ਮੈਂ ਕਿਹੋ ਜਿਹਾ ਹਾਂ। ਤੂੰ ਦੇਖ ਲੈ, ਉਹ ਜਿਹੜਾ ਸ਼ੀਸ਼ੇ ਦੇ ਸਾਮ੍ਹਣੇ ਹੋ ਕਹਿੰਦਾ ਹੈਂ ਨਾ ਕਿ ਮੈਂ ਖੜ੍ਹਾ ਹਾਂ, ਮੈਂ ਸੋਹਣਾ ਲਗਦਾ ਹਾਂ, ਮੇਰਾ ਸਾਫਾ ਸੋਹਣਾ ਹੈ, ਮੇਰੇ ਕੱਪੜੇ ਸੋਹਣੇ ਨੇ। ਪੂਰਨ ਰੂਪ ਦੇ ਅੰਦਰ ਅਗਿਆਨ 'ਚ ਹੁੰਦਾ ਹੈ, ਹਨ੍ਹੇਰੇ 'ਚ, ਕਿੰਨੇ ਹੀ ਮੱਥੇ ਟੇਕ ਲਏ, ਕਿੰਨੇ ਹੀ ਦਾਨ-ਪੁੰਨ ਕਰ ਲਏ, ਤੀਰਥ ਯਾਤਰਾ ਕਰ ਲਏ। ਪੜ੍ਹ-ਲਿਖ ਲਏ, ਜੋ ਜੀਅ 'ਚ ਆਉਂਦਾ ਹੈ ਕਰ ਲਏ। ਉਹਦੀ ਦੂਜੀ ਨਿਸ਼ਾਨੀ ਇਹ ਹੁੰਦੀ ਹੈ ਕਿ ਜੇ ਗੱਲਾਂ ਨਾਲ ਕਹੇ ਕਿ ਅਸੀਂ ਕੁਛ ਨਹੀਂ ਜੀ, ਆਪੇ ਹੀ ਹੈ ਸਭ ਕੁਛ। ਕੁਛ ਨਾ ਕੁਛ ਤਾਂ ਕਹਿਣਾ ਹੀ ਪੈਂਦਾ ਹੈ ਬੋਲੀ ਦੇ ਵਿਚ, ਕੰਮ ਚਲਦਾ ਹੈ ਸੰਸਾਰ ਦਾ। ਜੇ ਉਸ ਨੂੰ ਕੋਈ ਬੁਰੇ ਸ਼ਬਦ ਕਹਿ ਦੇਵੇ, ਘੂਰ ਦੇਵੇ। ਤਾੜਨਾ ਕਰ ਦੇਵੇ ਜਾਂ ਗਾਲ ਵਗੈਰਾ ਕੱਢ ਦੇਵੇ, ਉਹ heart ਹੋ ਜਾਂਦਾ ਹੈ, ਨਾ ਤਾਂ ਉਹਦੇ ਇੱਟ ਮਾਰੀ ਹੈ, ਨਾ ਵੱਟਾ ਮਾਰਿਆ ਹੈ, ਕੁਛ ਨਹੀਂ ਕਰਿਆ, ਕੋਈ ਗੱਲ ਨਹੀਂ ਕਰੀ, ਜੇ ਉਹਦੀ ਪ੍ਰਸੰਸਾ ਕਰ ਦਿੱਤੀ ਉਹ ਬੜਾ ਖੁਸ਼ ਹੋ ਜਾਂਦਾ ਹੈ। ਇਹ ਚੀਜ਼ ਕੀ ਹੋਈ? ਬੋਲਦਾ ਦੂਜਾ ਬੰਦਾ ਹੈ, ਲਗਦਾ ਇਹਨੂੰ ਹੈ। ਉਹ ਜਿਹੜਾ ਲੱਗਿਆ ਨਾ ਪਹਿਲਾਂ, ਗਾਲ੍ਹ ਲੱਗੀ, ਇਹਨੇ ਆਪਣਾ image ਬਣਾਇਆ ਹੋਇਆ ਹੈ ਕਿ ਮੈਂ ਬੜਾ ਰਾਗੀ ਹਾਂ, ਮੈਂ ਬੜਾ ਉੱਚਾ ਗਿਆਨੀ ਹਾਂ, ਮੈਂ ਬਹੁਤ ਕੁਛ ਜਾਣਦਾ ਹਾਂ, ਮੈਨੂੰ ਲੋਕ ਜਾਣਦੇ ਨੇ। ਉਹ ਜਿਹੜਾ ਆਪਣੇ ਆਪ ਨੂੰ ਵਾਧੂ ਦਾ ਬਣਾਇਆ ਹੋਇਆ ਹੈ ਕਿ ਮੈਂ ਆਹ ਹਾਂ, ਮੈਂ ਉਹ ਹਾਂ, ਉਹਦੇ ਵਿਚ ਸੱਟ ਪੈਂਦੀ ਹੈ। ਉਹਨੂੰ ਹਉਮੈ ਦਾ ਕਿਲ੍ਹਾ ਕਹਿੰਦੇ ਨੇ, ਆਤਮਾ ਨੂੰ ਨਹੀਂ ਕੁਛ ਵੀ ਹੁੰਦਾ, ਚਾਹੇ ਸਾਰੀ ਦੁਨੀਆਂ ਵਡਿਆਈਆਂ ਕਰੀ ਜਾਵੇ, ਚਾਹੇ ਸਾਰੀ ਦੁਨੀਆਂ ਨਿੰਦਿਆ ਕਰੀ ਜਾਵੇ। ਘਟਦਾ-ਵਧਦਾ ਹੀ ਨਹੀਂ ਉਹਦੇ ਵਿਚ ਕੁਛ। ਆਤਮਾ ਹੋਰ ਚੀਜ਼ ਹੈ, ਇਹ ਮੈਂ ਭਾਵ ਹੈ, ਇਹ ਜਿੰਨੀ ਦੇਰ ਤੱਕ ਨਹੀਂ ਨਿਕਲਦਾ, ਆਪੇ ਹੀ ਦੇਖ ਲਓ, ਧਰਮ ਦੇ ਵਿਚ ਆਉਣ ਦਾ, ਗੁਰਦੁਆਰੇ ਆਉਣ ਦਾ, ਇੱਕ ਤਾਂ ਮਤਲਬ ਅਸੀਂ ਇਹ ਲੈ ਲੈਂਦੇ ਹਾਂ, ਮਹਾਰਾਜ! ਯਾਤਰਾ ਕਰੀਏ, ਪੁੰਨ ਫਲ ਹੋਏਗਾ, ਕਿਉਂਕਿ ਸਾਡੇ ਪ੍ਰਚਾਰ ਕਰਨ ਵਾਲੇ ਇਹੋ ਜਿਹੀਆਂ ਗੱਲਾਂ ਸੁਣਾਉਂਦੇ ਨੇ। ਗੁਰੂ ਸਾਹਿਬ ਵੀ ਕਹਿੰਦੇ ਨੇ, ਹੁੰਦਾ ਵੀ ਹੈ ਪੁੰਨ, ਇਹ ਨਹੀਂ ਕਿ ਨਹੀਂ ਹੁੰਦਾ। ਪਰ ਉਹ ਚੀਜ਼ਾਂ ਬਹੁਤ ਛੋਟੀਆਂ ਨੇ। ਉਹ ਦੁਆਨੀਆ-ਚੁਆਨੀਆਂ ਰੁਪਈਆਂ 'ਚ, ਖੇਡ ਹੈ, ਪੌਂਡਾਂ ਦੀ ਖੇਡ ਨਹੀਂ ਹੈ। ਪੌਂਡਾਂ ਦੀ ਖੇਡ ਹੁੰਦੀ ਹੈ ਤੱਤ ਬੇਤੇ ਮਹਾਂਪੁਰਸ਼ਾਂ ਦੇ ਕੋਲ। ਉਹ ਸਤਿ ਦੀ ਬਾਤ ਕਹਿੰਦੇ ਨੇ ਲੇਕਿਨ ਧਿਆਨ ਰਖਦੇ ਨੇ ਕਿ ਕਿਸੇ ਪਾਸਿਓਂ ਸਤਿ ਨੰਗਾ ਨਾ ਹੋ ਜਾਵੇ। ਛੁਪਾ ਕੇ ਗੱਲ ਕਰਦੇ ਨੇ। ਬੜਾ ਫਰਕ ਹੈ ਇਹਨੂੰ ਫੜੇਗਾ ਕੌਣ ਬੰਦਾ। ਛੁਪੀ ਹੋਈ ਗੱਲ ਹੈ, ਇਸ਼ਾਰਿਆਂ ਨਾਲ ਗੱਲ ਹੋ ਰਹੀ ਹੈ। ਸੋ ਇਹ ਜਿਹੜਾ ਆਦਮੀ ਦੇ ਮਨ ਦੇ ਵਿਚ ਭਾਵ ਪਿਆ ਹੋਇਆ ਹੈ, ਮੈਂ ਦਾ। ਜੇ ਉਹਨੂੰ ਕੋਈ ਮਾੜੀ ਗੱਲ ਕਹਿ ਦੇਵੇ, ਦੁੱਖ ਮੰਨਦਾ ਹੈ, ਤਾਂ ਸਮਝ ਲਓ ਕਿ ਅਜੇ ਹਉਮੈ ਦੇ ਚੱਕਰ 'ਚ ਹੈ। ਜਿਹੜਾ ਹਉਮੈ ਦੇ ਚੱਕਰ 'ਚੋਂ ਨਿਕਲ ਜਾਂਦਾ ਹੈ, ਉਹਦੇ ਬਾਰੇ ਮਹਾਰਾਜ ਇਸ ਤਰ੍ਹਾਂ ਕਹਿੰਦੇ ਨੇ -

***ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥***
***ਸੁਖ ਸਨੇਹੁ ਅਰੁ ਭੈ ਨਹੀ***
***ਜਾ ਕੈ ਕੰਚਨ ਮਾਟੀ ਮਾਨੈ ॥ ਅੰਗ - ੬੩੩***

ਕਿੰਨੀਆਂ ਗੱਲਾਂ ਕਹਿ ਗਏ, ਜਿਹੜਾ ਦੁੱਖ ਦੇ ਵਿਚ ਦੁੱਖ ਨਹੀਂ ਮੰਨਦਾ ਤੇ ਸੁੱਖ ਦੇ ਨਾਲ ਜਿਹਦਾ ਪਿਆਰ ਨਹੀਂ ਹੈ ਤੇ ਜਿਹੜਾ ਡਰ ਨਹੀਂ ਮੰਨਦਾ। ਇਹ ਇੱਕ ਕੁਆਲਿਟੀ ਹੈ - ***'ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ'*** ਅਗਲਾ ਹੈ, ***'ਕੰਚਨ ਮਾਟੀ ਮਾਨੈ ॥'*** ਸੋਨੇ ਦੀ ਖਿੱਚ ਕੋਈ ਨਹੀਂ ਹੈ, ਮਿੱਟੀ ਲਈ ਨਫਰਤ ਕੋਈ ਨਹੀਂ ਹੈ। ਇੱਕੋ ਜਿਹਾ ਹੀ ਮੰਨਦਾ ਹੈ, ਕਿ ਉਹ ਪੀਲੀ ਮਿੱਟੀ ਹੈ ਇਹ

ਦੂਜੇ ਤਰ੍ਹਾਂ ਦੀ ਮਿੱਟੀ ਹੈ। ਹੈ ਤਾਂ ਇਹ ਵੀ। ਇਹ ਸਗੋਂ ਕਈ ਹਾਲਤਾਂ ਦੇ ਵਿੱਚ ਉਹਦੇ ਨਾਲੋਂ ਕਿਤੇ ਵਧੀਆ ਹੁੰਦੀ ਹੈ, ਜਿਹਨੂੰ ਸੋਨਾ ਅਸੀਂ ਕਹਿੰਦੇ ਹਾਂ। ਸੋਨੇ ਦੇ ਦੇਸ਼ ਵਿਚ ਅਸੀਂ ਪੈਦਾ ਹੋ ਜਾਈਏ, ਸਾਰਾ ਆਇਸਲੈਂਡ ਸੋਨੇ ਦਾ ਹੈ, ਇੱਕ ਦਾਣਾ ਪੈਦਾ ਕਰਕੇ ਦਿਖਾ ਦਿਓ ਉਥੇ। ਕੋਈ ਤਰੀਕਾ ਨਹੀਂ ਕਿ ਸੋਨੇ ਦੇ ਵਿਚੋਂ ਕਣਕ ਜੰਮ ਪਵੇ। ਕਣਕ ਨੇ ਜ਼ਿੰਦਗੀ ਨੂੰ ਜਿਉਂਦਾ ਰਖਣਾ ਹੈ। ਦਾਣੇ ਨੇ ਜੀਉਂਦਾ ਰੱਖਣਾ, ਸਬਜ਼ੀਆਂ, ਵਿਟਾਮਿਨ, ਬੇਅੰਤ ਦਵਾਈਆਂ, ਸਭ ਕੁਛ ਹੀ ਧਰਤੀ 'ਚੋਂ ਆਉਂਦਾ ਹੈ। ਉਹ ਮਿੱਟੀ ਨੂੰ ਬੁਰਾ ਤੇ ਸੋਨੇ ਨੂੰ ਚੰਗਾ ਕਹਿੰਦੇ ਨੇ, ਸੋਨਾ ਤਾਂ ਕਿਸੇ ਕੰਮ ਹੀ ਨਾ ਆਇਆ ਇਹਦੇ ਮੁਕਾਬਲੇ 'ਤੇ। ਉਹ ਜੀਵਨ ਨਹੀਂ ਦੇ ਸਕਦਾ, ਨਾ ਹੀਰੇ ਨਾ ਲਾਲ, ਨਾ ਜਵਾਹਰਾਤ, ਉਹ ਇਹ ਹੈਗਾ ਕਿ ਦੁਨੀਆਂ ਨੇ ਆਪੇ ਹੀ ਮਿੱਥ ਲਿਆ ਕਿ ਇਹ ਸਿੱਕਾ ਹੈ। ਇਹਦਾ ਮੁੱਲ ਬਹੁਤਾ ਹੈ, ਆਪੇ ਹੀ ਪਾ ਲਿਆ ਦੁਨੀਆਂ ਨੇ। ਉਹਦੀ ਖਿੱਚ ਬਣ ਗਈ, ਆਦਮੀ ਮਾਰ ਦਿੰਦਾ ਹੈ ਸੋਨਾ ਹਾਂਸਲ ਕਰਨ ਵਾਸਤੇ। ਪਾਪ ਕਰਦਾ ਹੈ। ਰਿਸ਼ਵਤਾਂ ਲੈਂਦਾ ਹੈ, ਚੋਰੀਆਂ ਕਰਦਾ ਹੈ, ਛਲ ਕਰਦਾ ਹੈ, ਕਪਟ ਕਰਦਾ ਹੈ, ਦੂਜੇ ਦੀ ਜਾਇਦਾਦ ਦਬਦਾ ਹੈ। ਖਿੱਚ ਪਈ-ਪਈ ਹੈ ਇਹਦੀ, ਮਹਾਰਾਜ ਕਹਿੰਦੇ ਉਹ ਨਹੀਂ ਮੰਨਦਾ।

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ ॥*
*ਸੁਖ ਸਨੇਹੁ ਅਰੁ ਭੈ ਨਹੀ*
*ਜਾ ਕੈ ਕੰਚਨ ਮਾਟੀ ਮਾਨੈ ॥ ੧ ॥ ਰਹਾਉ ॥*
*ਨਹ ਨਿੰਦਿਆ ਨਹ ਉਸਤਤਿ ਜਾ ਕੈ*
*ਲੋਭੁ ਮੋਹੁ ਅਭਿਮਾਨਾ ॥*
*ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ ॥*
*ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ ॥*
*ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ*
*ਤਿਹ ਘਟਿ ਬ੍ਰਹਮੁ ਨਿਵਾਸਾ ॥ ਅੰਗ - ੬੩੩*

ਇੱਥੇ ਮਹਾਰਾਜ ਨੇ ਕਿਹਾ ਹੈ ਕਿ ਜੇ ਐਨੀਆਂ ਸ਼ਰਤਾਂ ਪੂਰੀਆਂ ਕਰਦਾ ਹੈ ਤਾਂ ਬ੍ਰਹਮ ਨਿਵਾਸ ਹੋਇਆ ਉਹਦੇ ਹਿਰਦੇ 'ਚ। ਜੇ ਨਹੀਂ ਕਰਦਾ ਤਾਂ ਉਹ ਮੁੱਖ ਗਿਆਨੀ ਹੈ, ਮੋਖਕ ਗਿਆਨੀ। ਮੋਖਕ ਗਿਆਨੀ ਮਹਾਰਾਜ ਕਹਿੰਦੇ ਜੀਉਂਦਿਆਂ 'ਚ ਨਹੀਂ ਹੁੰਦਾ, ਮਰਿਆਂ ਹੋਇਆ 'ਚ ਹੁੰਦਾ ਹੈ।

*ਅਤਿ ਸੁੰਦਰ ਕੁਲੀਨ ਚਤੁਰ*
*ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ*
*ਜਿਹ ਪ੍ਰੀਤਿ ਨਹੀ ਭਗਵੰਤ ॥ ਅੰਗ - ੨੫੩*

ਵਾਹਿਗੁਰੂ ਪਿਆਰ ਹੈ, ਜਿਹਦਾ ਮੈਂ ਭਾਵ ਟੁੱਟ ਗਿਆ, ਉਹ ਵੀ ਨਿਰਾ ਪਿਆਰ ਹੀ ਹੁੰਦਾ ਹੈ। ਵਾਹਿਗੁਰੂ ਦੇ ਨਾਲ ਹੀ ਰਲਿਆ ਹੁੰਦਾ ਹੈ, ਕੋਈ ਦੋ ਨਹੀਂ ਹੁੰਦੇ। ਸੋ ਇਸ ਤਰ੍ਹਾਂ ਸਾਧਸੰਗਤ ਜੀ! ਜਿੰਨਾਂ ਚਿਰ ਮੈਂ ਹੈ -

*ਜਬ ਇਹ ਜਾਨੈ ਮੈ ਕਿਛੁ ਕਰਤਾ ॥ ਅੰਗ - ੨੭੮*

ਦੂਜਾ ਪਾਸਾ ਕੀ ਹੈ ਫੇਰ?

*ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਅੰਗ - ੨੭੮*

ਇਹ ਗੱਲ ਤਾਂ ਮੰਨਦੇ ਹਾਂ ਅਸੀਂ ਕਿ ਮੈਂ ਆਹ ਕਰਦਾ ਹਾਂ ਤਾਂ ਹੁੰਦਾ ਹੈ। ਕਹਿੰਦੇ ਫੇਰ ਕਰੀਏ ਕੀ ਮਹਾਰਾਜ, ਬੜੇ ਅਸੀਂ ਤਾਂ ਚੱਕਰ 'ਚ ਪਾ ਦਿੱਤੇ ਤੁਸੀਂ। ਜੇ ਅਸੀਂ ਨਾ ਕਰੀਏ ਤਾਂ ਕੁਛ ਹੁੰਦਾ ਨਹੀਂ, ਮਹਾਰਾਜ ਕਹਿੰਦੇ -

*ਇਸ ਕਾ ਬਲੁ ਨਾਹੀ ਇਸੁ ਹਾਥ ॥*
*ਕਰਨ ਕਰਾਵਨ ਸਰਬ ਕੋ ਨਾਥ ॥*
*ਆਗਿਆਕਾਰੀ ਬਪੁਰਾ ਜੀਉ ॥*
*ਜੋ ਤਿਸੁ ਭਾਵੈ ਸੋਈ ਫੁਨਿ ਥੀਉ ॥ ਅੰਗ - ੨੭੭*

ਤੇਰੇ ਤੋਂ ਉਹ ਕਰਾ ਰਿਹਾ ਹੈ, ਤੂੰ ਕਿਉਂ ਮੰਨ ਰਿਹਾ ਹੈਂ ਕਿ ਮੈਂ ਕਰ ਰਿਹਾ ਹਾਂ। ਐਨਾ ਹੀ ਰੌਲਾ ਹੈ ਨਾ, ਤੂੰ ਪੂਰੀ ਤਰ੍ਹਾਂ ਨਾਲ ਇਹ ਭਾਵ ਖਤਮ ਕਰ ਦੇ, ਉਸੇ ਵੇਲੇ ਛੁਟ ਜਾਏਂਗਾ। ਜਿੰਨਾਂ ਚਿਰ ਤੇਰੇ ਅੰਦਰੋਂ ਭਾਵ ਖਤਮ ਨਹੀਂ ਹੁੰਦਾ, ਤੂੰ ਬੰਨ੍ਹਿਆਂ ਹੋਇਆ ਹੈਂ। ਬੰਨ੍ਹਿਆਂ ਹੀ ਚੱਲ ਰਿਹਾ ਹੈਂ, ਇੱਕ ਜਨਮ ਲੈ ਲਿਆ, ਦੂਜਾ ਚੱਲ ਰਿਹਾ ਹੈਂ, ਦੂਜਾ ਲੈ ਲਿਆ ਤੀਜੇ 'ਚ ਚਲਿਆ ਗਿਆ। ਕਰੋੜਾਂ, ਅਰਬਾਂ-ਖਰਬਾਂ ਜਨਮ ਤੂੰ ਲੈ ਚੁੱਕਿਆ। ਸੋ ਇਹਦੇ ਨਾਲ ਕੀ ਹੁੰਦਾ ਹੈ, ਇਹਦੇ ਨਾਲ ਵੱਡਾ ਭਾਰੀ ਨੁਕਸ ਇਹ ਹੈ ਕਿ ਜਿਹੜਾ ਕੁਛ ਅਸੀਂ ਕਰਾਂਗੇ, ਚਾਹੇ ਨੇਕ ਕਰੀਏ, ਚਾਹੇ ਬਦ ਕਰੀਏ, ਇਹ ਭਾਵ ਨੇ ਉਹਨੂੰ ਆਪਣੇ ਨਾਲ ਲੈ ਲੈਣਾ ਹੈ, ਕਿਉਂਕਿ ਉਹ ਮੈਂ ਕਰਿਆ ਹੈ, ਉਹਦਾ ਵਾਲੀ-ਵਾਰਿਸ ਹੁਣ ਕੋਈ ਨਹੀਂ ਬਣਦਾ, ਜਿਹੜਾ ਕਰਦਾ ਹੈ ਓਹੀ ਬਣਦਾ ਹੈ। ਉਹ ਫੇਰ ਐਨਾ ਪੱਕਾ ਹੈ ਕਿ ਦਸ ਹਜ਼ਾਰ ਜਨਮ ਲੈ ਲਏ, ਜਦ ਉਹਦੇ ਗੇੜ 'ਚ ਆਏਗਾ, ਇਕ ਦਮ ਉਹਨੇ ਪਛਾਣ ਲੈਣਾ ਹੈ ਕਿ ਆਹ ਹੈ ਜਿਨਹੇ ਇਹ ਕਰਮ ਕਰਿਆ ਸੀ। ਜਿਵੇਂ ਹਜ਼ਾਰ ਗਊ ਹੈ, ਬਾੜੇ ਵਿਚ ਤੁਸੀਂ ਛੱਡ ਦਿੱਤੀ, ਬੱਛਰੂ ਇੱਕ ਪਾਸੇ ਬੰਨ੍ਹੇ ਹੋਏ ਨੇ, ਆਹ ਬੀਕਾਨੇਰ 'ਚ ਇਸੇ ਤਰ੍ਹਾਂ ਕਰਦੇ ਨੇ। ਉਹ ਜਿਹੜੇ ਮਾਲਕ ਨੇ ਉਨ੍ਹਾਂ ਨੂੰ ਨਹੀਂ ਪਤਾ ਕਿ ਆਹ ਜਿਹੜਾ ਬਛੜਾ ਹੈ ਇਹਦੀ ਮਾਂ ਕਿਹੜੀ ਹੈ, ਕਿਉਂਕਿ ਬਹੁਤੀਆਂ ਗਊਆਂ ਹੁੰਦੀਆਂ ਨੇ। ਉਹ ਜਦੋਂ ਬਛੜਾ ਛਡਦੇ ਨੇ, ਉਹ ਇਕ ਦਮ ਸਾਰੀਆਂ ਗਾਈਆਂ 'ਚੋਂ ਹੋ ਕੇ ਆਪਣੀ ਮਾਂ ਨੂੰ ਟੋਲ੍ਹ ਲੈਂਦਾ ਹੈ। ਇਸੇ ਤਰ੍ਹਾਂ ਜਿਹੜਾ ਅਸੀਂ ਕਰਮ ਕਰਦੇ ਹਾਂ, ਇਹ ਸੈਂਕੜੇ ਜਨਮ ਲੰਘ ਜਾਣ ਉਪਰੰਤ ਵੀ ਉਸ ਕਰਤਾ ਨੂੰ ਟੋਲ੍ਹ ਲੈਂਦਾ ਹੈ ਕਿ ਆਹ ਹੈ ਜਿਹਨੇ ਆਹ ਕਰਮ ਕਰੇ, ਇਹਨੂੰ ਮੈਂ ਫਲ ਦੇਣਾ ਹੈ ਚੰਗਾ ਜਾਂ ਦੇਣਾ ਹੈ ਮਾੜਾ। ਇਹ ਆਪਣੇ ਆਪ ਹੀ ਜਿਹੋ ਜਿਹੀ ਜੀਵਨ ਚਾਲ ਚਲਾਉਣੀ ਹੈ, ਇਹਦੇ ਹੱਥ ਵਿਚ ਹੈ। ਜੇ ਅਸੀਂ ਕਹੀਏ ਕਿ ਨੇਕ ਕਰਮ ਕਰ। ਫਸ ਤਾਂ ਫੇਰ ਵੀ ਗਿਆ, ਪਰ ਸੁਖੀ ਰਹੇਗਾ। ਜੇ ਅਸੀਂ ਕਹਿੰਦੇ ਹਾਂ ਕਿ ਬੁਰੇ ਨਾ ਕਰ, ਤਾਂ ਵੀ ਫਸ ਗਿਆ। ਹੁਣ ਕਰਿਆ ਕੀ ਜਾਵੇ, ਇਸ ਚੱਕਰ 'ਚੋਂ ਨਿਕਲਣਾ ਬੜਾ ਮੁਸ਼ਕਲ ਹੈ, ਇਹਨੂੰ ਕਰਮ ਦਾ ਚੱਕਰ ਕਹਿੰਦੇ ਨੇ। ਸਾਨੂੰ ਕਰਮ ਕਰਨ ਦੀ ਸੁਤੰਤਰਤਾ ਹੈ ਸਾਡੇ ਕੋਲ ਜੇ ਅਸੀਂ ਮੈਂ ਧਾਰੀ ਹੋਈ ਹੈ। ਜੇ ਮੈਂ ਨਹੀਂ ਧਾਰੀ ਹੋਈ ਤਾਂ ਹੁਕਮ 'ਚ ਹੋ ਰਿਹਾ ਹੈ ਤਾਂ ਸੁਤੰਤਰਤਾ ਕੋਈ ਵੀ ਨਹੀਂ, ਫੇਰ ਤਾਂ ਜਿਹੜਾ ਹੋਣਾ ਹੈ ਹੋ ਰਿਹਾ ਹੈ -

*ਕਹੁ ਨਾਨਕ ਕਰਤੇ ਕੀਆ ਬਾਤਾ*
*ਜੋ ਕਿਛੁ ਕਰਣਾ ਸੁ ਕਰਿ ਰਹਿਆ ॥ ਅੰਗ - ੪੬੯*

ਪਰ ਇਹ ਅਸੀਂ ਕਿਉਂਕਿ ਮੈਂ ਪਹਿਲਾਂ ਪੈਦਾ ਹੋ ਗਈ ਇਹ ਸਾਡੇ ਗੱਲੋਂ ਲਹਿੰਦੀ ਨਹੀਂ, ਨਾ ਲਹਿਣ ਕਰਕੇ ਕਰਮ ਕਰ ਲਿਆ, ਇਹਨੂੰ ਕਿਰਿਆਮਾਨ ਕਰਮ ਕਹਿੰਦੇ ਨੇ, ਇਹ ਕਰਮ

ਕਰਨਾ ਸਾਡੇ ਹੱਥ ਵਿਚ ਹੈ। ਹੱਥ ਵਿਚ ਕਿਵੇਂ ਹੈ, ਇਹ ਹੁੰਦਾ ਤਾਂ ਆਪੇ ਹੀ ਹੈ, ਜੇ ਨਾ ਤੁਸੀਂ ਕਹੋ ਤਾਂ ਛੁੱਟ ਵੀ ਸਕਦਾ ਹੈ, ਇਹ ਹੁੰਦਾ ਕਿਵੇਂ ਹੈ, ਹਰ ਬੰਦੇ ਦਾ ਸੁਭਾਅ ਹੈ ਉਹਦੇ ਵਿਚ ਰਜੋ ਗੁਣ, ਤਮੋ ਗੁਣ, ਸਤੋ ਗੁਣ ਤਿੰਨ ਲਹਿਰਾਂ ਚਲਦੀਆਂ ਨੇ ਉਹ ਜਿਹੋ ਜਿਹੀ ਲਹਿਰ ਚਲਦੀ ਹੈ, ਪ੍ਰਕ੍ਰਿਤੀ ਦੀ ਉਹਦਾ ਸੁਭਾਅ ਉਹੋ ਜਿਹਾ ਹੋ ਜਾਂਦਾ ਹੈ ਤੇ ਉਹ ਜਿਹੜੇ ਕਰਮ ਕਰਦਾ ਹੈ, ਸੁਭਾਅ ਦੇ ਮੁਤਾਬਿਕ ਕਰਦਾ ਹੈ। ਚੰਗੇ ਵੀ ਤੇ ਮਾੜੇ ਵੀ। ਉਹ ਆਪ ਨਹੀਂ ਕਰਦਾ। ਚੇਤਨ ਤੱਤ ਨਹੀਂ ਕਰਦਾ ਕੁਛ ਵੀ, ਚੇਤਨ ਤੱਤ ਸੱਤਾ ਦਿੰਦਾ ਹੈ। ਇਹ ਕਰਮ ਕੌਣ ਕਰਦਾ ਹੈ, ਕਰਮ ਸੁਭਾਅ ਕਰਦਾ ਹੈ ਸਾਡਾ ਜਿਹੜਾ ਤਿੰਨੋਂ ਗੁਣਾਂ ਦਾ ਹੈ। ਉਹਨੂੰ ਅਸੀਂ ਆਪਣੇ ਨਾਲ ਚੰਬੇੜ ਕੇ ਫੇਰ ਦੁੱਖ ਸੁੱਖ ਦੇ ਭਾਗੀ ਬਣ ਜਾਂਦੇ ਹਾਂ। ਕਰਮ ਤਾਂ ਹੋਣੇ ਹੀ ਨੇ, ਹੁਕਮ ਦੇ ਵਿਚ ਚੱਲਣਾ ਹੈ, ਹਵਾ ਨੇ ਤਾਂ ਚੱਲਣਾ ਹੀ ਹੈ, ਦਰਖਤ ਨੇ ਝੁੱਲਣਾ ਹੈ, ਇਹ ਸੁਭਾਅ ਹੈ, ਨੇਤ ਇਹਨੂੰ ਕਹਿੰਦੇ ਨੇ। ਨੇਤ ਹੈ, ਪਾਣੀ ਨੇ ਨੀਵੇਂ ਦੇ ਪਾਸੇ ਨੂੰ ਰੋੜ੍ਹ ਕੇ ਹੀ ਲਿਜਾਉਣਾ ਹੈ ਖਾਰ ਵੀ ਪਾਉਣੀ ਹੈ। ਅੱਗ ਨੇ ਜਾਲਣਾ ਹੀ ਜਾਲਣਾ ਹੈ, ਉਹਦਾ ਸੁਭਾਅ ਜਾਲਣ ਦਾ ਬਣਿਆ ਹੋਇਆ ਹੈ। ਸੋ ਸੁਭਾਅ ਦੇ ਮੁਤਾਬਿਕ ਆਦਮੀ ਕਰਮ ਕਰਦਾ ਹੈ, ਜੇ ਤਾਂ ਉਹਦੇ ਅੰਦਰ ਗਿਆਨ ਪ੍ਰਜ੍ਵਲਤ ਹੈ, ਫੇਰ ਤਾਂ ਉਹ ਵੀ ਦ੍ਰਿਸ਼ਟਾ ਬਣ ਕੇ ਦੇਖਦਾ ਹੈ। ਵੱਡੇ-ਵੱਡੇ ਸਾਧੂ ਮਹਾਂਪੁਰਸ਼ ਕਰਮ ਕਰਦੇ ਸੀ, ਗੁਰੂ ਸਾਹਿਬ ਨੇ ਸ੍ਰੀ ਸਾਹਿਬ ਚਲਾਈ, ਉਹ ਕਰਮ ਨਹੀਂ ਸੀ ਕਰਦੇ। ਉਹ ਤਾਂ ਹੋ ਰਿਹਾ ਸੀ, ਜੋ ਕੁਛ ਹੋ ਰਿਹਾ ਸੀ ਸੁਭਾਅ ਦੇ ਮੁਤਾਬਿਕ, ਪ੍ਰਕ੍ਰਿਤੀ ਦੇ ਵੇਗ ਦੇ ਮੁਤਾਬਿਕ। ਸੋ ਜਿਹੋ ਜਿਹਾ ਕਰਮ ਕਰਦਾ ਹੈ, ਕਹਿੰਦਾ ਮੈਂ ਕਰਦਾ ਹਾਂ, ਇਹ ਫੇਰ ਜਦੋਂ ਸਰੀਰ ਛੱਡਦਾ ਹੈ, ਕੁਛ ਤਾਂ ਇੱਥੇ ਹੀ ਫਲ ਦਿੰਦੇ ਨੇ। ਹੁਣ ਆਲੂ ਬੀਜਣੇ, ਜਿਹੜਾ ਸੋਧ ਕੇ ਆਲੂ ਬੀਜਦਾ ਹੈ, ਬੀਜ ਸੋਧ ਲਿਆ, ਖੇਤ ਦਾ ਨਦੀਣ ਕੱਢ ਦਿੱਤਾ, ਵਧੀਆ ਮਸ਼ੀਨ ਚਲਾਈ, ਗਹਿਰਾਈ ਦਾ ਧਿਆਨ ਰੱਖਿਆ, ਗਿੱਲ ਦਾ ਧਿਆਨ ਰੱਖਿਆ, ਇਹਦੇ ਕਰਮ ਨੇ ਫਲ ਦੇ ਦੇਣਾ ਹੈ ਦੋ ਤਿੰਨ ਮਹੀਨੇ 'ਚ। ਕਰਮ ਕਰੇ ਹੋਏ ਦਾ ਤਿੰਨ ਮਹੀਨੇ 'ਚ ਫਲ ਆ ਜਾਣਾ ਹੈ। ਬੇਅੰਤ ਆਲੂ ਆ ਜਾਣੇ ਨੇ, ਕਣਕ ਬੀਜੀ, ਹੋਰ ਕੋਈ ਕੰਮ ਕਰਿਆ, ਬੱਚਾ ਪੜ੍ਹਦਾ, ਪੀ.ਐਚ.ਡੀ ਕਰ ਲਈ, ਚੰਗਾ ਪ੍ਰੋਫੈਸਰ ਲਗ ਗਿਆ, ਉਹਨੇ ਕਰਮ ਕਰਿਆ ਸੀ ਕੁਛ ਸਾਲ ਤੇ ਉਹਦਾ ਨਤੀਜਾ ਹੋਇਆ ਕਿ ਉਹਨੂੰ ਉਹਦਾ ਫਲ ਮਿਲਣਾ ਸ਼ੁਰੂ ਹੋ ਗਿਆ। ਕੁਛ ਕਰਮ ਤਾਂ ਅਸੀਂ ਇੱਥੇ ਭੋਗ ਜਾਂਦੇ ਹਾਂ। ਕੁਛ ਸਾਡਾ ਬਕਾਇਆ ਰਹਿ ਜਾਂਦਾ ਹੈ ਬੜਾ ਲੰਮਾ ਚੌੜਾ। ਉਹ ਜਾ ਕੇ ਜਦੋਂ ਅਸੀਂ ਪਹਿਲੇ ਦਿਨ ਹੋਂਦ ਵਿਚ ਆਏ ਹਾਂ। ਓਦਣ ਕੋਈ ਵੀ ਕਰਮ ਸਾਡੇ ਅੰਦਰ ਸਟੋਰ ਦੇ ਵਿਚ ਨਹੀਂ ਸੀਗਾ। ਉਹ ਜਿਹੜੇ ਬਾਕੀ ਬਚ ਗਏ ਉਹ ਰਹਿ ਗਏ, ਉਹ ਅਸੀਂ ਕਰ ਐਨੇ ਲਏ ਹਰ ਵਕਤ ਕਰਮ ਕਰਦੇ ਹਾਂ -

***ਚਿੰਤਤ ਹੀ ਦੀਸੈ ਸਭੁ ਕੋਇ ॥***
***ਚੇਤਹਿ ਏਕੁ ਤਹੀ ਸੁਖੁ ਹੋਇ ॥ ਅੰਗ - ੯੩੨***

ਹਰ ਵਕਤ ਕੋਈ ਨਾ ਕੋਈ ਕਰਮ ਸਾਡੇ ਤੋਂ ਹੋਰ ਰਿਹਾ ਹੈ, ਕੋਈ ਸੋਚਣ ਨਾਲ ਹੋ ਰਿਹਾ ਹੈ। ਕੋਈ ਦੇਖਣ ਨਾਲ ਹੋ ਰਿਹਾ ਹੈ, ਕੋਈ ਸੁਣਨ ਨਾਲ ਹੋ ਰਿਹਾ ਹੈ। ਕਹਿੰਦੇ ਸੁਣਨ ਨਾਲ ਵੀ ਪਾਪ ਲਗਦਾ ਹੈ, ਮਹਾਰਾਜ ਕਹਿੰਦੇ ਹਾਂ ਨਿੰਦਿਆ ਸੁਣੋ, ਪਾਪ ਲੱਗੇਗਾ। ਜ਼ੁਬਾਨ ਦੇ ਨਾਲ ਹੋ ਰਿਹਾ ਹੈ, ਨਿੰਦਿਆ, ਚੁਗਲੀ, ਈਰਖਾ, ਛਲ, ਕਪਟ ਦੀਆਂ ਗੱਲਾਂ ਕਰਦੇ ਹਾਂ। ਸੋ ਉਹ ਜਾ ਕੇ ਸਟੋਰ 'ਚ ਜਮ੍ਹਾਂ ਹੁੰਦੇ ਨੇ। ਹੁਣ ਅਗਲਾ ਜਨਮ ਫੇਰ ਤਿਆਰ ਹੋ ਗਿਆ। ਉਹਦੇ ਵਿਚ ਜਿਨ੍ਹਾਂ ਤੋਂ ਅਸੀਂ ਲੈਣਾ ਦੇਣਾ ਸੀ, ਉਹ ਕਰਮ ਘੜੇ ਜਾਂਦੇ ਨੇ, ਉਹ ਕਰਮ ਘੜ ਕੇ ਕੁਛ ਤਾਂ ਪੁੱਤਰ ਬਣ ਕੇ ਆਉਂਦੇ ਨੇ, ਕੁਛ ਇਸਤ੍ਰੀ ਬਣ ਕੇ ਆਉਂਦੇ ਨੇ, ਕੁਛ ਲੜਕੀਆਂ ਬਣ ਕੇ ਆਉਂਦੇ ਨੇ। ਕੁਛ ਮਾਂ-ਪਿਉ ਬਣ ਕੇ ਆਉਂਦੇ ਨੇ। ਕੁਛ ਉਹ ਉਹਦਾ ਦੂਜਾ ਕਰਮ ਬਣਦਾ ਹੈ ਜਿਹੜੇ ਨੇਕ ਕਰਮ ਨੇ। ਉਹ ਸਾਰੇ ਦੇ ਸਾਰੇ ਚੰਗੇ ਤੇ ਮੰਦੇ ਕਰਮਾਂ ਦਾ ਭਰਾ ਬੰਨ੍ਹ ਕੇ ਇਹਦੇ ਸਿਰ 'ਤੇ ਰੱਖ ਦਿੰਦੇ ਨੇ ਜਾਂ ਐਉਂ ਸਮਝ ਲਓ ਜਿਸ ਜਿਵੇਂ ਤੀਰਾਂ ਦਾ ਭੱਥਾ ਹੁੰਦਾ ਹੈ ਉਹਦੇ ਵਿੱਚ ਜਮ੍ਹਾਂ ਕਰ ਦਿੱਤੇ ਜਾਂਦੇ ਨੇ। ਉਹ ਕਮਾਨ 'ਤੇ ਚੜ੍ਹ ਕੇ ਕਰਮ ਆਪਣੇ ਹਿਸਾਬ ਨਾਲ ਚਲਦੇ ਨੇ। ਕੋਈ ਪਹਿਲੇ ਪੰਜ ਸਾਲ ਦੇ ਵਿਚ ਭੋਗ ਲਿਆ, ਕੋਈ ਦਸ ਸਾਲ 'ਚ ਕੋਈ ਵੀਹ ਸਾਲ 'ਚ ਭੋਗ ਲਿਆ, ਕੋਈ ਵੀਹ ਸਾਲ ਦੇ ਨੇ ਭੋਗਣਾ ਹੈ, ਕੋਈ ਨਾਲਾਇਕ ਬੱਚਾ ਪੈਦਾ ਹੋ ਗਿਆ, ਉਹਨੇ ਵੱਡੇ ਹੋਏ ਨੇ ਭੋਗਣਾ ਹੈ, ਕੋਈ ਰਿਸ਼ਤੇਦਾਰੀ 'ਚ ਦੁਸ਼ਮਣ ਨਿਕਲ ਆਇਆ, ਉਹ ਹਿਸਾਬ ਨਾਲ ਆਉਂਦੇ ਨੇ, ਆਪਣੇ-ਆਪਣੇ ਸਮੇਂ ਨਾਲ ਆਟੋਮੈਟਿਕ ਜਿਵੇਂ ਬਾਣ ਚਲਦੇ ਨੇ ਐਸ ਤਰ੍ਹਾਂ ਕਰਮ ਚਲਦੇ ਨੇ। ਇਨ੍ਹਾਂ ਨੂੰ ਪਰਾਲਬਧ ਕਰਮ ਕਹਿੰਦੇ ਨੇ। ਇਹ ਚੰਗੇ ਵੀ ਹੁੰਦੇ ਨੇ, ਮੰਦੇ ਵੀ ਹੁੰਦੇ ਨੇ। ਗੁਰੂ ਮਹਾਰਾਜ ਉਹਦੇ ਬਾਰੇ ਐਸਾ ਫੁਰਮਾਨ ਕਰਦੇ ਨੇ -

***ਧਾਰਨਾ - ਤੈਸੇ ਹੀ ਭੋਗਦਾ, ਜੈਸੇ ਕੋਈ ਕਰਮ ਕਰਦਾ।***

ਜਿਹੋ ਜਿਹਾ ਕੋਈ ਕਰਮ ਕਰਦਾ ਹੈ, ਉਹ ਉਹਨੂੰ ਅਵੱਸ਼ ਭੋਗਣਾ ਪੈਂਦਾ ਹੈ -

***ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ ॥***
***ਕਹੁ ਨਾਨਕ ਭਗਤ ਸੋਹਹਿ ਦਰਵਾਰੇ***
***ਮਨਮੁਖ ਸਦਾ ਭਵਾਤਿ ॥ ਅੰਗ - ੭੮***

ਮਨਮੁਖਾਂ ਨੇ ਐਸੇ ਕਰਮ ਕਰ ਲਏ ਜਿਹਦੇ ਨਾਲ ਉਹ ਭੁਆਟਣੀਆਂ ਖਾਂਦੇ ਫਿਰਦੇ ਨੇ। ਗੁਰਮੁਖਾਂ ਦੇ ਉਤੇ ਮਿਹਰ ਹੋ ਗਈ, ਗੱਲ ਸਮਝ ਗਏ। ਉਨ੍ਹਾਂ ਨੂੰ ਦਰਬਾਰ ਵਿੱਚ ਸੋਭਾ ਮਿਲਦੀ ਹੈ। ਭੋਗਣਾ ਪੈਂਦਾ ਹੈ। ਐਵੇਂ ਨਾ ਲੋਕਾਂ ਨੂੰ ਦੋਸ਼ ਦਿਓ। ਤੁਹਾਡੇ ਹੀ ਕਰਮ ਬਣ ਕੇ ਆਏ ਹੋਏ ਨੇ। ਇਹ ਸਾਰਾ ਸੰਜੋਗਾਂ ਦਾ ਮੇਲ ਕਰਿਆ ਹੋਇਆ ਹੈ, ਕੋਈ ਇਸਤ੍ਰੀ ਬਣੀ ਹੋਈ ਹੈ, ਕੋਈ ਭੈਣ ਹੈ, ਕੋਈ ਭਾਈ ਹੈ, ਕੋਈ ਦੋਸਤ ਹੈ, ਕੋਈ ਮਿੱਤਰ ਹੈ, ਕੋਈ ਮਾਂ-ਬਾਪ ਹੈ, ਕੋਈ ਰਿਸ਼ਤੇਦਾਰ ਹੈ -

***ਮਾਤ ਪਿਤਾ ਬਨਿਤਾ ਸੁਤ ਬੰਧਪ***
***ਇਸਟ ਮੀਤ ਅਰੁ ਭਾਈ ॥***
***ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ ॥***
***ਅੰਗ - ੭੦੦***

ਆਹ ਜਿਵੇਂ ਨਦੀ ਚਲਦੀ ਹੈ ਪਿਛਲੇ ਪਾਸੇ ਸਾਡੇ (ਰਤਵਾੜਾ ਸਾਹਿਬ) ਇਹ ਜਦੋਂ ਪਾਣੀ ਆਉਂਦਾ ਹੈ ਇਹ ਰੇਤੇ ਨੂੰ ਘੁੰਮਣ-ਘੇਰੀਆਂ ਦੇ ਨਾਲ ਇੱਕ ਥਾਂ ਤੋਂ ਚੁੱਕ ਲੈਂਦੀ ਹੈ। ਦੂਜੇ ਥਾਂ ਛੱਡ ਦਿੰਦੀ ਹੈ। ਦੂਜੇ ਥਾਂ ਤੋਂ ਚੁੱਕ ਕੇ ਤੀਜੇ ਥਾਂ ਛੱਡ ਦਿੰਦੀ ਹੈ। ਇਹ ਸੰਜੋਗ ਤੇ ਵਿਜੋਗ ਦੀ ਕਾਰ ਕਰਦੀ ਚਲੀ ਜਾਂਦੀ ਹੈ।

ਆਹੀ ਹਾਲ ਸਮੇਂ ਦਾ ਹੈ, ਸਮਾਂ ਘੁੰਮਣ-ਘੇਰੀਆਂ ਪਾ ਕੇ, ਜੀਵਾਂ ਨੂੰ ਇੱਕ ਨੂੰ ਚੁੱਕ ਕੇ ਦੂਜੇ ਨਾਲ ਜੋੜ ਦਿੰਦਾ ਹੈ, ਦੂਜੇ ਨੂੰ ਚੁੱਕ ਕੇ ਤੀਜੇ ਨਾਲ ਜੋੜ ਦਿੰਦਾ ਹੈ। ਚੌਥੇ ਨਾਲ ਜੋੜ ਦਿੰਦਾ ਹੈ। ਉਹ ਆਪਣੇ ਹਿਸਾਬ ਨਾਲ ਚਲਦਾ ਰਹਿੰਦਾ ਹੈ, ਵਾਹਿਗੁਰੂ ਇਸ ਲੰਮੇ ਚੌੜੇ ਕੰਮ ਨੂੰ ਜਾਣਦੇ ਨੇ ਐਨਾ ਹੀ ਕਹਿ ਦਿੱਤਾ ਮਹਾਰਾਜ ਨੇ -

***ਜੀਅ ਜੰਤ ਸਭਿ ਖਸਮ ਕੇ ਕਉਣੁ ਕੀਮਤਿ ਪਾਵੈ ॥***

***ਅੰਗ - ੧੧੯੩***

ਕਿਹੜਾ ਹੈ ਜਿਹੜਾ ਇਹਦੀ ਕੀਮਤ ਪਾਵੇ, ਇੱਕ ਗੱਲ ਹੈ ਕਿ ਹੁਕਮ ਦੇ ਵਿਚ ਕਿਰਿਆ ਹੋ ਰਹੀ ਹੈ ਸਾਰੀ। ਭੋਗਣਾ ਪੈਂਦਾ ਹੈ।

ਇੱਥੇ ਗੋਬਿੰਦਗੜ੍ਹ ਇੱਕ ਸੇਠ ਸੀਗਾ। ਉਹ ਸ਼ਰਾਬ ਬਹੁਤ ਪੀਂਦਾ ਸੀ, ਚਰਿੱਤਰ ਦਾ ਵੀ ਚੰਗਾ ਨਹੀਂ ਸੀ। ਜੋ ਮੁਨੀਮ ਸੀ ਉਹ ਉਹਦੇ ਉਤੇ ਬਹੁਤ ਇਤਬਾਰ ਕਰਦਾ, ਉਹ ਉਤੋਂ ਬੜਾ ਮਿੱਠਾ। ਲਗਦਾ ਇਹ ਸੀ ਕਿ ਕੰਮ ਇਹੀ ਚਲਾ ਰਿਹਾ ਹੈ, ਲੇਕਿਨ ਅੰਦਰੋਂ ਬੜਾ ਖੋਟਾ। ਘਰਵਾਲੀ ਉਹਦੀ ਉਹਦੇ ਨਾਲੋਂ ਵੀ ਚਲਾਕ। ਸੇਠ ਨਾਲ ਪੋਲੀਆਂ-ਪੋਲੀਆਂ ਪਿਆਰ ਦੀਆਂ ਗੱਲਾਂ ਕਰ-ਕਰ ਕੇ, power of atrony ਦੇ ਉਤੇ ਦਸਤਖਤ ਕਰਾ ਲਏ। ਉਹ ਸ਼ਰਾਬ ਪੀਂਦਾ ਸੀ, ਪਤਾ ਲੱਗਿਆ ਨਾ, ਤਹਿਸੀਲਦਾਰ, ਦੂਜਿਆਂ ਨਾਲ ਮਿਲ-ਮਿਲਾ ਕੇ ਉਹਦੇ ਦਸਤਖਤ ਕਰਾ ਲਏ। ਉਹਨੇ ਜਦੋਂ ਇੱਕ ਦਮ ਇਹ ਹੋਇਆ ਤਾਂ ਵਸੀਅਤ ਆਪਣੇ ਨਾਮ ਕਰਾ ਲਈ। ਚਾਰ-ਪੰਜ ਸਾਲ ਪਤਾ ਹੀ ਨਾ ਲੱਗਣ ਦਿੱਤਾ। ਉਸ ਤੋਂ ਬਾਅਦ ਇੱਕ ਦਿਨ ਸੇਠ ਕਹਿਣ ਲੱਗਿਆ ਕਿ ਮੁਨੀਮ ਜੀ! ਤੁਸੀਂ ਤਾਂ ਐਉਂ ਗੱਲਾਂ ਕਰਦੇ ਓਂ ਜਿਵੇਂ ਮਾਲਕ ਹੁੰਦੇ ਓਂ। ਕਹਿੰਦਾ, ਮੈਂ ਮਾਲਕ ਹੀ ਹਾਂ। ਕਹਿੰਦਾ, ਹੈਂ! ਤੂੰ ਮਾਲਕ? ਐਡੀ ਗੁਸਤਾਖੀ ਤੇਰੀ? ਕਹਿੰਦਾ, ਦੇਖ ਸੇਠ! ਜੇ ਤੂੰ ਰੋਟੀ ਪਾਣੀ ਖਾਣੀ ਹੈ ਤਾਂ ਇਵੇਂ ਜਿਵੇਂ ਖਾਈ ਜਾਹ। ਇਹ ਵਸੀਅਤ ਤਾਂ ਮੇਰੇ ਨਾਂ ਹੋ ਚੁੱਕੀ ਹੈ, ਦਖਲ ਖਾਰਜ ਹੋ ਗਈ, ਹੁਣ ਮਿਆਦ ਵੀ ਲੰਘ ਗਈ, ਹੁਣ ਨਹੀਂ ਕੁਛ ਬਣ ਸਕਦਾ, ਜਾਹ ਲਾ ਲੈ ਜ਼ੋਰ ਜਿੰਨਾਂ ਲਾਉਣਾ ਹੈ। ਕਹਿੰਦਾ ਹੈਂ! ਤੂੰ ਐਡਾ ਧੋਖਾ ਦਿੱਤਾ? ਕਹਿੰਦਾ, ਇਹ ਤਾਂ ਫੇਰ ਗੱਲ ਹੈ ਜਿਹੜੀ ਚੱਲ ਗਈ ਚਲ ਗਈ। ਉਹ ਸੇਠ ਹਉਕਾ ਲੱਗ ਕੇ, ਦਿਲ ਫੇਲ੍ਹ ਹੋ ਕੇ ਮਰ ਗਿਆ। ਇਹਦੇ ਓਲਾਦ ਕੋਈ ਨਹੀਂ ਸੀ, ਮੁਨੀਮ ਦੇ, ਬੜਾ ਫਿਰਦਾ ਸੀ ਜਗਰਾਤੇ ਕਰਾਉਣੇ, ਕਦੇ ਕੁਛ ਕਰਦਾ ਸੀ, ਕਦੇ ਕੁਛ ਕਰਦਾ ਸੀ। ਦਸ ਕੁ ਮਹੀਨੇ ਬਾਅਦ ਇਹਦੇ ਲੜਕਾ ਹੋ ਗਿਆ, ਬੜਾ ਸੁੰਦਰ ਲੜਕਾ। ਬੜੇ ਪਿਆਰ ਨਾਲ ਪਾਲਿਆ, ਇਕੱਲਾ ਹੀ ਲੜਕਾ ਸੀ। ਲੇਕਿਨ 18 ਸਾਲ ਦੀ ਉਮਰ 'ਚ ਜਾ ਕੇ ਉਹਨੂੰ ਟੀ.ਬੀ. ਹੋ ਗਈ। ਟੀ.ਬੀ. ਹੋਈ ਤਾਂ ਉਸਦਾ ਇਲਾਜ ਸ਼ੁਰੂ ਹੋ ਗਿਆ, ਪੈਸੇ ਵਾਲਾ ਸੀ, ਉਨ੍ਹਾਂ ਦਿਨਾਂ ਵਿਚ ਸਵਿਟਜ਼ਰਲੈਂਡ ਦੇ ਵਿਚ, ਬੈਲਜ਼ੀਅਮ ਵਿਚ ਇਲਾਜ ਹੋਇਆ ਕਰਦਾ ਸੀ ਟੀ.ਬੀ, ਦਾ ਹਰੇਕ ਥਾਂ ਨਹੀਂ ਸੀ ਹੋਇਆ ਕਰਦਾ। ਇਹਨੇ ਉਥੇ ਭੇਜ ਦਿੱਤਾ ਲੜਕਾ, ਬੜਾ ਪੈਸਾ ਖਰਚਿਆ, ਅਖੀਰ ਪੈਸਾ ਮੁੱਕ ਗਿਆ। ਉਹਨੂੰ ਵਾਪਸ ਬੁਲਾ ਲਿਆ, ਬੁਲਾਇਆ ਹੋਇਆ ਤਾਂ ਇਧਰਲੇ ਪਾਸੇ ਮਿੱਲ ਵੀ ਵਿਕ ਗਈ, ਘਰ ਵੀ ਵਿਕ ਗਿਆ। ਇੱਕ ਦਿਨ ਐਸਾ ਆ ਗਿਆ ਕਿ ਹੁਣ ਤਾਂ ਮੰਗ ਕੇ ਲਿਆਉਣਾ ਪੈਣਾ ਹੈ। ਉਸ ਲੜਕੇ ਨੂੰ vision ਆਇਆ ਰਾਤ ਨੂੰ, ਕਈਆਂ ਨੂੰ ਸੁਪਨੇ ਵਿਚ vision ਆਉਂਦਾ ਹੈ, ਕਈਆਂ ਨੂੰ ਭਜਨ ਕਰਨ ਵੇਲੇ ਸਮਾਧੀ ਵੇਲੇ ਆਉਂਦਾ ਹੈ, ਕਈਆਂ ਨੂੰ ਆਵਾਜ਼ ਸੁਣ ਜਾਂਦੀ ਹੈ ਉਪਰਲੀ ਕਿ ਐਸ ਤਰ੍ਹਾਂ ਆਵਾਜ਼ ਆ ਰਹੀ ਹੈ। ਹੁੰਦੀ ਅੰਦਰ ਹੀ ਹੈ। ਉਹਨੇ ਦੇਖਿਆ ਕਿ ਮੈਂ ਇਸ ਮਿੱਲ ਦਾ ਮਾਲਕ ਸੀ, ਮੇਰੇ ਨਾਲ ਧੋਖਾ ਕਰਿਆ, ਮੈਂ ਮਰ ਗਿਆ, ਮੈਂ ਜਦੋਂ ਪੈਦਾ ਹੋਇਆ ਤੇ ਫੇਰ ਹੁਣ ਬੀਮਾਰ ਹੋ ਗਿਆ, ਇਨ੍ਹਾਂ ਦਾ ਸਭ ਕੁਛ ਖਰਚਾਅ ਕੇ ਮੈਂ ਬਦਲਾ ਲੈ ਲਿਆ, ਮੈਂ ਹੁਣ ਜਾਣਾ ਹੈ, ਇਹ ਪਤਾ ਲਗ ਗਿਆ। ਉਹ ਬੜਾ ਹੱਸਿਆ ਲੜਕਾ। ਉਹ ਸੇਠ ਤੇ ਸੇਠਾਣੀ ਬੜੇ ਖੁਸ਼ ਹੋਏ, ਕਹਿੰਦੇ ਬੇਟਾ ਅੱਜ ਤਾਂ ਤੂੰ ਬੜਾ ਖੁਸ਼ ਹੈਂ। ਹਾਂ, ਮੈਂ ਬਹੁਤ ਖੁਸ਼ ਹਾਂ, ਕਹਿੰਦੇ ਮੇਰੇ ਨੇੜੇ ਆਓ ਦੋਵੇਂ ਜਣੇ, ਮੈਨੂੰ ਸੱਚੀਂ-ਸੱਚੀਂ ਗੱਲ ਦਸਣਾ, ਝੂਠ ਨਾ ਬੋਲਣਾ। ਕਹਿੰਦਾ, ਪਾਪਾ! ਇਹ ਮਿੱਲ ਤੇਰੀ ਸੀ, ਸੱਚ ਬੋਲੀਂ।

ਕਹਿੰਦਾ, ਨਹੀਂ।

ਸੇਠ ਦੀ ਸੀ?

ਕਹਿੰਦਾ ਹਾਂ, ਉਹਦੀ ਸੀ।

ਤੂੰ ਸੇਠ ਤੋਂ ਫੇਰ ਕਾਗਜ਼ ਬਣਵਾ ਲਏ?

ਕਹਿੰਦਾ ਹਾਂ।

ਫੇਰ ਉਹਨੂੰ ਦੱਸਿਆ ਤਾਂ ਉਹ ਮਰ ਗਿਆ?

ਕਹਿੰਦਾ ਹਾਂ।

ਫੇਰ ਤੇਰੇ ਲੜਕਾ ਪੈਦਾ ਹੋਇਆ?

ਸਾਰੀ ਗੱਲ ਦਸ ਦਿੱਤੀ ਉਹਨੇ। ਕਹਿੰਦਾ ਲੈ ਸੁਣੋ, ਮੈਂ ਓਹੀ ਸੇਠ ਹਾਂ। ਮੈਂ ਆਪਣਾ ਬਦਲਾ ਲੈਣ ਆਇਆ ਸੀ, ਹੁਣ ਤੁਹਾਡੇ ਕੋਲ ਕੁਛ ਬਚਿਆ ਹੈ? ਕਹਿੰਦੇ, ਬੇਟਾ! ਸਾਡੇ ਕੋਲ ਤਾਂ ਆਪਣਾ ਧਰਮ ਨਹੀਂ ਬਚਿਆ। ਕਹਿੰਦੇ, ਬੇਟਾ ਨਾ ਕਹੋ ਮੈਨੂੰ। ਮੈਂ ਦੁੱਖ ਪਾ ਕੇ ਬਦਲਾ ਲਿਆ ਹੈ ਤੇ ਮੈਂ ਹੁਣ ਮਰ ਜਾਣਾ ਹੈ। ਆਹ ਜਿਹੜੀ ਮੇਰੀ ਮਾਂ ਹੈ ਨਾ ਇਹਨੇ ਬਹੁਤੀ ਚਲਾਕੀ ਕਰੀ ਸੀ, ਇਹ ਕੰਧਾਂ ਨਾਲ ਟੱਕਰਾਂ ਮਾਰ-ਮਾਰ ਕੇ ਮਰੇਗੀ। ਤੂੰ ਵੀ ਕਰੀ ਹੈ, ਤੂੰ ਵੀ ਰੋਂਦਾ ਫਿਰੀਂ। ਰਾਤ ਨੂੰ ਉਹ ਲੜਕਾ ਚੜ੍ਹਾਈ ਕਰ ਗਿਆ। ਬੜਾ ਅਫਸੋਸ ਹੋਇਆ ਸਾਰੇ ਸ਼ਹਿਰ 'ਚ ਕਿ ਇਕੱਲਾ ਹੀ ਲੜਕਾ ਹੈ, ਦੇਖੋ ਕੀ ਹੋਇਆ, ਬਿਰਧ ਹੋ ਗਏ ਨੇ, ਐਨ ਜਵਾਨ ਹੋ ਕੇ ਮਰ ਗਿਆ। ਉਸ ਵੇਲੇ ਪਾਠ ਰੱਖ ਦਿੱਤਾ। ਤੇਰ੍ਹਵੇਂ ਦਿਨ ਭੋਗ ਪਿਆ, ਸਾਰੇ ਬੈਠੇ ਨੇ, ਭੋਗ ਪੈਣ ਤੇ ਬਾਅਦ ਪਰਚੌਣੀ ਇਹਦੇ ਨਾਲ ਕਰਨੀ ਸੀ ਫਾਈਨਲ, ਇਹਨੇ ਕੀ ਕਰਿਆ ਕਿ ਤਵਾ ਚੁੱਕ ਲਿਆਂਦਾ ਚੁੱਲ੍ਹੇ ਤੋਂ, ਪੁੱਠਾ ਕਰ ਲਿਆ, ਉਪਰ ਸਰ੍ਹੋਂ ਦਾ ਤੇਲ ਪਾ ਲਿਆ। ਹੱਥ ਮਲੀਂ ਜਾਂਦਾ ਹੈ ਉਹਦੇ ਉਪਰ, ਹੈਰਾਨ ਹੋ ਗਏ ਸਾਰੇ ਕਿ ਸੇਠ ਹੱਥ ਕਿਉਂ ਮਲੀਂ ਜਾਂਦਾ ਹੈ। ਐਨ ਕਾਲੇ ਕਰ ਲਏ। ਜਦੋਂ ਗੱਲਬਾਤ ਕਰਨ ਲੱਗੇ ਇਹਨੇ ਦੋਵੇਂ ਹੱਥ ਮੂੰਹ 'ਤੇ ਮਲ ਕੇ, ਮੂੰਹ ਕਾਲਾ ਕਰ ਲਿਆ। ਕਹਿੰਦੇ, ਸੇਠ ਜੀ! ਆਹ ਕੀ ਕਰ ਲਿਆ ਤੁਸੀਂ। ਕੋਈ ਨੀਂ ਤੁਸੀਂ ਰੱਬ ਦਾ ਭਾਣਾ ਮੰਨੋ, ਚੁੱਪ ਕਰ ਰਿਹਾ, ਬਹੁਤ ਸਮਝਾਇਆ। ਕਹਿੰਦਾ ਲਓ, ਸੁਣੋ ਮੈਂ ਕਾਲਾ ਮੂੰਹ ਕਿਉਂ ਕਰਿਆ ਹੈ। ਬਜ਼ੁਰਗ ਜਾਣਦੇ ਨੇ ਕਿ ਇਹ ਸੇਠ ਦੀ ਮਿੱਲ ਸੀ, ਮੈਂ ਤੇ ਮੇਰੀ ਘਰਵਾਲੀ ਨੇ ਰਲ ਕੇ ਉਹਨੂੰ ਧੋਖਾ ਦਿੱਤਾ। ਸਾਡੇ ਨੂੰਹ ਆ ਗਈ, ਇਹ ਬੱਚਾ

ਹੋ ਗਿਆ, ਇਹਨੂੰ ਅਸੀਂ ਬਹੁਤ ਪਿਆਰ ਕੀਤਾ। ਪੜ੍ਹਾਇਆ, ਲਿਖਾਇਆ, ਜਦੋਂ ਬਿਮਾਰ ਹੋਇਆ ਤਾਂ ਯੂਰਪ ਦੇ ਵਿਚ ਭੇਜਿਆ ਇਲਾਜ ਕਰਾਉਣ ਵਾਸਤੇ। ਹੁਣ ਪੈਸੇ ਮੁੱਕੇ ਅਸੀਂ ਇਹਨੂੰ ਵਾਪਸ ਬੁਲਾ ਲਿਆ। ਤੁਹਾਨੂੰ ਪਤਾ ਹੈ ਕਿ ਮਿੱਲ ਵੀ ਵਿਕ ਗਈ, ਘਰ ਵੀ ਵਿੱਕ ਗਿਆ, ਗਹਿਣੇ ਵੀ ਵਿਕ ਗਏ ਕੁਛ ਨਹੀਂ ਸਾਡੇ ਕੋਲ। ਬਿਲਕੁਲ ਕੰਗਾਲ ਹੋ ਗਏ। ਹੁਣ ਪਿਆਰਿਓ! ਦੁਨੀਆਂ ਨੂੰ ਕਿਵੇਂ ਪਤਾ ਲੱਗੇਗਾ ਕਿ ਧੋਖਾ ਦੇਣ ਦਾ ਫਲ ਕੀ ਹੁੰਦਾ ਹੈ। ਕਹਿੰਦਾ, ਮੈਂ ਦੁਨੀਆਂ 'ਚ ਦਸਣਾ ਹੈ ਕਿ ਦੇਖੋ ਮਾੜਾ ਕਰਮ ਨਾ ਕਰਿਓ। ਉਹ ਇਕ ਆਵਾਜ਼ ਦਿੰਦਾ ਹੁੰਦਾ ਸਾਡੇ ਪਿੰਡਾਂ 'ਚ, ਸਵੇਰੇ-ਸਵੇਰੇ ਸਾਡੇ ਪਿੰਡਾਂ 'ਚ ਆਉਂਦਾ ਹੁੰਦਾ ਸੀ, ਉਹਨੇ ਆਵਾਜ਼ ਦੇਣੀ 'ਕੀਤਾ ਨਹੀਂ ਤਾਂ ਕਰਕੇ ਦੇਖ ਲਓ' ਲੋਕਾਂ ਨੇ ਉਹਨੂੰ ਜਲ ਪਾਣੀ ਵੀ ਪਿਲਾਉਣਾ, ਰੋਟੀ ਵੀ ਖਿਲਾਉਣੀ ਕਿ ਸੰਤ ਹੈ, ਪਰ ਗੱਲ ਨਹੀਂ ਪਤਾ ਲਗਦੀ ਕਿ ਕੀ ਕਹਿੰਦੇ ਨੇ। ਇੱਕ ਦਿਨ ਉਹ ਚੰਡੀਗੜ੍ਹ ਆਏ ਹੋਏ ਸੀ, ਹਰਬੰਸ ਸਿੰਘ ਦੁਆਬੀਏ ਨਾਲ ਜਾ ਰਹੇ, ਉਹ ਬੜਾ ਪੈਰੀਂ ਹੱਥ ਲਾਵੇ। ਉਹ ਕਹਿੰਦੇ ਦੁਆਬੀਆ! ਗੱਲ ਸੁਣ ਪੈਰੀਂ ਨਾ ਮੇਰੇ ਹੱਥ ਲਾ। ਕਹਿੰਦਾ, ਤੁਸੀਂ ਤਾਂ ਬਹੁਤ ਸੰਤ ਓਂ, ਜਿਨ੍ਹਾਂ ਨੇ ਆਪਣੇ ਜੀਉਂਦੇ-ਜੀਉਂਦੇ ਹੀ ਆਪਣੀ ਖ਼ੂਬਸੂਰਤੀ ਜਿਹੜੀ ਹੈ ਕਾਲਾ ਮੂੰਹ ਕਰਕੇ ਖਰਾਬ ਕਰ ਲਈ। ਕਹਿੰਦਾ, ਮੈਂ ਨਹੀ ਐਵੇਂ ਹੀ ਨਹੀਂ ਕਰਿਆ। ਬਹਿ ਜਾ ਤੈਨੂੰ ਮੈਂ ਗੱਲ ਸੁਣਾਵਾਂ। ਮੈਂ ਸੰਤ ਨਹੀਂ, ਮੈਂ ਧੋਖਾ ਕਰਿਆ ਸੀ, ਇਸ ਕਰਕੇ ਮੈਂ ਦੁਨੀਆਂ ਨੂੰ ਦਸਦਾ ਫਿਰਦਾ ਹਾਂ ਕਿ 'ਕੀਤਾ ਨਹੀਂ ਤਾਂ ਕਰਕੇ ਦੇਖ ਲਓ', ਕੀਤਾ ਨਹੀਂ ਤਾਂ ਕਰਕੇ ਦੇਖ ਲਓ।

ਸੋ ਕਰਮ ਹੈ ਸਾਧਸੰਗਤ ਜੀ! ਕਰਮ ਨੇ ਹਰ ਹਾਲਤ ਵਿਚ ਫਲ ਦੇਣਾ ਹੈ। ਜੇ ਕੋਈ ਕਹਿੰਦਾ ਹੈ ਜੀ ਇਹਨੇ ਬੜੇ ਪਾਪ ਕਰੇ ਨੇ, ਇਹਨੂੰ ਤਾਂ ਕੁਛ ਨਹੀਂ ਹੋਇਆ। ਉਹਦੇ ਐਨੇ ਜਮ੍ਹਾਂ ਹੋ ਗਏ ਉਹਦੇ ਨਾਲ ਇਹੋ ਜਿਹੀ ਹੋਣੀ ਹੈ ਜਿਹੜੀ ਉਹ ਯਾਦ ਰੱਖੇ।

ਪਾਂਡਵਾਂ ਦਾ ਯੁੱਧ ਹੋਇਆ ਤਾਂ ਕੌਰਵ ਸਾਰੇ ਮਰ ਗਏ। ਉਸ ਤੋਂ ਬਾਅਦ ਕ੍ਰਿਸ਼ਨ ਮਹਾਰਾਜ ਗਏ ਪਰਚੌਣੀ ਕਰਨ। ਉਹ ਕਹਿਣ ਲੱਗਿਆ, ਦੇਖੋ ਮਹਾਰਾਜ! ਮੇਰੇ ਪੁੱਤਰ ਯੁੱਧ 'ਚ ਮਰੇ ਨੇ। ਮੇਰੇ ਨਾਲ ਨਜ਼ਾਇਜ਼ ਹੋਈ ਹੈ, ਉਹ ਕਹਿੰਦੇ ਤੈਨੂੰ ਕਿਵੇਂ ਪਤਾ ਹੈ, ਕਹਿੰਦੇ, ਮੈਂ ਸੌ ਜਨਮ ਤੱਕ ਜਾਣਦਾ ਹਾਂ ਕਿ ਸੁਰਤੀ ਸੁਖਮਨਾ ਨਾੜੀ 'ਚ ਹੈ। ਇਸ ਕਰਕੇ ਮੈਨੂੰ ਸੌ ਜਨਮ ਦਾ ਗਿਆਨ ਹੈ। ਸੌ ਜਨਮ 'ਚ ਨਹੀਂ ਦੇਖਿਆ, ਕਹਿੰਦਾ ਨਹੀਂ। ਕਹਿੰਦੇ, ਇੱਕ ਸੌ ਸਤਵਾਂ ਜਨਮ ਦਿਖਾਉਂਦੇ ਹਾਂ ਤੈਨੂੰ। ਉਹਦੇ 'ਚ ਕੀ ਦੇਖਦਾ ਹੈ ਕਿ ਉਹਨੇ ਹੰਸਾਂ ਦੇ ਬੱਚੇ ਪਾਲੇ ਹੋਏ ਨੇ। ਹੰਸਾਂ ਦਾ ਸੌ ਬੱਚਾ ਸੀ। ਇੱਕ ਦਿਨ ਮਾਸ ਨਾ ਮਿਲਿਆ, ਮੀਂਹ ਪੈਂਦਾ ਸੀ, ਰਾਜਾ ਕਹਿਣ ਲੱਗਿਆ, ਬਈ ਹੰਸ ਬਣਾਓ। ਜਦੋਂ ਹੰਸ ਬਣਾਇਆ, ਉਹ ਸੁਆਦ ਲੱਗਿਆ, ਕਹਿੰਦਾ ਰੋਜ਼ ਇਹੀ ਬਣਾਓ, ਤਿੰਨ ਮਹੀਨੇ 'ਚ ਸਾਰੇ ਹੀ ਖਾ ਗਿਆ। ਜਦੋਂ ਉਨ੍ਹਾਂ ਦੇ ਮਾਂ-ਬਾਪ ਆਏ ਕਿ ਉਨ੍ਹਾਂ ਨੇ sense ਕਰ ਲਿਆ ਕਿ ਬੱਚੇ ਤਾਂ ਹੈ ਨਹੀਂ, ਇਹ ਤਾਂ ਖਾ ਗਿਆ ਸਾਡੇ ਬੱਚੇ, ਉਹ ਉੱਤੇ ਹੀ ਉਡਦੇ ਰਹੇ ਇਹਦੇ ਮਹਿਲਾਂ ਦੇ। ਤੜਫ-ਤੜਫ ਕੇ ਦੋਹਾਂ ਨੇ ਜਾਨ ਦੇ ਦਿੱਤੀ। ਕਿਉਂਕਿ ਹੰਸ ਤੇ ਸਾਰਸ, ਇਹ ਦੋ ਪੰਛੀ ਨੇ ਜਿਹੜੇ ਵਿਛੋੜਾ ਨਹੀਂ ਸਹਿ ਸਕਦੇ। ਸਾਡੇ ਫਾਰਮਾਂ 'ਚ ਹੁੰਦੀਆਂ ਸੀ ਸਾਰਸਾਂ, ਜੇ ਗਿੱਦੜ ਨੇ ਬੱਚਾ ਖਾ ਲਿਆ, ਮਰ ਜਾਂਦੀਆਂ ਘੁੰਮ-ਘੁੰਮ ਕੇ, ਜੇ ਇੱਕ ਨੂੰ ਖਾ ਲਿਆ ਦੂਜਾ ਮਰ ਜਾਂਦਾ ਸੀ। ਬਹੁਤਾ ਪਿਆਰ ਹੈ ਇਨ੍ਹਾਂ ਦਾ ਆਪਸ ਵਿੱਚ। ਉਹ ਸਾਰਾ ਨਜ਼ਾਰਾ ਦਿਖਾ ਦਿੱਤਾ।

ਕਹਿੰਦੇ, ਸੌ ਬੱਚਾ ਖਾਧਾ ਸੀ?

ਕਹਿੰਦਾ ਹਾਂ।

ਕਹਿੰਦੇ, ਤੇਰੇ ਕਿੰਨੇ ਸੀ?

ਕਹਿੰਦਾ, ਸੌ।

ਕਹਿੰਦੇ, ਫੇਰ ਹੋ ਗਿਆ ਨਾ ਬਰਾਬਰ।

ਕਹਿੰਦੇ ਫੇਰ ਮੈਂ ਜਮਾਂਦਰੂ ਅੰਨਾ ਕਿਉਂ ਹਾਂ ਜਮਾਂਦਰੂ। ਕਹਿੰਦਾ 104ਵਾਂ ਜਨਮਾਂ ਦੇਖ। ਬੱਚਿਆਂ ਦੇ ਨਾਲ ਖੇਲ੍ਹਦਾ ਫਿਰਦਾ ਹੈਂ, ਬੱਚੇ ਅੱਕ ਟਿੱਡਾ ਫੜਦੇ ਨੇ, ਇਹਨੇ ਵੀ ਫੜ ਲਿਆ, ਕੋਈ ਕੁਛ ਕਰਦਾ ਹੈ, ਕੋਈ ਕੁਛ, ਬੱਚੇ ਸ਼ਰਾਰਤੀ ਹੁੰਦੇ ਨੇ ਆਪਣੇ ਸੁਭਾਅ ਦੇ ਮੁਤਾਬਿਕ। ਇਹਨੇ ਸੂਲ ਤੋੜੀ, ਦੋਵੇਂ ਅੱਖਾਂ ਦੇ ਸਾਰ-ਪਾਰ ਲੰਘਾ ਕੇ ਉਤੇ ਨੂੰ ਮਾਰਿਆ ਵਗਾਹ ਕੇ। ਉਹ ਤੜਫ-ਤੜਫ ਕੇ ਮਰ ਗਿਆ। ਕਹਿੰਦੇ ਕਿਉਂ ਰਾਜਨ! ਜੀਵ ਤਾਂ ਵਾਹਿਗੁਰੂ ਦਾ ਸੀ, ਹੁਣ ਦੇਖ ਲੈ 104 ਜਨਮ ਬਾਅਦ ਤੈਨੂੰ ਇਹ ਵੀ ਫਲ ਮਿਲ ਗਿਆ। ਇਹ ਤਾਂ ਜਿਹੜਾ ਫਲ ਹੈ ਇਹ ਤਾਂ ਭੋਗਣਾ ਹੀ ਪੈਣਾ ਹੈ। ਕਹਿੰਦਾ, ਐਨਾ ਚਿਰ ਕਿਉਂ ਲੱਗਿਆ, ਓਦੋਂ ਹੀ ਭੋਗ ਲੈਂਦਾ। ਕਹਿੰਦੇ, ਜਦ ਵਾਰੀ ਨਹੀਂ ਸੀ ਆਈ, ਤੇਰੇ ਪੁੰਨਾਂ ਦੀ ਵਾਰੀ ਸੀ। ਹੁਣ ਚੱਕੀ ਤੇ ਆਟਾ ਪਿਹਾਉਣ ਜਾਈਏ, ਉਥੇ ਚੱਕੀ ਵਾਲਾ ਕਣਕ ਪੀਂਹਦਾ ਸੀ, ਉਹਨੂੰ ਕਹਿੰਦੇ ਹਾਂ ਕਿ ਮੱਕੀ ਪੀਹ ਦੇ ਉਹ ਪੀਂਹਦਾ ਹੀ ਨਹੀਂ, ਉਹ ਕਹਿੰਦਾ ਹੈ ਵਾਰੀ ਆਏਗੀ, ਫੇਰ ਪੀਂਹਵਾਂਗੇ। ਕਹਿੰਦੇ, ਤੇਰੇ ਪੁੰਨਾਂ ਦੀ ਵਾਰੀ ਸੀ ਤੇ ਹੁਣ ਆ ਕੇ ਪਾਪਾਂ ਦੀ ਵਾਰੀ ਆਈ। ਪਾਪਾਂ ਨੇ ਤੇਰਾ ਸੌ ਪੁੱਤ ਵੀ ਲੈ ਲਿਆ ਤੇ ਜਮਾਂਦਰੂ ਅੰਨ੍ਹਾ ਵੀ ਕੀਤਾ। ਰਹਿੰਦੀ ਦੁਨੀਆਂ ਤੱਕ ਬਦਨਾਮ ਹੋ ਗਿਆ। ਤੈਨੂੰ ਕਿਸੇ ਨੇ ਵੀ ਚੰਗਾ ਨਹੀਂ ਕਹਿਣਾ, ਕਿਉਂਕਿ ਤੂੰ ਆਪਣੇ ਭਰਾ ਦਾ ਰਾਜ ਧੋਖੇ ਨਾਲ ਆਪ ਕਰਨ ਲਗ ਗਿਆ। ਉਹਦੇ ਪੁੱਤਰਾਂ ਨੂੰ ਕੱਢ ਦਿੱਤਾ। ਉਹਦਾ ਨਤੀਜਾ ਇਹ ਹੋਇਆ, ਸਾਰਾ ਤੇਰੇ ਸਿਰ ਪਿਆ ਹੈ ਜਿਹੜਾ ਮਹਾਂਭਾਰਤ ਦਾ ਯੁੱਧ ਹੋਇਆ ਹੈ। ਸੋ ਮਹਾਰਾਜ ਕਹਿੰਦੇ –

***ਦੋਸੁ ਨ ਦੀਜੈ ਕਾਹੂ ਲੋਗ ॥***
***ਜੋ ਕਮਾਵਨੁ ਸੋਈ ਭੋਗ ॥***
***ਆਪਨ ਕਰਮ ਆਪੇ ਹੀ ਬੰਧ ॥***
***ਆਵਨੁ ਜਾਵਨੁ ਮਾਇਆ ਧੰਧ ॥        ਅੰਗ - ੮੮੮***
***ਧਾਰਨਾ -   ਫਲ ਦਿੱਤਿਆਂ ਬਾਜ ਨਹੀਂ ਜਾਣਾ,***
***ਤੇਰਿਆਂ ਕਰਮਾਂ ਨੇ ਪਿਆਰਿਆ।***

***ਦਦੈ ਦੋਸੁ ਨ ਦੇਊ ਕਿਸੈ***
***ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥      ਅੰਗ - ੪੩੩***

ਵਾਹਿਗੁਰੂ ਨਾ ਚੰਗੇ ਕਰਮਾਂ ਨਾਲ ਤੁਅੱਲਕ ਰਖਦਾ ਹੈ ਨਾ ਮਾੜਿਆਂ ਨਾਲ ਰਖਦਾ ਹੈ। ਨਾ ਵਾਹਿਗੁਰੂ ਕਿਸੇ ਨੂੰ ਦੁੱਖ ਦਿੰਦਾ

ਹੈ, ਨਾ ਸੁਖ ਦਿੰਦਾ ਹੈ। ਸਾਡੀ ਭਾਵਨਾ ਹੈ, ਇਸ ਤਰ੍ਹਾਂ ਪਰਪੱਕ ਹੋ ਗਈ, ਲੇਕਿਨ ਵਾਹਿਗੁਰੂ ਨਹੀਂ ਕਿਸੇ ਨੂੰ ਵੀ ਦੁੱਖ-ਸੁਖ ਦਿੰਦਾ। ਵਾਹਿਗੁਰੂ ਨੇ ਹੁਕਮ ਦੀ ਕਿਰਿਆ ਕਰੀ ਹੈ, ਕਰਮ ਹੁਕਮ ਦੇ ਵਿਚ ਚਲਦੇ ਨੇ। ਜਿਹੋ ਜਿਹਾ ਕੋਈ ਕਰਦਾ ਹੈ, ਓਹੋ ਜਿਹਾ ਭਰਦਾ ਹੈ। ਜਿਹੋ ਜਿਹਾ ਕੋਈ ਬੀਜਦਾ ਹੈ ਓਹੋ ਜਿਹਾ ਹੀ ਵੱਢਦਾ ਹੈ।

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ ਅੰਗ - ੧੩੪*

ਦਸਦੇ ਨੇ, ਭਗਤ ਤ੍ਰਿਲੋਚਨ ਹੋਏ ਨੇ। ਬੜੀ ਬੰਦਗੀ ਕਰੀ ਉਨ੍ਹਾਂ ਨੇ। ਅਮੀਰ ਸੀਗੇ। ਲੇਕਿਨ ਆਪ ਦੇ ਓਲਾਦ ਨਹੀਂ ਸੀ ਹੋਈ। ਘਰਵਾਲੀ ਜਿਹੜੀ ਸੀ ਬਹੁਤ ਸਖਤ ਸੀ ਉਨ੍ਹਾਂ ਦੀ। ਉਹਨੇ ਹਰ ਕਿਸੇ ਦੇ ਵਿਚ ਦੋਸ਼ ਕੱਢਣਾ, ਭਗਤ ਜੀ ਜਦੋਂ ਸਾਮ੍ਹਣੇ ਆ ਜਾਣੇ, ਉਦੋਂ ਹੀ ਕਹਿਣਾ ਸ਼ੁਰੂ ਕਰ ਦੇਣਾ ਕਿ ਤੂੰ ਭਗਤੀ ਕਰਦਾ ਹੈਂ। ਪੁੱਤਰ ਹੀ ਨਹੀਂ ਆਪਣੇ ਹੋਇਆ, ਦੁਨੀਆਂ ਨੂੰ ਤੂੰ ਬਚਨ ਕਰ ਦਿੰਦਾ ਹੈਂ। ਉਨ੍ਹਾਂ ਦੇ ਪੁੱਤਰ ਹੋ ਜਾਂਦੇ ਨੇ, ਤੂੰ ਮੇਰੇ ਨਾਲ ਖਾਸ ਜਿੱਦ ਰਖਦਾ ਹੈਂ, ਮੇਰੇ ਤੋਂ ਬਦਲੇ ਲੈਂਦਾ ਹੈਂ, ਪਤਾ ਨਹੀਂ ਕੀ ਕੁਛ ਕਹਿੰਦੀ ਸੀ। ਉਹ ਸ਼ਾਂਤ ਚਿੱਤ ਰਹਿ ਕੇ ਸੁਣਦੇ ਰਹਿੰਦੇ ਸੀ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇਨ੍ਹਾਂ ਨੂੰ ਪਤਾ ਨਹੀਂ ਹੈ ਕਿ ਇਹ ਕਰਮ ਨੇ। ਕਈ ਵਾਰੀ ਸਮਝਾਇਆ, ਕਹਿਣ ਲੱਗੇ ਕਿ ਭਜਨ ਕਰਿਆ ਕਰ। ਇਹ ਤਾਂ ਆਪਣੇ ਕਰਮਾਂ 'ਚ ਪੁੱਤਰ ਲਿਖਿਆ ਨਹੀਂ ਹੈ। ਕੀ ਲੈਣਾ ਹੈ, ਪੁੱਤਰ ਹੋ ਕੇ ਵੀ ਦੁਖ ਹੀ ਦੇਣਾ ਹੈ। ਪੁੱਤਰ ਕਿਤੇ ਸਾਰਿਆਂ ਦੇ ਸੁੱਖ ਦਿੰਦੇ ਨੇ? ਅੱਜਕੱਲ੍ਹ ਕਲਜੁਗ ਦਾ ਪੁੱਤਰ ਤਾਂ ਦਿੰਦਾ ਹੀ ਨਹੀਂ ਹੈ, ਐਸੀ ਇੱਕ ਦਮ ਤਬਦੀਲੀ ਆਈ ਹੈ 1947 ਤੋਂ ਬਾਅਦ, ਉਹ ਜਿਹੜਾ ਪਰਿਵਾਰ ਸਿਸਟਮ ਸੀ ਉਹ ਟੁੱਟ ਗਿਆ, ਬਿਲਕੁਲ ਹੀ। ਪਹਿਲਾਂ ਪਰਿਵਾਰ ਸਿਸਟਮ ਹੁੰਦਾ, ਬਜ਼ੁਰਗ ਦੀ ਸੇਵਾ ਕਰਦੇ ਸੀ। ਉਹਦੇ ਮੰਜੇ ਦੇ ਆਲੇ-ਦੁਆਲੇ ਆ ਕੇ ਬੀਹੰਦੇ ਸੀ। ਰਾਤ ਨੂੰ ਆਗਿਆ ਲੈਂਦੇ ਸੀ ਕਿ ਪਿਤਾ ਜੀ! ਪੈ ਜਾਈਏ ਹੁਣ। ਬਾਬਾ ਜੀ! ਹੁਣ ਅਸੀਂ ਸੌਂ ਜਾਈਏ? ਕੁਦਰਤੀ ਸੀ, ਜੇ ਬੀਬੀ ਹੈ, ਦਾਦੀ ਹੈ, ਨਾਨੀ ਹੈ, ਉਹਦੇ ਇਹ ਨਹੀਂ ਸੀ ਕਹਿੰਦੇ ਕਿ ਇਹ ਫਾਲਤੂ ਹੈ, ਇਹਨੂੰ ਕਿਹੜਾ ਕਮਾ-ਕਮਾ ਕੇ ਖਿਲਾਵੇ। ਸਾਰੇ ਬੱਚੇ ਪਿਆਰ ਕਰਦੇ ਸੀ। ਲੇਕਿਨ ਇਹ ਪਰਿਵਾਰਕ ਸਿਸਟਮ ਟੁੱਟਣ ਦੇ ਨਾਲ, ਸਾਰੀ ਮਰਿਆਦਾ ਟੁੱਟ ਗਈ, ਅਸੀਂ ਤਾਂ ਅਜੇ ਫੇਰ ਵਿਚਾਲੇ ਜਿਹੇ ਲਟਕਦੇ ਹਾਂ। ਯੂਰਪ ਦੇ ਵਿਚ ਤਾਂ ਬਿਲਕੁਲ ਹੀ ਟੁੱਟ ਚੁੱਕੀ ਹੈ। ਪਰਿਵਾਰ ਹੈ ਹੀ ਨਹੀਂ। 17-18 ਸਾਲ ਦਾ ਮੁੰਡਾ ਮਾਂ-ਪਿਉ ਨੂੰ ਕਹਿ ਦਿੰਦਾ ਹੈ ਕਿ ਡੈਡੀ ਮੈਂ ਤਾਂ ਜਾ ਰਿਹਾ ਹਾਂ, ਮੈਂ ਮਕਾਨ ਲੈ ਲਿਆ। ਉਹਦੀਆਂ ਸਧਰਾਂ ਵਿਚੇ ਹੀ ਰਹਿ ਜਾਂਦੀਆਂ ਨੇ ਕਿ ਇਹ ਮੇਰੀ ਮਦਦ ਕਰੇਗਾ। ਬਿਮਾਰ-ਠਮਾਰ ਹੋਏ ਦਾ ਕੋਈ ਇਲਾਜ ਕਰਾਏਗਾ। ਪਿਆਰ ਕਰੇਗਾ। ਬਿਲਕੁਲ ਹੀ ਮਿਲਣਾ ਹੀ ਨਹੀਂ, ਆਪਣਾ ਫੇਰ ਸਾਥੀ ਭਾਲ ਲਿਆ, ਵਿਆਹ ਕਰਾ ਲਿਅ। ਰਾਹ 'ਚ ਕਦੇ ਜੇ ਮਿਲ ਗਿਆ ਕਹੇਗਾ, Hello Father, ok, ok. ਸਾਲ ਦੇ ਬਾਅਦ ਇੱਕ ਦਿਨ ਆਉਂਦਾ ਹੈ। ਕਹਿੰਦੇ ਅੱਜ Father's day ਹੈ ਜੀ। 364 ਦਿਨ ਉਹਨੂੰ ਭੁੱਲਿਆ ਰਹਿਣਾ ਹੈ, 365ਵੇਂ ਦਿਨ ਇੱਕ ਕੱਪ ਲੈ ਜਾਣਾ ਹੈ ਜਾਂ ਇੱਕ ਕਾਰਡ ਲੈ ਜਾਣਾ ਹੈ। ਉਹਦੇ ਮਿਲਦੇ ਨੇ। ਉਤੇ ਲਿਖਿਆ ਹੋਏਗਾ ਲਿਖਾਰੀ ਨੇ, ਬੱਸ ਉਹ ਇੱਕ ਚੀਜ਼ gift ਦੇ ਦੇਣੀ ਹੈ, Mother's day, ਜਾਂ Father's day 'ਤੇ। ਪਰਿਵਾਰਕ ਸਿਸਟਮ ਐਨਾ ਟੁੱਟ ਗਿਆ, ਕੋਈ ਸ਼ਾਂਤੀ ਨਹੀਂ ਰਹੀ। ਉਹ ਸਿਸਟਮ ਬਹੁਤ ਸੋਹਣਾ ਸੀ ਜੋ ਪਹਿਲਾਂ ਪਰਿਵਾਰ ਦਾ ਸੀ। ਇਸ ਕਰਕੇ ਪੁੱਤਰ ਦੀ ਆਸ ਕਰਦੇ ਸੀ ਕਿ ਮੇਰੇ ਪੁੱਤਰ ਹੋਵੇ, ਪੋਤਰਾ ਹੋਵੇ, ਅੱਗੇ ਸਾਡੀ ਪੀੜ੍ਹੀ ਚੱਲੇ, ਹੁਣ ਨਹੀਂ ਹੈ, ਹੁਣ ਤਾਂ ਪੁੱਤਰ ਜਿਹੜੇ ਨੇ ਕਲਜੁਗ ਦੇ, ਮਹਾਰਾਜ ਕਹਿੰਦੇ ਭੂਤਾਂ ਦੇ ਨੇ।

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ*
*ਜੋਰੂ ਜਿੰਨਾ ਦਾ ਸਿਕਦਾਰੁ ॥ ਅੰਗ - ੫੫੬*

ਘਰਵਾਲੀ ਵੀ ਭੂਤਨੀ, ਪੁੱਤਰ ਵੀ ਭੂਤ, ਕੁੜੀ ਵੀ ਭੂਤਨੀ, ਨੂੰਹ ਵੀ ਭੂਤਨੀ; ਦੱਸੋ ਸੁੱਖ ਕਿਥੋਂ ਆ ਜਾਏਗਾ। ਕੋਈ-ਕੋਈ ਪਰਿਵਾਰ ਹੈ ਜਿਹਦੇ ਉਤੇ ਵਾਹਿਗੁਰੂ ਦੀ ਅਜੇ ਵੀ ਕ੍ਰਿਪਾ ਹੈ। ਉਹ ਸਰਵਣ ਦੀਆਂ ਤਾਂ ਕਹਾਣੀਆਂ ਰਹਿ ਗਈਆਂ ਹੁਣ। ਟੁੱਟ ਗਿਆ 1947 ਤੋਂ ਬਾਅਦ ਜਿਹੜਾ ਪਰਿਵਾਰਕ ਸਿਸਟਮ ਸੀ। ਵੱਡੀਆਂ ਉਮਰਾਂ 'ਚ ਵਿਆਹ ਹੋਣ ਲਗ ਗਏ, ਪੱਕੀਆਂ ਪਕਾਈਆਂ ਬੀਬੀਆਂ ਆਉਂਦੀਆਂ ਨੇ, ਉਨ੍ਹਾਂ ਦਾ ਪਹਿਲਾ ਕੰਮ ਇਹ ਹੁੰਦਾ ਹੈ ਕਿ ਇਹਦੇ ਪੁੱਤਰ ਨੂੰ ਲੈ ਕੇ ਮੈਂ ਨਿਕਲ ਜਾਵਾਂ। ਇਨ੍ਹਾਂ ਦਾ ਵਜ਼ਨ ਮੇਰੇ ਉਤੇ ਨਾ ਪਵੇ। ਮਾਂ-ਪਿਓ ਉਡੀਕਦੇ ਹੀ ਰਹਿ ਜਾਂਦੇ ਨੇ ਕਿ ਬੁਢਾਪਾ ਆਏਗਾ, ਸਾਡੀ ਸੇਵਾ ਕਰੇਗਾ। ਬੁਢਾਪੇ 'ਚ ਤਾਂ ਕੁੱਟਣ ਨੂੰ ਤਿਆਰ ਹੋ ਜਾਂਦੇ ਨੇ ਕਿ ਇਹਦੇ ਦੋ ਚਾਰ ਲਾ ਹੀ ਦੇਵਾਂ, ਕਿਤੇ ਗੁਰਦੁਆਰੇ ਬਹਿ ਜਾਏਗਾ ਜਾ ਕੇ।

ਮਹਾਰਾਜ ਜੀ ਦੇ ਕੋਲ ਆਇਆ ਇੱਕ ਬਿਰਧ, ਮੈਂ ਉਥੇ ਖੜ੍ਹਾ ਸੀ। ਕਹਿੰਦੇ, ਛੋਟੇ ਸੰਤਾਂ ਦੇ ਕੋਲ ਚਲਿਆ ਜਾਹ। ਛੋਟੇ ਸੰਤ ਵੀ ਆ ਗਏ ਕਹਿੰਦੇ ਕੀ ਗੱਲ ਬਾਬਾ! ਕੁੱਟਿਆ ਪੁੱਤ ਨੇ ਕਿ ਨੂੰਹ ਨੇ, ਕਹਿੰਦਾ ਮਹਾਰਾਜ! ਨੂੰਹ ਨੇ ਕੁੱਟਿਆ। ਕਹਿੰਦੇ, ਤੇਰਾ ਇਲਾਕਾ? ਕਹਿੰਦਾ ਅੰਬਾਲਾ। ਕਹਿੰਦੇ ਐਉਂ ਕਰ ਦਲੀਪ ਸਿਉਂ ਤੋਂ ਲੈ ਲੈ ਚਾਬੀ, ਜਿੰਨੇ ਦਿਨ ਰਹਿਣਾ ਹੈ ਰਹੀਂ, ਜਦੋਂ ਜਾਣਾ ਹੋਏਗਾ ਚਾਬੀ ਜਮ੍ਹਾਂ ਕਰਾ ਜਾਈਂ, ਨਾਲ ਨਾ ਲੈ ਜਾਈਂ। ਕਹਿੰਦਾ, ਮਹਾਰਾਜ! ਨਾਲ ਲਿਜਾਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਐਨੀ ਮੇਰੀ ਬੇਇਜ਼ਤੀ ਕਰੀ ਹੈ ਲੋਕਾਂ ਨੇ ਛੁਡਾਇਆ ਹੈ ਆ ਕੇ ਮੈਨੂੰ, ਧੱਕਾ ਦੇ ਕੇ ਮੈਨੂੰ ਸੁੱਟ ਲਿਆ। ਕਹਿੰਦਾ, ਬਹੁਤ ਉਹਨੇ ਮੇਰੇ ਮਾਰੀਆਂ। ਸੋ ਹੁਣ ਵੀ ਮੈਂ ਚਲਿਆ ਜਾਵਾਂਗਾ? ਕਹਿੰਦੇ, ਕੋਈ ਨਾ, ਬਾਬਾ! ਸਮਾਂ ਦੱਸੇਗਾ। ਮਹੀਨਾ ਲੰਘ ਗਿਆ, ਮਹੀਨੇ ਤੋਂ ਬਾਅਦ ਮੈਂ ਫੇਰ ਗਿਆ। ਮੈਂ ਕਿਹਾ, ਬਾਬੇ ਨੂੰ ਮਿਲੀਏ। ਬਿਰਧ ਆਸ਼ਰਮ ਬਣਾਇਆ ਹੋਇਆ ਸੀ, ਮੈਂ ਉਥੇ ਚਲਿਆ ਗਿਆ, ਮੈਂ ਕਿਹਾ ਅੰਬਾਲੇ ਵਾਲਾ ਬਾਬਾ ਕਿੱਥੇ ਹੈ? ਕਹਿੰਦੇ ਜੀ, ਉਹ ਤਾਂ ਚਲਿਆ ਗਿਆ ਪਰਸੋਂ। ਮੈਂ ਕਿਹਾ, ਕੀ ਗੱਲ? ਕਹਿੰਦੇ, ਮੁੰਡਾ ਵੀ ਆ ਗਿਆ, ਨੂੰਹ ਵੀ ਆ ਗਈ। ਕਹਿੰਦੇ, ਮਿੰਨਤਾਂ ਕਰਦੇ, ਕਹਿੰਦੇ ਸਾਡੀ ਤਾਂ ਬੇਇਜ਼ਤੀ ਬਹੁਤ ਹੈ। ਸਾਡਾ ਤਾਂ ਨੱਕ ਕੱਟ ਗਿਆ ਕਿ ਗੁਰਦੁਆਰੇ ਬਜ਼ੁਰਗ ਬਿਠਾ ਦਿੱਤਾ। ਬਾਪੂ ਜੀ ਮੇਰੇ ਤੋਂ ਭੁੱਲ ਹੋ ਗਈ, ਚਾਰ ਮੇਰੇ ਤੋਂ ਲਗ ਗਈਆਂ, ਕੋਈ ਗੱਲ ਨਹੀਂ

ਤੁਸੀਂ ਫਿਕਰ ਨਾ ਕਰੋ, ਹੁਣ ਨਹੀਂ ਮੈਂ ਮਾਰਦੀ। ਕਹਿੰਦੇ, ਜਦੋਂ ਕਿਹਾ, ਉਹਨੇ ਤਾਂ ਥੋੜ੍ਹਾ ਹੀ ਕਿਹਾ, ਜਾ ਕੇ ਅੰਦਰ ਸਮਾਨ ਚੁੱਕਣ ਲਗ ਗਿਆ। ਅਸੀਂ ਕਿਹਾ, ਲੈ ਕੇ ਜਾਣਾ ਹੈ? ਕਹਿੰਦੇ ਲੈਣ ਹੀ ਆਏ ਹਾਂ ਜੇ ਮੰਨ ਜਾਵੇ। ਕਹਿੰਦੇ, ਅਸੀਂ ਉਡੀਕਦੇ ਹੀ ਹਾਂ, ਉਹ ਆਪਣਾ ਪਰਨਾ ਜਿਹਾ ਮੋਢੇ 'ਤੇ ਰੱਖ ਕੇ ਕਹਿੰਦਾ ਲਓ ਬਈ ਚਾਬੀ ਦੇ ਦਿਓ ਤੁਸੀਂ। ਮੈਂ ਚੱਲਿਆ।

ਐਸ ਤਰ੍ਹਾਂ ਸਿਸਟਮ ਵਿਗੜ ਗਿਆ ਸਾਧਸੰਗਤ ਜੀ! ਸੁਖ ਦਾ। ਕਲਜੁਗ ਦੇ ਅੰਦਰ ਲੇਖੇ ਪੱਤੇ ਪੂਰੇ ਹੋਣੇ ਨੇ। ਉਹੋ ਜਿਹੇ ਹੀ ਪੁੱਤਰ ਜੰਮਦੇ ਨੇ, ਓਹੋ ਜਿਹੀਆਂ ਹੀ ਧੀਆਂ। ਸਬੰਧ ਹੀ ਟੁੱਟ ਗਏ।

ਸੋ ਇਸ ਤਰ੍ਹਾਂ ਦੇ ਨਾਲ ਉਹਦੇ ਪੁੱਤਰ ਨਹੀਂ ਸੀ ਹੁੰਦਾ। ਹਰ ਵਕਤ ਪੁੱਤਰ-ਪੁੱਤਰ ਕਰਦੀ ਸੀ, ਓਹੋ ਜਿਹੇ ਪੁੱਤਰ ਜੰਮਦੇ ਨੇ, ਓਹੋ ਜਿਹੀਆਂ ਧੀਆਂ ਸਬੰਧ ਹੀ ਟੁੱਟ ਗਏ। ਸੋ ਇਸ ਤਰ੍ਹਾਂ ਦੇ ਨਾਲ ਉਹਦੇ ਪੁੱਤਰ ਨਹੀਂ ਸੀ ਹੁੰਦਾ। ਹਰ ਵਕਤ ਪੁੱਤਰ-ਪੁੱਤਰ ਕਰਦੀ ਕਿ ਲੋਕਾਂ ਨੂੰ ਤੁਸੀਂ ਦਿੰਦੇ ਓਂ। ਆਪਣੇ ਘਰ ਵਾਸਤੇ ਤੁਸੀਂ ਕੁਛ ਨਹੀਂ ਕਰਦੇ। ਤੁਹਾਡਾ ਸੰਤਪੁਣਾ ਕਿੱਥੇ ਗਿਆ। ਤੁਹਾਡੀ ਭਗਤੀ ਕਿੱਥੇ ਗਈ। ਕੀ ਕਰਦੇ ਓਂ ਤੁਸੀਂ, ਤੁਹਾਡੀ ਤਾਂ ਰੱਬ ਵੀ ਨਹੀਂ ਸੁਣਦਾ। ਉਹ ਕਹਿਣ ਲੱਗਿਆ ਕਿ ਪੁੱਤਰ ਸੁੱਖ ਰੂਪ ਨਹੀਂ ਹੁੰਦਾ, ਪੁੱਤਰ ਦੁੱਖ ਰੂਪ ਹੁੰਦਾ ਹੈ। ਤੈਨੂੰ ਨਹੀਂ ਇਸ ਗੱਲ ਦਾ, ਪਹਿਲਾਂ ਬੀਮਾਰ ਹੋ ਜਾਏ, ਤਾਂ ਨੱਠੇ ਫਿਰਦੇ ਹਾਂ; ਪੜ੍ਹੇ ਨਾ ਤਾਂ ਨੱਠੇ ਫਿਰਦੇ ਹਾਂ; ਵਿਆਹ ਹੋਇਆ ਨਹੀਂ ਤਾਂ ਨੱਠੇ ਫਿਰਦੇ ਹਾਂ, ਵਿਆਹ ਹੋ ਕੇ ਅੱਡ ਹੋ ਗਿਆ ਫੇਰ ਹੋਰ ਸੱਲ੍ਹ ਲਗ ਜਾਂਦਾ ਹੈ। ਜੇ ਪੁੱਤਰ ਗਾਲ੍ਹਾਂ ਕੱਢਣ ਲਗ ਜਾਵੇ, ਜੇ ਕਹੇ ਕਿ ਮੈਨੂੰ ਦੇ ਦਿਓ, ਤੁਸੀਂ ਤਾਂ ਬਿਰਧ ਹੋ ਗਏ ਤੇ ਰੋਟੀ ਖਾਈ ਜਾਓ। ਪੈਸਾ ਟਕਾ ਸਭ ਮੇਰੇ ਹਵਾਲੇ ਕਰੋ।

ਇੱਥੇ ਇੱਕ ਪ੍ਰੇਮੀ ਆਏ ਮੇਰੇ ਕੋਲ। ਕਹਿੰਦੇ, ਜੀ! ਕੀ ਕਰੀਏ, ਨੂੰਹ ਨਵੀਂ-ਨਵੀਂ ਆਈ ਹੈ। ਕਹਿੰਦੇ, ਸਿੱਧਾ ਹੀ ਸਾਨੂੰ ਕਹਿ ਦਿੱਤਾ ਕਿ ਤਨਖਾਹ ਵੀ ਸਾਨੂੰ ਦਿਓ, ਪੈਸਾ ਵੀ ਜ਼ਮੀਨ ਦਾ ਜਿਹੜੀ ਆਮਦਨ ਹੈ ਉਹ ਵੀ ਸਾਨੂੰ ਦਿਓ। ਅਸੀਂ ਚਲਾਵਾਂਗੇ ਘਰ, ਤੁਸੀਂ ਆਰਾਮ ਨਾਲ ਬੈਠ ਕੇ ਸਾਡੇ ਤੋਂ ਖਾਓ। ਕਹਿੰਦੇ, ਸਾਡੇ ਹੱਥੋਂ ਸਭ ਕੁਛ ਖੋਹ ਲਿਆ। ਸੋ ਪੁੱਤਰ ਸੁੱਖ ਰੂਪ ਨਹੀਂ ਹੁੰਦਾ, ਦੁੱਖ ਰੂਪ ਹੋਇਆ ਕਰਦਾ ਹੈ।

ਮੁਕੱਦਮਾ ਚਲ ਪਵੇ ਤਾਂ, ਤਾਂ ਮਾਤਾ ਪਿਤਾ ਔਖੇ ਹੁੰਦੇ ਨੇ, ਜੇ ਕੋਈ ਖੂਨ ਹੋ ਜਾਵੇ, ਪਿਤਾ ਨੂੰ ਪਹਿਲਾਂ ਫਸਾਉਂਦੇ ਨੇ ਕਿ ਇਹਨੇ ਪੈਰਵੀ ਕਰਨੀ ਹੈ। ਸੋ ਕਹਿਣ ਲੱਗਿਆ ਕਿ ਦੁੱਖ ਰੂਪ ਹੁੰਦਾ ਹੈ ਪੁੱਤਰ। ਕਹਿੰਦੀ ਜੇ ਪੁੱਤਰ ਨਹੀਂ ਤਾਂ ਨੌਕਰ ਰੱਖ ਦਿਓ। ਕਹਿੰਦੇ, ਨੌਕਰ ਤੇਰਾ ਸੁਭਾਅ ਨਹੀਂ ਰੱਖਣ ਦਿੰਦਾ। ਕਿੰਨੇ ਨੌਕਰ ਰੱਖੇ ਨੇ, ਚਾਰ ਦਿਨ ਨਹੀਂ ਨੌਕਰ ਤੇਰੇ ਨਾਲ ਕੱਟਦਾ। ਸੁਭਾਅ ਦੀ ਬਹੁਤੀ ਹੀ ਤਿੱਖੀ ਸੀ। ਨੌਕਰ ਨੇ ਨੱਠ ਜਾਣਾ। ਅਖੀਰ ਪ੍ਰਮੇਸ਼ਰ ਨੇ ਕਿਹਾ ਕਿ ਭਗਤ ਬਹੁਤ ਦੁਖੀ ਹੁੰਦਾ ਹੈ। ਹੋਵੇ ਨਾ ਤਾਂ ਮੈਂ ਹੀ ਜਾ ਕੇ ਨੌਕਰ ਬਣ ਕੇ ਰਹਾਂ। ਟਹਿਲੂਆ ਬਣ ਕੇ ਆ ਗਿਆ। ਆ ਕੇ ਮਾਈ ਨੂੰ ਮਿਲਿਆ। ਕਹਿਣ ਲੱਗੇ ਕਿ ਤੁਹਾਡੇ ਘਰ ਜੇ ਨੌਕਰ ਦੀ ਲੋੜ ਹੈ ਤਾਂ ਮੈਂ ਨੌਕਰੀ ਕਰਾਂਗਾ। ਕਹਿੰਦੀ, ਵਾਹ ਬਈ ਵਾਹ ਅੱਜ ਤੱਕ ਤਾਂ ਅਸੀਂ ਟੋਲ੍ਹ ਕੇ ਲਿਆਉਂਦੇ ਸੀ, ਤੂੰ ਚੰਗਾ ਆ ਗਿਆ। ਕੀ ਲਏਂਗਾ। ਕਹਿੰਦਾ ਬੀਬੀ! ਲੈਂਦਾ ਤਾਂ ਕੁਛ ਨਹੀਂ, ਜਿੰਨੀ ਕੁ ਰੋਟੀ ਖਿਲਾ ਦਏਂਗੀ ਖਾ ਲਵਾਂਗਾ। ਜਿਹੜਾ ਕੱਪੜਾ ਪਹਿਨਣ ਨੂੰ ਦੇ ਦਏਂਗੀ, ਪਹਿਨ ਲਵਾਂਗਾ। ਕੰਮ ਮੈਂ ਸਾਰੇ ਕਰਾਂਗਾ। ਸੰਤਾਂ ਦੀ ਵੀ ਸੇਵਾ ਕਰਾਂਗਾ, ਉਨ੍ਹਾਂ ਦੇ ਵਸਤਰ ਵੀ ਧੋਵਾਂਗਾ। ਉਨ੍ਹਾਂ ਦੇ ਚਰਨ ਵੀ ਧੋਵਾਂਗਾ, ਚਰਨ ਘੁੱਟਾਂਗਾ ਵੀ। ਮੈਨੂੰ ਤਾਂ ਮਸਾਂ ਸੇਵਾ ਮਿਲਣੀ ਹੈ। ਕਹਿੰਦਾ, ਇੱਕ ਗੱਲ ਹੈ ਮੈਂ ਪਿਆਰ ਨਾਲ ਰਹਿੰਦਾ ਹਾਂ, ਜਿੱਥੇ ਮੈਨੂੰ ਕੋਈ ਪਿਆਰ ਕਰੇ। ਕਿਉਂਕਿ ਤੂੰ ਜਾਣਦੀ ਹੈਂ ਮਾਤਾ ਕਿ ਪਿਆਰ ਕਰੇ ਤੇ ਜੀਅ ਲਗਦਾ, ਵਸ 'ਚ ਆ ਜਾਂਦਾ ਹੈ ਬੰਦਾ, ਤਾਂ ਮੈਂ ਰਹਿ ਜਾਂਦਾ ਹਾਂ, ਜਿਹੜਾ ਪ੍ਰਮੇਸ਼ਰ ਹੈ ਨਾ ਉਹ ਵੀ ਭਗਤਾਂ ਨੇ ਇਵੇਂ ਜਿਵੇਂ ਵਸ ਕੀਤਾ ਹੋਇਆ ਹੈ -

***ਧਾਰਨਾ - ਰੱਬ ਵਸ ਭਗਤਾਂ ਨੇ ਕੀਤਾ,***
***ਪਾ ਕੇ ਤੇ ਪ੍ਰੇਮ ਡੋਰੀਆਂ।***

***ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥***
***ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥***
***ਅੰਗ - ੯੬੨***

ਕਹਿਣ ਲੱਗਿਆ, ਮਾਤਾ! ਜੇ ਤੂੰ ਪ੍ਰੇਮ ਕਰੇਂਗੀ ਤਾਂ ਪ੍ਰੇਮ ਕਰਨ 'ਤੇ ਤਾਂ ਰੱਬ ਵੀ ਵਸ ਆ ਜਾਂਦਾ ਹੈ। ਤੁਸੀਂ ਸਾਧੂ ਸੰਤ ਹੋ ਨਾ, ਤੁਹਾਡੇ ਘਰ ਤਾਂ ਹਰ ਵਕਤ ਕਥਾ ਕਥਾਵਾਂ ਭਗਤਾਂ ਦੀਆਂ ਚਲਦੀਆਂ ਰਹਿੰਦੀਆਂ ਨੇ ਤੇ ਮੈਂ ਵੀ ਸੁਣੀ ਹੋਈ ਹੈ। ਮੈਂ ਤੈਨੂੰ ਦਸਦਾ ਹਾਂ ਕਿ ਰੱਬ ਤਾਂ ਐਨਾ ਵਸ ਆ ਜਾਂਦਾ ਹੈ ਕਿ ਕਦੇ ਛੱਡ ਕੇ ਨਹੀਂ ਜਾਂਦਾ।

***ਸਖੀ ਵਸਿ ਆਇਆ ਫਿਰਿ ਛੋਡਿ ਨ ਜਾਈ***
***ਇਹ ਰੀਤਿ ਭਲੀ ਭਗਵੰਤੈ ॥ ਅੰਗ - ੨੪੯***

ਵਾਹਿਗੁਰੂ ਦੀ ਰੀਤ ਹੈ ਇੱਕ ਵਾਰੀ ਵਸ ਆ ਜਾਏ, ਫੇਰ ਨਹੀਂ ਛੱਡਦਾ ਕਦੇ ਵੀ। ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਹੈ-

***ਧਾਰਨਾ- ਖੜ੍ਹਾ ਹੈ ਦੁਆਰੇ ਹਰਿ ਜੀ ਬੰਨ੍ਹਿਆ ਪ੍ਰੇਮ ਦਾ।***

***ਨਾਮਾ ਕਹੈ ਭਗਤਿ ਬਸਿ ਕੇਸਵ***
***ਅਜਹੂੰ ਬਲਿ ਕੇ ਦੁਆਰ ਖਰੋ ॥ ਅੰਗ - ੧੧੦੫***

ਬਲਰਾਜਾ ਪ੍ਰਹਿਲਾਦ ਦੀ ਕੁਲ ਵਿਚੋਂ ਹੋਇਆ। ਇਥੇ ਜੋ ਦੋ ਦੇਵ ਕੁਲਾਂ ਸੀ ਇਨ੍ਹਾਂ ਨਾਲ ਨਫਰਤ ਕਰਦੀਆਂ ਸੀ। ਰਾਜ ਦੇ ਵਾਸਤੇ ਘੋਲ ਹੁੰਦਾ, ਇਸਨੇ ਯੱਗ ਕਰਨਾ ਸ਼ੁਰੂ ਕਰ ਦਿਤਾ। ਜਾ ਕੇ ਭਗਵਾਨ ਦੇ ਕੋਲ ਦੇਵਤਿਆਂ ਨੇ ਫਰਿਆਦ ਕਰੀ ਕਿ ਮਹਾਰਾਜ! ਯੱਗ ਕਰਨ ਨਾਲ ਉਨ੍ਹਾਂ ਦਾ ਪ੍ਰਤਾਪ ਬਹੁਤ ਵੱਧ ਜਾਣਾ ਹੈ ਦੈਂਤ ਕੁਲ ਦਾ। ਸਾਨੂੰ ਬੜਾ ਮੁਸ਼ਕਲ ਹੋ ਜਾਏਗਾ, ਕ੍ਰਿਪਾ ਕਰੋ ਸਾਡੀ ਰਖਿਆ ਕਰੋ।

***ਬਲਿ ਰਾਜਾ ਘਰਿ ਆਪਣੈ ਅੰਦਰਿ ਬੈਠਾ ਜਗੁ ਕਰਾਵੈ।***
***ਬਾਵਨ ਰੂਪੀ ਆਇਆ ਚਾਰਿ ਵੇਦ ਮੁਖਿ ਪਾਠ ਸੁਣਾਵੈ।***
***ਭਾਈ ਗੁਰਦਾਸ ਜੀ, ਵਾਰ ੧੦/੩***

ਉਸ ਵੇਲੇ ਵਿਸ਼ਨੂੰ ਭਗਵਾਨ ਜੀ ਬਾਵਨ ਰੂਪ ਧਾਰ ਕੇ, ਛੋਟੇ ਜਿਹੇ, ਹੱਥ ਕੁ ਦਾ ਸਰੀਰ ਹੈ ਤੇ ਉਥੇ ਆ ਕੇ ਚਾਰ ਵੇਦ ਜ਼ੁਬਾਨੀ ਸੁਣਾਉਣੇ ਸ਼ੁਰੂ ਕਰ ਦਿੱਤੇ। ਬਹੁਤ ਹੀ ਵਧੀਆ ਆਵਾਜ਼ ਤੇ ਗਾ-ਗਾ ਕੇ ਰੀਚਾਂ ਪੜ੍ਹਦੇ ਨੇ। ਰਾਜੇ ਨੇ ਕਿਹਾ ਕਿ ਇਹ ਤਾਂ ਬਹੁਤ ਕਮਾਲ ਦਾ ਹੈ, ਅੰਦਰ ਬੁਲਾ ਲਓ।

***ਰਾਜੇ ਅੰਦਰਿ ਸਦਿਆ ਮੰਗ ਸੁਆਮੀ ਜੋ ਤੁਧ ਭਾਵੈ।***

***ਭਾਈ ਗੁਰਦਾਸ ਜੀ ਵਾਰ ੧੦/੩***

ਕਹਿੰਦੇ, ਜੋ ਕੁਛ ਮੰਗਣਾ ਹੈ ਤੂੰ ਮੰਗ ਲੈ, ਮੰਗ ਸੁਆਮੀ। ਕਹਿਣ ਲੱਗਿਆ, ਰਾਜਨ! ਮੈਂ ਕੀ ਮੰਗ ਲਵਾਂ? ਤੇਰੇ ਪਿਆਰ ਦਾ ਬੰਨ੍ਹਿਆ ਹੋਇਆ ਤੇਰੇ ਦਰਵਾਜ਼ੇ ਮੂਹਰੇ ਢਾਈ ਕਰਮਾਂ ਜਗ੍ਹਾਂ ਲੈ ਕੇ ਆਪਣੀ ਕੁਟੀਆ ਬਣਾ ਕੇ ਰਹਿਣਾ ਚਾਹੁੰਦਾ ਹਾਂ। ਕਹਿੰਦੇ, ਜਿੰਨੀ ਤੁਹਾਡਾ ਜੀਅ ਕਰਦਾ ਹੈ ਲੈ ਲਓ। ਜਦੋਂ ਇਹ ਗੱਲ ਹੋਈ ਤਾਂ ਸ਼ੁਕਰ ਪਰੋਹਤ ਸੀ ਉਹਨੇ ਸੁਣ ਲਿਆ, ਅੰਤਰਧਿਆਨ ਹੋ ਕੇ ਦੇਖ ਲਿਆ ਕਿ ਇਹ ਤਾਂ ਵਿਸ਼ਨੂੰ ਭਗਵਾਨ ਛਲਣ ਵਾਸਤੇ ਆਇਆ ਹੈ ਇਹਨੂੰ।

***ਅਛਲੁ ਛਲਣਿ ਤੁਧੁ ਆਇਆ***
***ਸੁਕ੍ਰ ਪਰੋਹਿਤੁ ਕਹਿ ਸਮਝਾਵੈ।***

***ਭਾਈ ਗੁਰਦਾਸ ਜੀ ਵਾਰ ੧੦/੩***

ਉਹਨੇ ਕੰਨ 'ਚ ਕਿਹਾ ਦੇਖਿਓ, ਕੋਈ ਚੂਲੀ ਨਾ ਛੱਡ ਬੈਠਿਓ। ਉਹਨੇ ਜਵਾਬ ਦੇ ਦਿੱਤਾ ਕਿ ਮੈਂ ਤਾਂ ਹੁਣ ਬਚਨ ਕਰ ਲਿਆ। ਢਾਈ ਕਰਮਾ ਮੰਗਦਾ ਹੈ ਕੀ ਇਹਦੇ ਨਾਲ ਫਰਕ ਪੈਣਾ ਹੈ? ਫੇਰ ਇਹ ਕਹਿੰਦਾ ਹੈ ਕਿ ਜੇ ਵਿਸ਼ਨੂੰ ਜੀ ਨੇ ਮੈਂ ਤਾਂ ਇਨ੍ਹਾਂ ਦਾ ਪਿਆਰਾ ਹਾਂ ਭਗਤੀ ਕਰਦਾ ਹਾਂ। ਮੇਰੇ ਦਰ 'ਤੇ ਰਹਿਣਗੇ, ਫੇਰ ਜਾਂਦੇ ਨਹੀਂ ਹੈਗੇ। ਕਹਿੰਦੇ ਤੇਰੇ ਨਾਲ ਛਲ ਹੋ ਜਾਣਾ ਹੈ? ਕਹਿੰਦੇ, ਜੋ ਹੋਣਾ ਹੈ ਹੋ ਜਾਵੇ। ਮੈਂ ਬਚਨ ਕਰ ਬੈਠਾ। ਐਡਾ ਵੱਡਾ ਸਰੀਰ ਬਣਾ ਲਿਆ, ਦੋ ਕਰਮਾਂ 'ਚ ਸਾਰੀ ਧਰਤੀ ਮੱਲ ਲਈ, ਅੱਧੀ ਬਚ ਗਈ, ਕਹਿਣ ਲੱਗੇ, ਰਾਜਨ! ਹੁਣ ਤਾਂ ਅੱਧੀ ਬਚ ਗਈ? ਕਹਿਣ ਲੱਗਿਆ, ਮਹਾਰਾਜ! ਹੁਣ ਤਾਂ ਮੇਰਾ ਸਰੀਰ ਹੀ ਰਹਿ ਗਿਆ, ਇਹਨੂੰ ਮਿਣ ਲਓ। ਸਰੀਰ ਦੇ ਉਤੇ ਪੈਰ ਰੱਖਿਆ, ਪਾਤਾਲ ਵਿਚ ਲਿਜਾ ਕੇ ਰਾਜ ਦੇ ਦਿਤਾ। ਜਦੋਂ ਉਹ ਤੁਰਨ ਲੱਗਿਆ, ਤਾਂ ਉਹਨੇ ਕਿਹਾ ਮਹਾਰਾਜ! ਹੁਣ ਤੁਸੀਂ ਜਾਓ ਨਾ ਕਿਤੇ, ਤੁਸੀਂ ਬਚਨ ਮੇਰੇ ਨਾਲ ਕਰਿਆ ਹੈ ਮੈਂ ਤਾਂ ਕੁਟੀਆ ਪਾ ਕੇ ਤੇਰੇ ਦਰਵਾਜ਼ੇ 'ਤੇ ਰਹਿਣਾ ਹੈ ਸਾਰੀ ਉਮਰ। ਕਹਿੰਦੇ ਆਇਆ ਤਾਂ ਛਲਣ ਸੀਗਾ -

***ਬਲਿ ਛਲਿ ਆਪੁ ਛਲਾਇਅਨੁ***
***ਹੋਇ ਦਇਆਲੁ ਮਿਲੈ ਗਲਿ ਲਾਵੈ।***
***ਦਿਤਾ ਰਾਜ ਪਤਾਲ ਦਾ ਹੋਇ ਅਧੀਨੁ ਭਗਤਿ ਜਸੁ ਗਾਵੈ।***
***ਹੋਇ ਦਰਵਾਨ ਮਹਾਂ ਸੁਖੁ ਪਾਵੈ।***

***ਭਾਈ ਗੁਰਦਾਸ ਜੀ ਵਾਰ ੧੦/੩***

ਗਲ ਨਾਲ ਲਾ ਲਿਆ, ਕਹਿੰਦੇ ਤੂੰ ਮੇਰਾ ਬਹੁਤ ਪਿਆਰਾ ਭਗਤ ਹੈਂ। ਅਜੇ ਤਕ ਉਹਦਾ ਇੱਕ ਸਰੂਪ ਰਾਜੇ ਬਲ ਦੇ ਦੁਆਰੇ 'ਤੇ ਖੜ੍ਹਾ ਰਾਖੀ ਕਰਦਾ ਹੈ।

ਸੋ ਉਹ ਟਹਿਲੂਆ ਮਾਤਾ ਨੂੰ ਕਹਿਣ ਲੱਗਿਆ! ਦੇਖ ਪਿਆਰ ਨੇ ਰੱਬ ਨੂੰ ਕਿਸ ਤਰ੍ਹਾਂ ਬੰਨ੍ਹ ਲਿਆ। ਮੈਂ ਪਿਆਰ ਭਾਲਦਾ ਹਾਂ, ਮੈਂ ਭੁੱਖਾ ਹਾਂ ਪਿਆਰ ਦਾ। ਜੇ ਤੂੰ ਪਿਆਰ ਕਰੇਂਗੀ, ਮੈਂ ਜਾਂਦਾ ਹੀ ਨਹੀਂ ਕਿਤੇ। ਮੇਰੇ ਵਲੋਂ ਤੈਨੂੰ ਕੋਈ ਸ਼ਿਕਾਇਤ ਨਹੀਂ ਆਉਣੀ। ਪਰ ਇੱਕ ਗੱਲ ਮੈਂ ਦੱਸ ਦਿੰਦਾ ਹਾਂ ਕਿ ਮੈਨੂੰ ਹੋਰ ਗੱਲਾਂ ਤਾਂ ਠੀਕ ਲਗਦੀਆਂ ਨੇ। ਪਰ ਜੇ ਨਿੰਦਿਆ ਕਰੇ ਫੇਰ ਨਹੀਂ ਠੀਕ ਲਗਦੀ। ਕਿਉਂਕਿ ਨਿੰਦਿਆ ਜਿਹੜੀ ਹੈ ਇਹ ਬਹੁਤ ਬੁਰੀ ਚੀਜ਼ ਹੈ ਐਉ ਪੜ੍ਹ ਲਓ -

***ਧਾਰਨਾ - ਨਿੰਦਾ ਮੂਰਖ ਲੋਕੀ ਕਰਦੇ,***
***ਨਰਕੀ ਵਾਸਾ ਕਰਦੇ ਨੇ।***

***ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥***
***ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥***

***ਅੰਗ - ੭੫੫***

ਦੇਖ, ਮਾਤਾ, ਪਿਆਰ ਦਾ ਬੰਨ੍ਹਿਆ ਹੋਇਆ ਤਾਂ ਮੈਂ ਰਹਾਂਗਾ। ਨਿੰਦਾ ਜਿਸ ਦਿਨ ਮੇਰੀ ਕਰੀ ਉਸ ਦਿਨ ਮੈਂ ਚਲਿਆ ਜਾਵਾਂਗਾ। ਲਵੇਂਗਾ ਕੀ? ਕਹਿੰਦਾ, ਲੈਣਾ ਮੈਂ ਕੁਛ ਨਹੀਂ, ਪੈਸਾ ਟਕਾ ਮੈਨੂੰ ਲੋੜ ਹੀ ਨਹੀਂ ਕੋਈ। ਜਿੰਨਾਂ ਕੁ ਖਾਣ ਨੂੰ ਦੇ ਦਏਂਗੀ ਮੈਂ ਉਹਦੇ ਉਤੇ ਹੀ ਸੰਤੁਸ਼ਟ ਰਹਿਣਾ ਹੈ। ਪਹਿਨਣ ਨੂੰ ਜਿਹੜਾ ਦੇ ਦਏਂਗੀ ਮੈਂ ਪਹਿਨ ਲਵਾਂਗਾ। ਬੜੀ ਖੁਸ਼ ਹੋਈ ਕਿ ਐਹੋ ਜਿਹਾ ਨੌਕਰ ਮਿਲ ਗਿਆ। ਅੱਗੇ ਤਾਂ ਮੱਥਾ ਮਾਰਦੀ ਸੀ, ਕ੍ਰੋਧ ਵਿਚ ਆ ਜਾਂਦੀ ਹੈ, ਇਹਦੇ ਨਾਲ ਨਹੀਂ ਮੈਂ ਹੋਣਾ ਕਿਉਂਕਿ ਭਗਤ ਜੀ ਵੀ ਕਹਿੰਦੇ ਨੇ ਕਿ ਤੂੰ ਕ੍ਰੋਧ ਕਰੀ ਜਾਂਦੀ ਹੈ, ਨੌਕਰ ਚਲੇ ਜਾਂਦੇ ਨੇ, ਮੈਂ ਕੀ ਕਰਾਂ। ਸੋ ਉਸ ਵੇਲੇ ਕੰਮ ਕਰਨਾ ਇਹਨੇ ਸ਼ੁਰੂ ਕਰ ਦਿੱਤਾ। ਭਗਤ ਤ੍ਰਿਲੋਚਨ ਨੂੰ ਪਤਾ ਸੀ, ਉਹ ਜਾਣਦਾ ਸੀ ਕਿ ਇਹ ਕੌਣ ਹੈ, ਐਉਂ ਪੜ੍ਹ ਲਓ -

***ਧਾਰਨਾ - ਬਣ ਕੇ ਦਾਸ ਭਗਤ ਦੇ ਆ ਗਿਆ,***
***ਮਾਲਕ ਸਾਰੀ ਦੁਨੀਆਂ ਦਾ।***

ਕ੍ਰੋੜਾਂ ਬ੍ਰਹਿਮੰਡਾਂ ਦਾ ਮਾਲਕ ਦਾਸ ਦਾ ਰੂਪ ਧਾਰਿਆ, ਭਗਤ ਦਾ ਦੁੱਖ ਦੇਖ ਕੇ, ਹਰ ਵਕਤ ਘਰਵਾਲੀ ਲੜਦੀ ਹੈ, ਨੌਕਰ ਕੋਈ ਰਹਿਣ ਨਹੀਂ ਦਿੰਦੀ ਤੇ ਮੈਂ ਜਾ ਕੇ ਰਹਿੰਦਾ ਹਾਂ।

ਸੋ ਇਸ ਤਰ੍ਹਾਂ ਦਿਨ ਰਾਤ ਕੰਮ ਕਰਦਾ ਹੈ। ਅਜੇ ਸੋਚਦੀ ਹੁੰਦੀ ਹੈ ਕਿ ਆਹ ਹੋਵੇ, ਜਦੋਂ ਟਹਿਲੂਏ ਨੂੰ ਆਵਾਜ਼ ਦਿੰਦੀ ਹੈ, ਕਹੇਗਾ, ਮਾਤਾ! ਆਹ ਚੀਜ਼ ਲੈਣੀ ਹੈ, ਲੈ ਤਿਆਰ ਪਈ ਹੈ। ਕਹਿੰਦੀ, ਤੂੰ ਤਾਂ ਕਮਾਲ ਹੀ ਹੈਂ, ਅੰਤਰਜਾਮੀ ਵੀ ਹੈ, ਤੇਰਾ ਨਾਉਂ ਹੀ ਅੰਤਰਜਾਮੀ ਹੈ। ਕਹਿੰਦਾ, ਹਾਂ ਮੈਨੂੰ ਅੰਤਰਜਾਮੀ ਵੀ ਕਹਿ ਦਿੰਦੇ ਨੇ। ਕੋਈ ਨਾਉਂ ਰੱਖ ਲੈ ਮੇਰਾ, ਜਿਹੜਾ ਰੱਖ ਲਏਂਗੀ ਮੈਨੂੰ ਸਾਰੇ ਹੀ ਚੰਗੇ ਲਗਦੇ ਨੇ। ਕੋਈ ਵੀ ਮਾੜਾ ਨਹੀਂ ਲਗਦਾ ਮੈਨੂੰ। ਇਸ ਤਰ੍ਹਾਂ ਕਰਦੇ ਹੋਏ ਸਾਧੂ, ਸੰਤ ਵੀ ਖੁਸ਼ ਹੋ ਗਏ, ਇੱਕ ਦਮ ਸੇਵਾ ਕਰਦਾ ਹੈ। ਉਹ ਤਾਂ ਇੱਕ ਭੇਖ ਬਣਾਇਆ ਹੋਇਆ ਸੀ ਸੰਤਾਂ ਦੀ ਸੇਵਾ ਕਰਨ ਦਾ, ਵਸਤਰ ਵਗੈਰਾ, ਥਕੇਵਾਂ ਵਗੈਰਾ ਹੱਥ ਲਾਉਂਦੇ ਸਾਰ ਹੀ ਥਕੇਵਾਂ ਲਾਹ ਦਿੰਦਾ ਸੀ। ਹੈਰਾਨ ਹੋਣ ਕਿ ਕਿਹੋ ਜਿਹਾ ਹੈ, ਇਹ ਦਾਸ ਹੈ, ਕਿਤੇ ਕੋਈ ਰੂਹ

ਤਾਂ ਨਹੀਂ ਆਈ ਹੋਈ, ਪਲਟ ਕੇ ਕੋਈ ਆ ਤਾਂ ਨਹੀਂ ਗਿਆ। ਇਹ ਇਕ ਤ੍ਰਿਲੋਚਨ ਨੂੰ ਪਤਾ ਹੈ ਹੋਰ ਕਿਸੇ ਨੂੰ ਨਹੀਂ ਪਤਾ। ਇਸ ਤਰ੍ਹਾਂ ਕਰਦੇ-ਕਰਦੇ ਇੱਕ ਦਿਨ ਕਈ ਕੰਮ ਮਾਤਾ ਨੇ ਗਿਣੇ, ਉਹਨੇ ਫਟਾਫਟ ਕਰ ਦਿੱਤਾ। ਕਹਿੰਦੀ, ਅੰਤਰਜਾਮੀ! ਮੈਂ ਤੇਰੇ ਤੋਂ ਬੜੀ ਖੁਸ਼, ਕਹਿੰਦੀ ਮੈਂ ਤੈਨੂੰ ਰੱਜ ਕੇ ਰੋਟੀ ਖਲਾਉਣੀ ਚਾਹੁੰਦੀ ਹਾਂ। ਕਹਿੰਦਾ, ਮਾਤਾ! ਮੈਂ ਤਾਂ ਰੱਜਦਾ ਹੀ ਨਹੀਂ ਐਵੇਂ ਨਾ ਭੁਲੇਖੇ 'ਚ ਪਈਂ। ਮੈਂ ਜੇ ਤਾਂ ਜੇ ਖਾਵਾਂ ਨਾ, ਸਾਰੀ ਦੁਨੀਆਂ ਨੂੰ ਖਾ ਜਾਵਾਂ ਜਿੰਨੀ ਦਿਸਦੀ ਹੈ, ਤਾਂ ਵੀ ਮੇਰੇ ਪੇਟ 'ਚ ਪਤਾ ਨਹੀਂ ਲਗਦਾ। ਇੱਕ ਵਾਰੀ ਨਹੀਂ, ਹਜ਼ਾਰਾਂ ਵਾਰੀ ਮੈਂ ਖਾ ਜਾਂਦਾ ਹਾਂ। ਕੁਛ ਨਹੀਂ ਬਾਕੀ ਬਚਦਾ। ਤੂੰ ਨਾ ਇਸ ਵਹਿਮ 'ਚ ਪੈ। ਮੈਂ ਰੱਜਿਆ ਹੋਇਆ ਹੀ ਹਾਂ ਮੈਨੂੰ ਭੁੱਖ ਕੋਈ ਨਹੀਂ, ਭੁੱਖ ਤੁਹਾਨੂੰ ਦੁਨੀਆਂਦਾਰਾਂ ਨੂੰ ਲਗਦੀ ਹੈ, ਮੈਨੂੰ ਨਹੀਂ ਲਗਦੀ। ਉਹ ਰਮਜ਼ਾਂ ਮਾਰੀ ਜਾਂਦਾ ਹੈ, ਮਾਤਾ ਸਮਝਦੀ ਨਹੀਂ। ਕਹਿੰਦਾ, ਸਾਰੇ ਖੰਡ ਬ੍ਰਹਿਮੰਡ ਮੈਂ ਖਾ ਜਾਂਦਾ ਹਾਂ। ਕਹਿੰਦੀ, ਅੱਛਾ! ਤੂੰ ਐਨਾ ਖਾ ਲੈਂਦਾ ਹੈ, ਮੈਂ ਤੇਰਾ ਅੰਤਵਾਰਾ ਲੈਂਦੀ ਹਾਂ। ਕਹਿੰਦਾ ਨਾ ਮੇਰਾ ਅੰਤਵਾਰਾ ਨਾ ਲੈ। ਕਹਿੰਦੀ, ਕਿਉਂ? ਕਹਿੰਦਾ, ਮੇਰਾ ਅੰਤਵਾਰਾ ਕੋਈ ਲੈ ਹੀ ਨਹੀਂ ਸਕਿਆ ਅੱਜ ਤੱਕ। ਮੈਂ ਆਪਣੀ ਮਹਿਮਾ ਨੂੰ ਆਪ ਹੀ ਜਾਣਦਾ ਹਾਂ। ਮਾਤਾ! ਐਹੋ ਜਿਹੇ ਉਲਟੇ ਚੱਕਰ 'ਚ ਨਾ ਪੈ। ਕਹਿੰਦੀ ਨਾ ਮੈਂ ਤਾਂ ਤੈਨੂੰ ਰਜਾ ਕੇ ਹੱਟਣਾ ਹੈ। ਕਹਿੰਦਾ, ਮੈਂ ਤਾਂ ਅੱਜ ਤੱਕ ਰੱਜਿਆ ਹੀ ਨਹੀਂ। ਕਿੰਨੀਆਂ ਪਰਲੋ ਆਉਂਦੀਆਂ ਨੇ, ਸਭ ਮੇਰੇ ਪੇਟ ਵਿਚ ਜਾਂਦੀਆਂ ਨੇ। ਉਹ ਇਸ਼ਾਰਿਆਂ ਨਾਲ ਦੱਸੀ ਜਾਂਦਾ ਹੈ ਕਿ ਇਹ ਸਮਝ ਜਾਵੇ। ਪਰ ਉਹ ਸਮਝਦੀ ਨਹੀਂ। ਕਿਉਂ ਨਾ ਸਮਝਿਆ ਉਹਨੇ? ਕਿਉਂਕਿ ਉਹਦੇ ਭਾਗ ਨਹੀਂ ਬਣੇ, ਭਾਗ ਕਿਉਂ ਨਾ ਬਣੇ ਆਪਣੇ ਸੰਤ ਪਤੀ ਦੇ ਨਾਲ ਲੜਾਈ ਕਰਦੀ ਰਹਿੰਦੀ ਸੀ ਭਾਗ ਬਣ ਨਾ ਸਕੇ ਉਹਦੇ। ਦਰਸ਼ਨਾਂ ਦਾ ਫਲ ਤਾਂ ਮਿਲਿਆ ਉਹਨੂੰ ਪਰ ਉਹ ਪਛਾਣ ਨਾ ਸਕੀ। ਕਿਉਂਕਿ ਉਹਦੇ ਓਨੇ ਉਚੇ ਕਰਮ ਨਹੀਂ ਸੀ ਬਣੇ। ਇਸ਼ਾਰੇ ਸਿੱਧੇ ਦੇਈ ਜਾਂਦਾ ਹੈ। ਤਾਂ ਵੀ ਨਹੀਂ ਪਛਾਣ ਸਕੀ। ਅਖੀਰ ਕਹਿਣ ਲੱਗੀ, ਭਗਤ ਤ੍ਰਿਲੋਚਨ ਨੂੰ ਕਿ ਮੈਂ ਇਹਨੂੰ ਰਜਾਉਣਾ ਹੈ। ਉਹ ਕਹਿੰਦੇ, ਤੂੰ ਕੀ ਰਜਾਏਂਗੀ, ਇਹ ਤਾਂ ਖੰਡ ਬ੍ਰਹਿਮੰਡ ਸਾਰੇ ਹੀ ਇਹਦੇ ਪੇਟ 'ਚ ਪੈਣ ਤਾਂ ਵੀ ਨਹੀਂ ਰੱਜਦਾ। ਤੂੰ ਇੱਥੋਂ ਆਟਾ ਲੈ ਕੇ ਕਿਵੇਂ ਰਜਾਵੇਂਗੀ।

ਅਖੀਰ ਉਹਨੇ ਸੱਤ ਅੱਠ ਮਣ ਆਟਾ ਲਿਆ। ਹਲਵਾਈ ਲਾ ਲਏ, ਬਹੁਤ ਪੂਰੀਆਂ ਕਚੌਰੀਆਂ ਬਣਾ ਲਈਆਂ। ਕਹਿੰਦੀ ਆਪਣੇ ਕੋਈ ਪੈਸੇ ਦਾ ਘਾਟਾ ਹੈ। ਕਿੰਨਾ ਕੁ ਖਾ ਜਾਏਗਾ। ਅਖੀਰ ਪ੍ਰਸ਼ਾਦੇ ਲਾਹੁਣ ਲਈ ਆਟਾ ਗੁੰਨ ਲਿਆ, ਜਿੰਨਾਂ ਧਰੀ ਜਾਂਦੀ ਹੈ ਉਹ ਖਾਈ ਜਾਂਦਾ ਹੈ। ਅਖੀਰ ਬਾਹਰ ਨਿਕਲ ਆਈ, ਗੁਆਂਢਣ ਕਹਿਣ ਲੱਗੀ ਕਿ ਅੱਜ ਬੜੇ ਪਕਵਾਨ ਬਣ ਰਹੇ ਨੇ ਤੁਹਾਡੇ? ਕਿਸੇ ਨੇ ਆਉਣਾ ਹੈ? ਕਹਿੰਦੀ ਕਾਹਦਾ ਆਉਣਾ ਹੈ, ਨੌਕਰ ਹੈ ਪਤਾ ਨਹੀਂ ਦਿਓ ਹੈ ਜਿੰਨਾਂ ਮੈਂ ਬਣਾਉਂਦੀ ਹਾਂ ਸਾਰਾ ਖਾ ਗਿਆ, ਸੱਤ ਮਣ ਆਟਾ ਖਾ ਗਿਆ। ਲੱਡੂ, ਜਲੇਬੀਆਂ ਜੋ ਧਰੀ ਜਾਂਦੀ ਹਾਂ, ਧਰ ਕੇ ਮੁੜਦੀ ਹਾਂ ਜਦ ਨੂੰ ਖਾ ਜਾਂਦਾ ਹੈ। ਐਹੋ ਜਿਹਾ ਛਟੀ ਦਾ ਭੁੱਖਾ ਇੱਥੇ ਆ ਗਿਆ। ਉਹ ਜਿਸ ਵਕਤ ਵਾਪਸ ਆਈ ਕਹਿੰਦਾ ਲੈ ਮਾਤਾ! ਤੂੰ ਕਰ ਦਿੱਤੀ ਨਿੰਦਿਆ ਤੇ ਮੇਰੀ ਤੇਰੀ ਸ਼ਰਤ ਸੀ ਕਿ ਜਿਸ ਦਿਨ ਤੇਰਾ ਦਿਲ ਮੇਰੇ ਤੋਂ ਔਖਾ ਹੋ ਜਾਏਗਾ, ਓਸ ਦਿਨ ਮੈਂ ਚੁੱਪ ਕਰਕੇ ਚਲਿਆ ਜਾਣਾ ਹੈ। ਕਹਿੰਦਾ, ਹਾਂ ਆਪਣੀ ਸ਼ਰਤ ਪੂਰੀ ਹੋ ਗਈ॥ ਉਥੇ ਹੀ ਬੈਠਾ ਅੰਤਰਧਿਆਨ ਹੋ ਗਿਆ। ਹੈਰਾਨ ਹੋ ਗਈ ਕਿ ਕਿੱਧਰ ਛਾਈਂ ਮਾਈ ਹੋ ਗਿਆ। ਨਾ ਤੁਰਦਾ, ਨਾ ਬਾਹਰ ਨਿਕਲਦਾ ਦੇਖਿਆ, ਬੜਾ ਰੋਈ ਕਿ ਰੱਬ ਵੀ ਧੋਖਾ ਦਿੰਦਾ ਹੈ, ਬੜਾ ਮਾੜਾ ਹੈ, ਮਾੜੇ-ਮਾੜੇ ਬੰਦਿਆਂ ਦੇ ਕੰਮ ਚਲਾਉਂਦਾ ਹੈ ਸਾਡਾ ਭਗਤੀ ਕਰਦਾ ਹੈ, ਤਾਂ ਵੀ ਨਹੀਂ ਕੁਛ ਕਰਦਾ। ਮੰਦੇ ਬਚਨ ਕਹਿਣ ਲੱਗ ਗਈ ਬਹੁਤ, ਜਿੰਨੇ ਕਹਿ ਸਕਦੀ ਸੀ। ਉਸ ਵੇਲੇ ਤ੍ਰਿਲੋਚਨ ਆਇਆ, ਕਹਿੰਦਾ ਕਿਉਂ ਤੂੰ ਰੋਂਦੀ ਹੈਂ, ਤੈਨੂੰ ਪਤਾ ਹੀ ਨਹੀਂ ਲਗ ਸਕਿਆ ਕਿ ਭਗਵਾਨ ਆਏ ਸੀ ਆਪਣੇ। ਤੇਰੇ ਭਾਗ ਨਾ ਜਾਗੇ, ਤੂੰ ਉਹਦੀ ਨਿਮਰਤਾ ਨਾਲ ਸੇਵਾ ਕਰਨ ਲਈ ਜਾਣਨਾ ਸੀ, ਜਿਵੇਂ ਬਲ ਰਾਜੇ ਦੀ ਵਸ ਹੋ ਗਿਆ ਸੀ, ਐਉਂ ਆਪਣੇ ਵਸ ਹੋ ਕੇ ਰਹਿਣਾ ਸੀ। ਕਹਿੰਦੀ, ਤੂੰ ਦੱਸ ਦਿੰਦਾ? ਕਹਿੰਦੇ, ਮੈਂ ਤੈਨੂੰ ਕਿੰਨੀ ਵਾਰੀ ਦੱਸਿਆ ਹੈ, ਤੂੰ ਕਿਹੜਾ ਮੇਰੀ ਗੱਲ ਸੁਣਦੀ ਸੀ। ਹੁਣ ਨਿੰਦਿਆ ਨਾ ਕਰ, ਮਾੜੀ ਗੱਲ ਹੈ। ਇਸ ਤਰ੍ਹਾਂ ਕਹਿੰਦੇ ਨੇ-

***ਧਾਰਨਾ - ਤੂੰ ਤਾਂ ਭੁੱਲ ਗਈ ਹੈਂ,***
***ਨਾਰ ਗਵਾਰੇ ਨਿੰਦਿਆ ਨਰਾਇਣ ਦੀ ਕਰੇਂ।***

ਕਹਿਣ ਲੱਗਿਆ, ਤੂੰ ਤਾਂ ਐਨੀ ਭੁੱਲ ਗਈ, ਓਸ ਪ੍ਰਭੂ ਦੀ ਨਿੰਦਿਆ ਕਰਨੀ ਸ਼ੁਰੂ ਕਰ ਦਿੱਤੀ। ਉਹ ਕਿਸੇ ਨੂੰ ਨਹੀਂ ਦੁਖੀ ਕਰਦਾ। ਉਹ ਤਾਂ ਤੇਰੇ ਕਰਮ ਨੇ ਜਿਹੜੇ ਦੁਖ-ਸੁਖ ਦਿੰਦੇ ਨੇ।

***ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ ॥***
***ਦੁਕ੍ਰਿਤੁ ਸੁਕ੍ਰਿਤੁ ਥਾਰੋ ਕਰਮੁ ਰੀ ॥ ਅੰਗ - ੬੯੫***

ਦੁੱਖ ਤੇ ਸੁੱਖ ਤਾਂ ਤੇਰੇ ਕਰਮਾਂ ਨੇ ਤੈਨੂੰ ਦਿਤਾ ਹੈ, ਨਰਾਇਣ ਤਾਂ ਦਿੰਦਾ ਨਹੀਂ ਹੈ, ਤੂੰ ਓਹਦੀ ਨਿੰਦਿਆ ਕਰਨ ਲੱਗੀ ਹੋਈ ਹੈਂ -

***ਧਾਰਨਾ - ਸੁੱਖ ਦੁੱਖ ਤੇਰੇ ਕਰਮਾਂ ਨੇ ਦੇਣਾ,***
***ਕਾਹਨੂੰ ਦੋਸ਼ ਦੇਵੇਂ ਰੱਬ ਨੂੰ।***

***ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥***
***ਜੋ ਮੈ ਕੀਆ ਸੋ ਮੈ ਪਾਇਆ***
***ਦੋਸੁ ਨ ਦੀਜੈ ਅਵਰ ਜਨਾ ॥ ਅੰਗ - ੪੩੩***

ਕਹਿਣ ਲੱਗੇ, ਕਰਮਾਂ ਦੀ ਗੱਲ ਹੈ -

***ਸਰਬ ਜੀਆ ਸਿਰਿ ਲੇਖੁ ਧੁਰਾਹੂ***
***ਬਿਨੁ ਲੇਖੈ ਨਹੀ ਕੋਈ ਜੀਉ ॥***
***ਆਪਿ ਅਲੇਖੁ ਕੁਦਰਤਿ ਕਰਿ ਦੇਖੈ***
***ਹੁਕਮਿ ਚਲਾਏ ਸੋਈ ਜੀਉ ॥ ਅੰਗ - ੫੯੮***

ਕਹਿੰਦੇ, ਦੇਖ, ਵੱਡੇ-ਵੱਡੇ ਜਿਹੜੇ ਦੇਵੀ ਦੇਵਤੇ, ਈਸ਼ਵਰ ਕੋਟੀ ਦੇ ਨੇ ਉਹ ਵੀ ਕਰਮਾਂ ਤੋਂ ਬਰੀ ਨਹੀਂ ਹੋਇਆ ਕਰਦੇ। ਉਨ੍ਹਾਂ ਨੂੰ ਕਰਮ ਭੋਗਣੇ ਪੈਂਦੇ ਨੇ -

***ਭੋਗੇ ਬਿਨ ਭਾਗੇ ਨਹੀ ਕਰਮ ਗਤੀ ਬਲਵਾਨ।***

ਚਾਹੇ ਕਿੱਡੇ-ਕਿੱਡੇ ਵੱਡੇ ਹੋਣ, ਮਿਸਾਲਾਂ ਦਿੱਤੀਆਂ ਉਥੇ ਬਹੁਤ ਸਾਰੀਆਂ, ਉਨ੍ਹਾਂ ਵਿਚੋਂ ਇੱਕ ਮਿਸਾਲ ਉਹਨੇ ਕਿਹਾ ਕਿ ਦੇਖੋ, ਹਨੂੰਮਾਨ ਜੀ ਨੂੰ ਸੀਤਾ ਜੀ ਕੋਲ ਭੇਜਿਆ ਕਿ ਜਾਹ ਖਬਰ ਲੈ ਕੇ ਆ ਗਿਆ। ਲੰਕਾ ਵਿਚ ਪਹੁੰਚਿਆ ਉਹ। ਐਸੀ ਸ਼ਕਤੀ ਹੋ ਆਈ ਕਿ ਸਮੁੰਦਰ ਦੇ ਉਪਰ ਦੀ ਲੰਘ ਗਿਆ ਉਹ। ਉਥੇ ਗਿਆ ਤਾਂ ਵਣ ਵਿੱਚ ਜਾ ਕੇ ਸੀਤਾ ਜੀ ਨੂੰ ਟੋਲ੍ਹ ਲਿਆ। ਮੁੰਦਰੀ ਦਿਖਾਈ ਸ੍ਰੀ ਰਾਮ ਚੰਦਰ ਜੀ ਦੀ। ਉਸ ਤੋਂ ਬਾਅਦ ਉਸਨੇ ਰਾਵਣ ਦੇ ਬਾਗ ਨੂੰ ਪੁੱਟਣਾ ਸ਼ੁਰੂ ਕਰ ਦਿੱਤਾ। ਨਠਾ ਦਿੱਤੇ ਰਾਖੇ ਸਾਰੇ। ਉਸ ਤੋਂ ਬਾਅਦ ਗੜ੍ਹ ਦੇ ਅੰਦਰ ਜਾ ਕੇ ਅੱਗ ਲਾ ਦਿੱਤੀ ਤੇ ਬਾਅਦ ਵਿਚ ਜਦ ਆਇਆ ਤਾਂ ਕ੍ਰਿਸ਼ਨ ਮਹਾਰਾਜ ਨੇ ਆ ਕੇ ਸ੍ਰੀ ਰਾਮ ਚੰਦਰ ਜੀ ਨੂੰ ਸਾਰੀ ਗੱਲ ਸੁਣਾਈ। ਸ੍ਰੀ ਰਾਮ ਚੰਦਰ ਜੀ ਨੇ ਕਿਹਾ -

***ਔਹ ਹਨੂਮਾਨ ਕਹਿਓ ਰਘੁਬੀਰ***
***ਕਛੂ ਸੁਧ ਹੈ ਸੀਅ ਕੀ ਛਿਤ ਮਾਹੀ।***
***ਹੈ ਪ੍ਰਭ, ਲੰਕ ਕਲੰਕ ਬਿਨਾ ਸੁ ਬਸਹਿ,***
***ਤਰ ਰਾਵਣ ਬਾਗ ਕੀ ਛਾਹੀ।***
***ਜੀਵਤ ਹੈ?***
***ਕਹਿਬੇ ਹੀ ਕੋ ਨਾਥ।***
***ਸੋ ਕਿਉਂ ਨ ਮਰੀ ਹਮਰੇ ਬਿਛਰਾਹੀ?***

ਸ੍ਰੀ ਰਾਮ ਚੰਦਰ ਜੀ ਨੇ ਕਿਹਾ ਕਿ ਮੇਰੇ ਨਾਲੋਂ ਵਿਛੜ ਕੇ ਉਹ ਜੀਉਂਦੀ ਕਿਵੇਂ ਰਹਿ ਗਈ। ਕਹਿੰਦੇ, ਮਹਾਰਾਜ! -

***ਪ੍ਰਾਨ ਵਸੇ ਪਦ ਪੰਕਜ ਮੇਂ,***
***ਜਮ ਆਵਤ ਹੈ ਪਰ ਪਾਵਤ ਨਾਹੀ।***

ਪ੍ਰਾਨ ਤੁਹਾਡੇ ਚਰਨਾਂ 'ਚ ਵਸਦੇ ਨੇ। ਜਮਦੂਤ ਆਉਂਦਾ ਹੈ ਪ੍ਰਾਣ ਲੈਣ ਵਾਸਤੇ, ਪਰ ਜਦੋਂ ਹੁੰਦੇ ਹੀ ਨਹੀਂ ਉਥੇ ਪ੍ਰਾਣ, ਉਹ ਲੈ ਕੇ ਨਹੀਂ ਜਾ ਸਕਦੇ।

ਸ੍ਰੀ ਰਾਮ ਚੰਦਰ ਜੀ ਬਹੁਤ ਪ੍ਰਸੰਨ ਹੋਏ। ਯੁੱਧ ਦੇ ਵਿੱਚ ਲਛਮਣ ਦੇ ਬਰਛੀ ਲੱਗੀ, ਓਸ ਵੇਲੇ ਸੰਜੀਵਨੀ ਬੂਟੀ ਲੈਣ ਵਾਸਤੇ ਹਨੂੰਮਾਨ ਗਿਆ। ਸੰਜੀਵਨੀ ਬੂਟੀ ਲੈ ਕੇ ਆਉਂਦਾ ਹੈ ਉਸ ਵੇਲੇ ਰਾਮ ਚੰਦਰ ਜੀ ਨੇ ਕਿਹਾ ਕਿ ਹੇ ਹਨੂੰਮਾਨ! ਜੋ ਕੁਛ ਉਸ ਵੇਲੇ ਮੇਰੇ ਕੋਲ ਹੋਏਗਾ, ਸਰਬੰਸ ਤੈਨੂੰ ਦੇਵਾਂਗਾ। ਜਦੋਂ ਸੰਜੀਵਨੀ ਬੂਟੀ ਲੈ ਕੇ ਆਇਆ, ਸ੍ਰੀ ਰਾਮ ਚੰਦਰ ਜੀ ਸਮੁੰਦਰ ਦੇ ਕਿਨਾਰੇ ਇਸ਼ਨਾਨ ਕਰ ਰਹੇ ਸੀ। ਕੋਈ ਕਪੜਾ ਨਹੀਂ ਸੀ, ਇੱਕ ਕਛਹਿਰਾ ਸੀ, ਜਿਹੜਾ ਬਦਲਾਉਣਾ ਸੀ। ਜਦੋਂ ਰਾਮ ਚੰਦਰ ਜੀ ਆਏ ਤਾਂ ਉਨ੍ਹਾ ਨੇ ਕਿਹਾ ਕਿ ਹਨੂੰਮਾਨ! ਹੁਣ ਤਾਂ ਮੇਰੇ ਕੋਲ ਇੱਕ ਆਹੀ ਕਛੌਟੀ ਹੈ, ਕੱਛ ਹੈ, ਹੋਰ ਤਾਂ ਹੈ ਨਹੀਂ। ਉਹਨੇ ਕਿਹਾ ਮਹਾਰਾਜ! ਮੈਨੂੰ ਮਨਜ਼ੂਰ ਹੈ। ਕਿਉਂਕਿ ਉਹਨੇ ਕਰਮ ਕੀਤਾ ਸੀ।

ਇਹਨੇ ਪੁੱਛਿਆ ਕਿ ਉਹਨੂੰ ਕੱਛ ਕਿਉਂ ਮਿਲੀ? ਹੋਰ ਚੀਜ਼ ਕਿਉਂ ਨਾ ਮਿਲੀ?

ਕਹਿੰਦਾ, ਉਹਨੇ ਕਰਮ ਕੀਤਾ ਹੋਇਆ ਸੀ, ਪਿਛਲੇ ਜਨਮਾਂ ਦੇ ਅੰਦਰ ਡਾਕੂ ਸੀਗਾ ਇਹ, ਚੋਰੀ ਵੀ ਕਰਦਾ ਸੀ, ਕੱਪੜੇ ਚੁੱਕ ਕੇ ਲੈ ਜਾਣੇ ਜੇ ਕੋਈ ਨਾਹੁੰਦਾ ਸੀ ਨਦੀ 'ਚ। ਇੱਕ ਵਾਰੀ ਇੱਕ ਤੱਤ ਬੇਤੇ ਮਹਾਂਪੁਰਸ਼ ਇਸ਼ਨਾਨ ਕਰ ਰਹੇ ਸੀ। ਇਹਨੇ ਉਨ੍ਹਾਂ ਦਾ ਜਿੰਨਾਂ ਵੀ ਸਾਰਾ ਸਮਾਨ ਪਿਆ ਸੀ, ਸਾਰਾ ਚੁੱਕਿਆ, ਕੁਛ ਵੀ ਨਾ ਛੱਡਿਆ, ਇਕ ਕਪੀਨ ਵੀ ਨਾ ਛੱਡੀ, ਜਿਹੜੀ ਤੇੜ ਪਹਿਨੀ ਹੋਈ ਸੀ ਓਹੀ ਰਹਿ ਗਈ। ਉਸ ਵੇਲੇ ਉਨ੍ਹਾਂ ਨੇ ਆਵਾਜ਼ ਮਾਰੀ ਕਹਿੰਦੇ ਉਹ ਪੁਰਖਾ! ਕੱਪੜਾ ਪਹਿਨਣ ਵਾਸਤੇ ਤਾਂ ਛੱਡ ਜਾ ਕੋਈ। ਇਹਨੇ ਧਿਆਨ ਨਾ ਦਿੱਤਾ। ਕਹਿੰਦੇ, ਜਾਹ ਅਗਲੇ ਜਨਮ ਵਿੱਚ ਤੂੰ ਵੀ ਨੰਗਾ ਹੀ ਰਹੇਂਗਾ, ਇੱਕ ਕਛਹਿਰਾ ਹੀ ਤੈਨੂੰ ਮਿਲੇਗਾ। ਹਨੂੰਮਾਨ ਕੱਪੜਾ ਨਹੀਂ ਸੀ ਪਾ ਸਕਦਾ, ਜਦੋਂ ਪਾਉਂਦਾ ਸੀ ਸਰੀਰ ਨੂੰ ਐਸ ਤਰ੍ਹਾਂ ਹੋ ਜਾਂਦਾ ਕਿ ਜਿਵੇਂ ਅੱਗ ਲਗ ਜਾਂਦੀ ਹੈ। ਨੰਗਾ ਰਿਹਾ ਸਾਰੀ ਜ਼ਿੰਦਗੀ। ਕੇਵਲ ਇੱਕ ਕਛਹਿਰਾ ਉਹਦੀ ਕਿਸਮਤ ਵਿਚ ਸੀ। ਕਹਿਣ ਲੱਗੇ, ਦੇਖੋ ਕਿੱਡਾ ਵੱਡਾ ਕੰਮ ਕਰਿਆ। ਸ੍ਰੀ ਰਾਮ ਚੰਦਰ ਜੀ ਵਰਗੇ ਅਵਤਾਰ ਤੇ ਉਹਦੇ ਕਰਮ ਨੂੰ ਮੇਟ ਨਾ ਸਕੇ। ਕਿਉਂਕਿ ਪਰਾਲਬਧ ਕਰਮ ਜਦੋਂ ਆ ਜਾਂਦਾ ਹੈ ਭੋਗਣ ਦੀ ਕੋਟੀ 'ਚ ਉਸ ਵੇਲੇ ਭੋਗਣਾ ਹੀ ਪੈਂਦਾ ਹੈ।

***ਭੋਗਹਿ ਬਿਨ ਭਾਗੇ ਨਾਹੀ ਕਰਮ ਗਤੀ ਬਲਵਾਨ।***

ਸਕੇਤ ਮੰਡੀ ਦੇ ਰਾਜੇ ਨੂੰ ਗੁਰੂ ਮਹਾਰਾਜ ਨੇ ਸੁਪਨੇ 'ਚ ਭੋਗਾਇਆ ਸੀ। ਸ਼ਮੀਰ ਨੂੰ ਗੁਰੂ ਦਸਵੇਂ ਪਾਤਸ਼ਾਹ ਜੀ ਨੇ ਸੁਪਨੇ 'ਚ ਸਾਰੇ ਜਨਮ ਭੁਗਤਾਏ। ਇਹ ਤਾਂ ਭੋਗਣੇ ਪੈਂਦੇ ਨੇ। ਕਿਉਂਕਿ ਧੁਰ ਦੇ ਲਿਖੇ ਹੋਏ ਨੇ। ਸੋ ਇਸ ਤਰ੍ਹਾਂ ਦੇ ਨਾਲ ਸਾਧਸੰਗਤ ਜੀ! ਕੱਤਕ ਦੇ ਮਹੀਨੇ ਦੀ ਆਪਾਂ ਸੰਗਰਾਂਦ ਮਨਾਉਂਦੇ ਹਾਂ ਇਹਦੇ ਵਿਚ ਪਹਿਲਾਂ ਹੀ ਜੋ ਬਚਨ ਹੈ ਮਹਾਰਾਜ ਨੇ ਕਿਹਾ ਹੈ -

***ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥***
***ਅੰਗ - ੧੩੫***

ਇਹ ਜੋ ਸੁਖ ਤੇ ਦੁਖ ਤੁਹਾਨੂੰ ਮਿਲ ਰਹੇ ਨੇ ਇਹ ਤੁਹਾਡੇ ਹੀ ਕਰਮ ਨੇ। ਕਰਮ ਕਰਨ ਦੇ ਵਿੱਚ ਤੁਸੀਂ ਸੁਤੰਤਰ ਓਂ। ਐਸੇ ਕਰਮ ਕਰੋ ਜਿਹੜੇ ਜਾ ਕੇ ਬੇਅੰਤ ਫਲਣ। ਉਨ੍ਹਾਂ ਸਾਰੇ ਕਰਮਾਂ 'ਚੋਂ ਜੇ ਕੋਈ ਸਭ ਤੋਂ ਚੰਗਾ ਕਰਮ ਹੈ ਉਹ ਹੈ ਪ੍ਰਭੂ ਦਾ ਨਾਮ ਜਪਣਾ, ਅੰਮ੍ਰਿਤ ਵੇਲੇ ਜਾਗਣਾ, ਇਸ਼ਨਾਨ ਕਰਨਾ, ਬੈਠ ਕੇ ਧਿਆਨ ਲਾਉਣਾ, ਮਹਾਂਪੁਰਸ਼ਾਂ ਨਾਲ ਮਿਲ ਕੇ ਆਪਣੇ ਅੰਦਰ ਦੀ ਖੋਜ ਕਰਨੀ। ਸਭ ਤੋਂ ਜ਼ਿਆਦਾ ਸ੍ਰੇਸ਼ਟ ਕਰਮ ਹੈ -

***ਜਹ ਮਾਤ ਪਿਤਾ ਸੁਤ ਮੀਤ ਨ ਭਾਈ ॥***
***ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ॥ ਅੰਗ - ੨੬੪***

ਜਿੱਥੇ ਕੋਈ ਨਹੀਂ ਹੋਣਾ, ਉਥੇ ਨਾਮ ਸਹਾਇਤਾ ਕਰਦਾ ਹੈ। ਸੋ ਇਸ ਕਰਕੇ ਕੱਤਕ ਦੇ ਮਹੀਨੇ ਮਹਾਰਾਜ ਨੇ ਜੋ ਪਹਿਲਾ ਹੀ ਵਾਕ ਸਾਨੂੰ ਕਿਹਾ ਹੈ ਕਿ ਦੋਸ਼ ਨਾ ਦਿਓ ਕਿਸੇ ਨੂੰ, ਹੁਣ ਸੋਚ ਕੇ ਕਰਮ ਕਰੋ। ਨਹੀਂ ਤਾਂ ਫੇਰ ਬਹੁਤ ਔਖਾ ਹੋ ਜਾਂਦਾ ਹੈ -

*ਧਾਰਨਾ - ਕਾਲੇ ਲੇਖ ਨਾ ਲਿਖੀਂ ਓਏ ਮਨਾਂ ਮੇਰਿਆ,*
*ਲੇਖਾ ਦੇਣਾ ਔਖਾ ਹੋ ਜਾਏਗਾ।*

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ ॥*
*ਅੰਗ - ੧੩੭੮*

ਕਾਲੇ ਲੇਖ ਨਾ ਲਿਖ। ਉਹ ਕਰਮ ਨਾ ਕਰੀਂ ਜਿਨ੍ਹਾਂ ਦਾ ਫਲ ਦੁੱਖ ਹੋਵੇ, ਨਰਕ ਹੋਵੇ। ਉਹ ਕਰਮ ਕਰ ਜਿਹਦੇ ਨਾਲ ਤੈਨੂੰ ਸੁਖ ਮਿਲੇ। ਸਭ ਤੋਂ ਵੱਡਾ ਜੋ ਕਰਮ ਹੈ ਉਹ ਨਾਮ ਜਪਣਾ, ਬੰਦਗੀ ਕਰਨੀ ਹੈ, ਐਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਕੋਈ ਬੀਜ ਲੈ ਕਿਆਰਾ ਸੱਚੇ ਨਾਮ ਦਾ,*
*ਪਾਪਾਂ ਵਾਲੇ ਖੇਤ ਬੀਜ ਲਏ।*

*ਜਿਨੀ ਐਸਾ ਹਰਿ ਨਾਮੁ ਨ ਚੇਤਿਓ*
*ਸੇ ਕਾਹੇ ਜਗਿ ਆਏ ਰਾਮ ਰਾਜੇ ॥*
*ਇਹੁ ਮਾਣਸ ਜਨਮੁ ਦੁਲੰਭੁ ਹੈ*
*ਨਾਮ ਬਿਨਾ ਬਿਰਥਾ ਸਭੁ ਜਾਏ ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ*
*ਅਗੈ ਭੁਖਾ ਕਿਆ ਖਾਏ ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ ॥*
*ਅੰਗ - ੪੫੦*

ਸੋ ਇਸ ਕਰਕੇ ਸਾਧਸੰਗਤ ਜੀ, ਇਸ ਮਹੀਨੇ ਦਾ ਜੋ ਸਭ ਤੋਂ ਵੱਡਾ ਯਾਦ ਰੱਖਣ ਵਾਲਾ ਉਪਦੇਸ਼ ਹੈ, ਉਹ ਹੈ -

*ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ ॥*
*ਅੰਗ - ੧੩੫*

ਸੋਚ ਕੇ ਕਰਮ ਕਮਾਵੋ, ਕਿਸੇ ਨੂੰ ਦੋਸ਼ ਨਾ ਦੇਵੋ। ਆਪਣੇ ਕਰਮਾਂ ਦਾ ਹੀ ਦੋਸ਼ ਅਸੀਂ ਭੁਗਤ ਰਹੇ ਹਾਂ।

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ ॥*
*ਅੰਗ - ੧੩੫*

ਦੂਸਰਾ ਹੈ ਕਿ ਵਾਹਿਗੁਰੂ ਜਦੋਂ ਭੁੱਲਾਂਗੇ ਤਾਂ ਮਾਨਸਿਕ ਰੋਗ ਵੀ ਪੈਦਾ ਹੋਣਗੇ, ਸਰੀਰਕ ਰੋਗ ਵੀ ਪੈਦਾ ਹੋਣਗੇ, ਆਰਥਿਕ ਰੋਗ ਵੀ ਲਗਣਗੇ। ਸ਼ਰਾਬਾਂ ਕਬਾਬਾਂ ਪੀ ਕੇ ਪੈਸੇ ਦਾ ਨਾਸ਼ ਕਰਦਾ ਹੈ। ਭਾਈਚਾਰਕ ਰੋਗ ਵੀ ਲੱਗਣਗੇ। ਬੇਅੰਤ ਰੋਗਾਂ ਦੇ ਵਿਚ ਘਿਰ ਜਾਏਗਾ। ਦੁੱਖਾਂ ਦਾ ਦੌਰ ਸ਼ੁਰੂ ਹੋ ਜਾਏਗਾ।

*ਕੋਟਿ ਬਿਘਨ ਤਿਸੁ ਲਾਗਤੇ ਜਿਸ ਨੋ ਵਿਸਰੈ ਨਾਉ ॥*
*ਅੰਗ - ੫੨੨*

ਸੋ ਇਸ ਤਰ੍ਹਾਂ ਦੇ ਨਾਲ ਅਗਲਾ ਹੈ -

*ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ ॥ਅੰਗ- ੧੩੫*

ਵਾਹਿਗੁਰੂ ਤੋਂ ਬੇਮੁਖ ਹੋ ਕੇ ਇਹ ਕਹਿਣਾ, ਨਾਸਤਕ ਬਣ ਜਾਣਾ ਕਿ ਰੱਬ ਤਾਂ ਹੈ ਹੀ ਨਹੀਂ। ਤਾਂ ਕਹਿੰਦੇ, ਦੁਨੀਆਂ ਦੇ ਬੇਅੰਤ ਰੋਗ ਉਸ ਦੇ ਆਲੇ-ਦੁਆਲੇ ਚਿੰਬੜ ਜਾਣਗੇ। ਸੋ ਇਸ ਤਰ੍ਹਾ ਜੋ ਬਾਣੀ ਹੈ, ਮਹੀਨੇ ਦਾ ਉਪਦੇਸ਼ ਹੈ ਸਮਝਣ ਦਾ ਯਤਨ ਕਰੋ, ਜਿਸ ਨਾਲ ਇੱਥੇ ਵੀ ਜੀਵਨ ਸਫਲਾ ਰਹੇ ਤੇ ਅੱਗੇ ਦਰਗਾਹ ਵਿੱਚ ਵੀ ਸਫਲਾ ਰਹੇ। ਸੋ ਆਪਾਂ ਵਿਚਾਰ ਕਰੀ ਸੀ ਕਿ ਹਉਮੈ ਕਰਕੇ ਕਰਮ ਜਿਹੜੇ ਨੇ, ਉਹ ਚਿੰਬੜ ਗਏ। ਹੁਣ ਹਉਮੈ ਦਾ ਨਾਸ਼ ਕਿਵੇਂ ਹੋਵੇ? ਹਉਮੈ ਦਾ ਨਾਸ਼ ਹੁੰਦਾ ਹੈ -

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ - ੫੬੦*

ਨਾਮ ਤੇ ਹਉਮੈ ਨੇ ਨਹੀਂ ਰਹਿਣਾ। ਨਾਮ ਮਿਲਦਾ ਹੈ ਪੂਰੇ ਸਤਿਗੁਰਾਂ ਤੋਂ, ਪੂਰਨ ਮਹਾਂਪੁਰਸ਼ ਤੋਂ -

*ਸਤਿਗੁਰ ਸੇਵੈ ਲਗਿਆ ਕਢਿ ਰਤਨੁ ਦੇਵੈ ਪਰਗਾਸਿ ॥*
*ਅੰਗ - ੪੦*

*ਬਿਨੁ ਸਤਿਗੁਰ ਨਾਉ ਨ ਪਾਈਐ ਬੁਝਹੁ ਕਰਿ ਵੀਚਾਰੁ ॥*
*ਨਾਨਕ ਪੂਰੈ ਭਾਗਿ ਸਤਿਗੁਰੁ ਮਿਲੈ*
*ਸੁਖੁ ਪਾਏ ਜੁਗ ਚਾਰਿ ॥ਅੰਗ - ੬੪੯*

ਸੋ ਨਾਮ ਦੀ ਦਾਤ ਮਿਲਦੀ ਹੈ, ਮਹਾਂਪੁਰਸ਼ਾਂ ਨਾਲ ਮਿਲ ਕੇ ਕਮਾਈ ਹੁੰਦੀ ਹੈ। ਇਕੱਲੇ ਦੇ ਉੱਤੇ ਕਲਜੁਗ ਪੈ ਜਾਂਦਾ ਹੈ, ਸੰਗਤ ਵਿਚ ਆਓ, ਸੇਵਾ ਕਰੋ, ਅੰਮ੍ਰਿਤ ਵੇਲੇ ਜਾਗੋ। ਸੋ ਨਾਮ ਅਸਲੀ ਚੀਜ਼ ਹੈ ਜਿਹੜਾ ਹੈ, ਬਾਕੀ ਸਭ ਬੇਕਾਰ ਕੰਮ ਨੇ। ਜੇ ਅਸੀਂ ਖੇਤੀਆਂ ਕਰੀ ਜਾਈਏ, ਦੀਵਾਨ ਹੀ ਲਾਉਂਦੇ ਫਿਰੀ ਜਾਈਏ, ਇਹਦੇ 'ਚ ਅਸੀਂ ਆਪ ਫਸ ਜਾਵਾਂਗੇ। ਕਿਉਂਕਿ ਅਸੀਂ ਉਹ ਕੰਮ ਨਹੀਂ ਕਰਿਆ ਜਿਹੜਾ ਕਰਕੇ ਅੰਦਰਲੀ ਖੋਜ ਹੋ ਜਾਂਦੀ ਹੈ। ਸੋ ਅੰਦਰਲੀ ਖੋਜ ਕਰਨੀ ਹੈ। ਕਿਉਂਕਿ ਅੰਦਰ ਹੀ ਸਭ ਕੁਛ ਹੈ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ - ੯੫੪*

ਨਹੀਂ ਖੁਲ੍ਹਦੇ ਗੁਰੂ ਦੇ ਸ਼ਬਦ ਤੋਂ ਬਗੈਰ।

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਅੰਗ - ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*
*ਅੰਗ - ੯੪੭*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ। ਗੁਰਸਤੋਤਰ, ਅਰਦਾਸ, ਹੁਕਮਨਾਮਾ।

*******

# ਧੰਨ ਸਾਹਿਬ ਸ੍ਰੀ ਗੁਰੂ ਅੰਗਦ ਸਾਹਿਬ ਜੀ ਤੇ ਭਾਈ ਗੁੱਜਰ ਲੋਹਾਰ

*ਸੰਤ ਵਰਿਆਮ ਸਿੰਘ ਜੀ,*
*ਬਾਨੀ ਵਿ. ਗੁ. ਰੂ. ਮਿਸ਼ਨ।*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ - ਸੰਸਾਰ ਸਮੁੰਦੇ ਤਾਰ ਗੋਬਿੰਦੇ,*
*ਤਾਰ ਲੈ ਬਾਪ ਬੀਠੁਲਾ।*

*ਲੋਭ ਲਹਰਿ ਅਤਿ ਨੀਝਰ ਬਾਜੈ ॥*
*ਕਾਇਆ ਡੂਬੈ ਕੇਸਵਾ ॥ ੧ ॥*
*ਸੰਸਾਰੁ ਸਮੁੰਦੇ ਤਾਰਿ ਗੁੋਬਿੰਦੇ ॥*
*ਤਾਰਿ ਲੈ ਬਾਪ ਬੀਠੁਲਾ ॥ ੧ ॥ ਰਹਾਉ ॥*
*ਅਨਿਲ ਬੇੜਾ ਹਉ ਖੇਵਿ ਨ ਸਾਕਉ ॥*
*ਤੇਰਾ ਪਾਰੁ ਨ ਪਾਇਆ ਬੀਠੁਲਾ ॥ ੨ ॥*
*ਹੋਹੁ ਦਇਆਲੁ ਸਤਿਗੁਰੁ ਮੇਲਿ ਤੂ ਮੋ ਕਉ ॥*
*ਪਾਰਿ ਉਤਾਰੇ ਕੇਸਵਾ ॥ ੩ ॥*
*ਨਾਮਾ ਕਹੈ ਹਉ ਤਰਿ ਭੀ ਨ ਜਾਨਉ ॥*
*ਮੋ ਕਉ ਬਾਹ ਦੇਹਿ ਬਾਹ ਦੇਹਿ ਬੀਠੁਲਾ ॥*
*ਅੰਗ - ੧੧੯੬*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ, ਚਿੱਤ ਬਿਰਤੀਆਂ ਨੂੰ ਇਕਾਗਰ ਕਰੋ। ਜਿਸ ਕੰਮ ਵਾਸਤੇ ਆਪ ਆਏ ਓਂ, ਐਨੀਆਂ ਧੁੱਪਾਂ ਦੇ ਅੰਦਰ ਸਹਿਜ ਤਪ ਕਰ ਰਹੇ ਓਂ। ਉਹਦਾ ਪੂਰਾ-ਪੂਰਾ ਲਾਹਾ ਲੈਣ ਵਾਸਤੇ, ਨੇਤਰਾਂ ਨਾਲ ਗੁਰੂ ਸਰੂਪ ਦੇ ਦਰਸ਼ਨ ਕਰੋ। ਕੰਨਾਂ ਦੇ ਨਾ ਬਾਣੀ ਸਰਵਣ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ। ਵਿਚਾਰ ਕੇ ਹਿਰਦੇ 'ਚ ਧਾਰਨ ਕਰੋ। ਜਦੋਂ ਅਸੀਂ ਇਸ ਤਰ੍ਹਾਂ ਕਰਾਂਗੇ, ਫੇਰ ਸਾਨੂੰ ਪੂਰਾ-ਪੂਰਾ ਲਾਹਾ ਪ੍ਰਾਪਤ ਹੋ ਜਾਏਗਾ। ਸਮਾਂ ਲੰਘਦਾ ਜਾ ਰਿਹਾ ਹੈ, ਬਾਣੀ 'ਚ ਫੁਰਮਾਨ ਆਇਆ ਹੈ -

*ਲੋਭ ਲਹਰਿ ਅਤਿ ਨੀਝਰ ਬਾਜੈ ॥ ਅੰਗ - ੧੧੯੬*

ਬਹੁਤ ਭਿਆਨਕ ਲਹਿਰਾਂ ਲੋਭ ਦੀਆਂ ਉਠ ਰਹੀਆਂ ਨੇ। ਕਾਮ ਦੀਆਂ ਉੱਠ ਰਹੀਆਂ ਨੇ, ਕ੍ਰੋਧ ਦੀਆਂ ਉੱਠ ਰਹੀਆਂ ਨੇ, ਮੋਹ ਦੀਆਂ ਉੱਠ ਰਹੀਆਂ ਨੇ, ਹੰਕਾਰ ਦੀਆਂ ਉੱਠ ਰਹੀਆਂ ਨੇ। ਹੰਗਤਾ, ਮਮਤਾ, ਨਿੰਦਿਆਂ, ਈਰਖਾ, ਵਖੀਲੀ, ਤ੍ਰਿਸ਼ਨਾ, ਚੁਗਲੀ; ਐਨੀਆਂ ਲਹਿਰਾਂ, ਵਾ-ਵਰੋਲੇ ਉੱਠ ਰਹੇ ਨੇ। ਵਾ-ਵਰੋਲਿਆਂ ਦੇ ਵਿਚ ਤਾਂ ਜਹਾਜ਼ ਤੁਰ ਹੀ ਨਹੀਂ ਸਕਦਾ। ਘੁੰਮਣ-ਘੇਰੀਆਂ ਖਾ ਕੇ ਡੁੱਬ ਜਾਂਦਾ ਹੈ। ਐਡੀ ਵੱਡੀ ਲਹਿਰ ਉੱਠੀ ਹੋਈ ਹੈ - 'ਕਾਇਆ ਡੂਬੈ ਕੇਸਵਾ ॥' ਜਿਹੜਾ ਮੇਰਾ ਸਰੀਰ ਹੈ, ਜਿਹੜੀ ਮੇਰੀ ਹਸਤੀ ਹੈ, ਡੁੱਬਦੀ ਚਲੀ ਜਾ ਰਹੀ ਹੈ ਇਸ ਲਹਿਰ ਦੇ ਅੰਦਰ। ਹੇ ਵਾਹਿਗੁਰੂ! ਇਸ ਸੰਸਾਰ ਸਮੁੰਦਰ 'ਚੋਂ ਮੈਨੂੰ ਤਾਰ ਲੈ, ਤਰਲਾ ਲਿਆ ਹੈ ਕਿ ਹੇ ਪਿਤਾ! ਹੇ ਵਾਹਿਗੁਰੂ ਜੀ! ਤੁਸੀਂ ਮੈਨੂੰ ਜ਼ਰੂਰ ਤਾਰ ਲਓ। ਆਹ ਸਮੁੰਦਰ ਦੇ ਅੰਦਰ, ਲਹਿਰਾਂ ਦੇ ਵਿਚ, ਜਹਾਜ਼ ਮੇਰੇ ਤੋਂ ਨਹੀਂ ਚਲਾ ਹੁੰਦਾ ਤੇ ਅਗਲੇ ਕੰਢੇ ਦਾ ਵੀ ਕੋਈ ਪਤਾ ਨਹੀਂ ਹੈ। ਤੂੰ ਆਪ ਕ੍ਰਿਪਾ ਕਰ! ਮੈਨੂੰ ਗੁਰੂ ਦਾ ਮਿਲਾਪ ਕਰਾ। ਜੇ ਜ਼ਿੰਦਗੀ 'ਚ ਕਿਸੇ ਨੂੰ ਪੂਰੇ ਸਤਿਗੁਰੂ ਦਾ ਮਿਲਾਪ ਹੋ ਜਾਵੇ, ਤਾਂ ਉਹ ਸਤਿਗੁਰੂ ਤਾਰ ਦਿੰਦਾ ਹੈ। ਮੇਰੇ ਤੋਂ ਨਹੀਂ ਤਰਿਆ ਜਾਂਦਾ ਤੇ ਮੈਨੂੰ ਉਹ ਗੁਰੂ ਪਾਰ ਉਤਾਰ ਦਏਗਾ।ਮੈਂ ਤਾਂ ਜਾਣਦਾ ਹੀ ਨਹੀਂ ਕਿ ਕਿਵੇਂ ਤਰ ਹੁੰਦਾ ਹੈ। ਸਹਾਰਾ ਦੇ ਕੇ ਮੈਨੂੰ ਤਾਰ ਲੈ। ਸੋ ਇਸ ਸੰਸਾਰ ਸਮੁੰਦਰ ਦੇ ਅੰਦਰ, ਐਨੀਆਂ ਲਹਿਰਾਂ ਉੱਠ ਰਹੀਆਂ ਨੇ ਇਸ ਥਾਂ ਦੇ ਉੱਤੇ ਕਿ ਅੱਜ ਦੀ ਜੋ ਜ਼ਿੰਦਗੀ ਹੈ ਉਹ ਬਹੁਤ ਪਰੇਸ਼ਾਨੀਆਂ 'ਚ ਪੈ ਗਈ। ਕੋਈ ਕਿਨਾਰਾ ਨਹੀਂ ਨਜ਼ਰ ਆ ਰਿਹਾ। ਫੁਰਸਤ ਨਹੀਂ ਰਹੀ ਕਿ ਪ੍ਰਮੇਸ਼ਰ ਦੇ ਭਜਨ ਵਲ ਧਿਆਨ ਦੇਈਏ। ਹੋਰ ਝੂਠੀਆਂ ਚੀਜ਼ਾਂ ਨੇ ਐਨਾ ਮਨ ਮੱਲ ਲਿਆ, ਐਨਾ ਸਮਾਂ ਲੈ ਲਿਆ ਕਿ ਕਿਸੇ ਪਾਸੇ ਅਸੀਂ ਸਮਾਂ ਵੀ ਨਹੀਂ ਕੱਢ ਸਕਦੇ, ਕਿਉਂਕਿ ਲਹਿਰਾਂ ਬਹੁਤ ਵੱਡੀਆਂ-ਵੱਡੀਆਂ ਉੱਠ ਰਹੀਆਂ ਨੇ।

ਆਹ ਪਿੱਛੇ ਤੁਸੀਂ ਪੜ੍ਹਿਆ ਹੋਣਾ ਅਖਬਾਰਾਂ 'ਚ, ਬੰਗਲਾ ਦੇਸ਼ ਦੇ ਅੰਦਰ ਇੱਕੋ ਦਿਨ 'ਚ ਸੁਨਾਮੀ ਲਹਿਰ ਪੰਜ ਲੱਖ ਬੰਦਿਆਂ ਨੂੰ ਰੋੜ੍ਹ ਕੇ ਲੈ ਗਈ। ਪਤਾ ਕਿੰਨੇ ਕੁ ਇਰਾਦੇ ਹੋਣੇ ਨੇ, ਕੀ-ਕੀ ਕਰਦੇ ਹੋਣੇ ਨੇ। ਪੰਜ ਲੱਖ ਬੰਦਾ ਥੋੜ੍ਹਾ ਨਹੀਂ ਹੁੰਦਾ। ਸੋ ਇਸ ਤਰ੍ਹਾਂ ਦੇ ਨਾਲ ਇਹ ਲਹਿਰਾਂ ਉੱਠ ਰਹੀਆਂ ਨੇ। ਰੋੜ੍ਹੀ ਤੁਰੀਆਂ ਜਾਂਦੀਆਂ ਨੇ ਸੰਸਾਰ ਨੂੰ ਤੇ ਸਾਡਾ ਸਾਰਾ ਹੀ ਸਮਾਂ ਬਰਬਾਦ ਹੁੰਦਾ ਜਾਂਦਾ ਹੈ। ਕਿਉਂਕਿ ਅਸੀਂ ਗਫਲਤ 'ਚ ਪਏ ਹੋਏ ਹਾਂ, ਜੇ ਸਾਡਾ ਇਰਾਦਾ ਵੀ ਹੋ ਜਾਵੇ, ਤਾਂ ਵੀ ਅਸੀਂ ਸਾਵਧਾਨ ਹੋ ਜਾਈਏ ਕਿ ਜੇ ਇਰਾਦਾ ਹੀ ਨਹੀਂ ਹੈ ਤਾਂ ਅਸੀਂ ਗਲਤ ਚੀਜ਼ ਵਲ ਹੀ ਤੁਰੇ ਜਾਂਦੇ ਹਾਂ। ਉਸੇ ਨੂੰ ਅਸੀਂ ਐਉਂ ਸਮਝਦੇ ਹਾਂ ਕਿ ਸਾਡੀ ਬੜੀ ਭਾਰੀ ਪ੍ਰਾਪਤੀ ਹੈ। ਦੁਨੀਆਂ ਪ੍ਰਾਪਤ ਹੋ ਜਾਵੇ ਸਾਨੂੰ, ਦੁਨੀਆਂ ਦੀਆਂ ਬਰਕਤਾਂ ਸਾਡੇ ਘਰ ਆ ਜਾਣ ਤੇ ਸਾਨੂੰ ਐਉਂ ਲਗਦਾ ਹੈ ਕਿ ਅਸੀਂ ਜੀਵਨ ਦਾ ਮਨੋਰਥ ਪੂਰਾ ਕਰ ਲਿਆ, ਲੜਕੇ ਵਿਆਹੇ ਗਏ, ਜ਼ਮੀਨ ਮੈਂ ਲੈ ਲਈ, ਕੋਠੀਆਂ ਪਾ ਲਈਆਂ। ਲੜਕੀਆਂ ਵਿਆਹ ਦਿੱਤੀਆਂ। ਕਹਿੰਦੇ ਇਹ ਤਾਂ ਤੂੰ ਕੁਛ ਵੀ ਨਹੀਂ ਕਰਿਆ ਤੂੰ ਪ੍ਰੇਮੀਆਂ! ਜਿਹੜੇ ਤੂੰ ਕੰਮ ਨੂੰ ਆਇਆ ਸੀ, ਉਹ ਤਾਂ ਕੰਮ ਤੂੰ ਕਰਿਆ ਹੀ ਨਹੀਂ ਹੈ। ਉਹ ਤਾਂ ਤੂੰ ਗੁਆ ਬੈਠਿਆ, ਕੌਡੀਆਂ ਦੇ ਸੌਦੇ ਕਰਕੇ -

***ਧਾਰਨਾ - ਤੇਰਾ ਜਨਮ ਅਮੋਲਕ ਹੀਰਾ,***
***ਕੌਡੀਆਂ ਦੇ ਭਾਅ ਜਾਂਵਦਾ।***

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***

*ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥*

*ਅੰਗ - ੧੫੬*

ਸਾਰੀ ਉਮਰ ਲੰਘ ਗਈ, ਸੌਣ ਦੇ ਵਿਚ, ਖਾਣ ਦੇ ਅੰਦਰ, ਖਾਣ ਵਾਸਤੇ ਕਮਾਈ ਕਰਨ ਦੇ ਅੰਦਰ। ਮਹਾਰਾਜ ਕਹਿੰਦੇ, ਹੀਰਿਆਂ ਨੂੰ ਤੂੰ ਕੌਡੀਆਂ ਦੇ ਭਾਅ ਵੇਚ ਦਿੱਤਾ ਪਿਆਰਿਆ। ਅੱਜਕੱਲ੍ਹ ਕਰਦੇ, ਅੱਜਕੱਲ੍ਹ ਕਰਦੇ ਤੇਰਾ ਸਮਾਂ ਬੀਤਦਾ ਜਾਂਦਾ ਹੈ, ਪਹਿਲਾਂ ਤਾਂ ਆਦਮੀ ਇਸ ਰਸਤੇ ਨਹੀਂ ਲਗਦਾ, ਜੇ ਲਗਦਾ ਹੈ ਤਾਂ ਕਹਿੰਦਾ ਹੈ, ਫੇਰ ਕਹਿੰਦਾ ਹੈ ਕਿ ਆਹ ਕੰਮ ਕਰਕੇ ਲੱਗਾਂਗੇ, ਆਹ ਕੰਮ ਕਰਕੇ ਲੱਗਾਂਗੇ। ਦੂਸਰਾ ਇਹ ਬੜਾ ਭਾਰਾ ਨੁਕਸ ਹੈ, ਅਸਚਰਜ ਦੀ ਬਾਤ ਹੈ ਕਿ ਸੰਸਾਰ ਤੁਰਿਆ ਜਾਂਦਾ ਹੈ, ਕੋਲੋਂ ਬੰਦੇ ਤੁਰੇ ਜਾ ਰਹੇ ਨੇ। ਆਪ ਜਾਂਦਾ ਹੈ, ਫਲਾਣੇ ਦੀ ਮਕਾਨ ਜਾਣਾ ਹੈ, ਫਲਾਣੇ ਦਾ ਕਾਰਡ ਆਇਆ ਹੋਇਆ ਹੈ, ਕੀ ਮਜ਼ਾਲ ਹੈ ਕਿ ਇਹਨੂੰ ਖਿਆਲ ਆ ਜਾਵੇ ਕਿ ਮੈਂ ਵੀ ਇਹ ਥਾਉਂ ਛੱਡ ਜਾਣਾ ਹੈ। ਆਹ ਗੱਲ ਨਹੀਂ ਸਮਝ 'ਚ ਆਉਂਦੀ, ਕਾਲ ਸਾਰਿਆਂ ਦੇ ਉਤੇ ਹਾਵੀ ਹੈ ਸਾਧਸੰਗਤ ਜੀ, ਇਹ ਐਸੀ ਅਟੱਲ ਸਚਾਈ ਤੇ ਐਨਾ ਜ਼ਬਰਦਸਤ ਰਸਤਾ ਹੈ, ਮਹਾਰਾਜ ਕਹਿੰਦੇ, ਕੁਛ ਕਰ ਲੈ, ਜੋ ਤੇਰਾ ਜੀਅ ਕਰਦਾ ਹੈ, ਲੇਕਿਨ ਜੋ ਵਲੀ ਕਾਲ ਹੈ ਇਹਦੇ ਅੱਗੇ ਕੋਈ ਵੀ ਨਹੀਂ ਠਹਿਰ ਸਕਦਾ। ਵੱਡੇ-ਵੱਡੇ ਸੰਸਾਰ 'ਤੇ ਆਏ -

*ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥*
*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥*

*ਅੰਗ - ੪੮੮*

ਜ਼ਮੀਨ ਨੇ ਅਸਮਾਨ ਨੂੰ ਸਵਾਲ ਕਰਿਆ ਕਿ ਸੰਸਾਰ ਦੇ ਉੱਤੇ ਸ਼ਕਤੀਆਂ ਵਾਲੇ ਵੀ ਆਏ, ਫੌਜੀ ਤਾਕਤ ਵਾਲੇ ਵੀ ਆਏ, ਪੈਸੇ ਦੀ ਤਾਕਤ ਵਾਲੇ ਵੀ ਆਏ। ਸਰੀਰਕ ਬਲ ਵਾਲੇ ਵੀ ਆਏ ਤੇ ਸੰਸਾਰ ਨੂੰ ਪਾਰ ਕਰਨ ਵਾਲੇ ਵੱਡੇ-ਵੱਡੇ ਮਹਾਂਪੁਰਸ਼ ਵੀ ਆਏ, ਅਵਤਾਰ ਵੀ ਆਏ, ਸਾਰੀ ਸ੍ਰਿਸ਼ਟੀ 'ਚ ਆਏ, ਸਵਾ ਲੱਖ ਅਉਲੀਆ ਆਇਆ, ਅਵਤਾਰਾਂ ਦਾ ਕੋਈ ਅੰਤ ਹੀ ਨਹੀਂ ਹੈ, ਉਹ ਚਲੇ ਕਿੱਥੇ ਜਾਂਦੇ ਨੇ, ਜਦੋਂ ਇੱਕ ਵਾਰੀ ਚਲਿਆ ਜਾਂਦਾ ਹੈ, ਮੁੜ ਕੇ ਇਸ ਥਾਂ 'ਤੇ ਕੋਈ ਆਉਂਦਾ ਨਹੀਂ ਹੈ ਤੇ ਨਾ ਆ ਕੇ ਦਸਦਾ ਹੈ ਕਿ ਮੇਰੇ ਨਾਲ ਕੀ ਵਰਤੀ, ਮੈਂ ਕਿੱਥੇ ਚਲਿਆ ਗਿਆ। ਜਵਾਬ ਦਿੰਦਾ ਹੈ ਅਸਮਾਨ ਕਿ -

*ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ ॥*

*ਅੰਗ - ੪੮੮*

ਕੁਛ ਤਾਂ ਭਾਈ ਮੜ੍ਹੀਆਂ ਦੇ ਵਿਚ ਜਾਲ ਦਿੱਤੇ, ਕੁਛ ਕਬਰਾਂ ਦੇ ਵਿਚ ਦੱਬ ਦਿੱਤੇ, ਜਿਹੜਾ ਇਹਦੇ ਵਿਚ ਜੀਵ ਆਤਮਾ ਸੀ ਉਹ ਦਰਗਾਹ 'ਚ ਜਾ ਕੇ ਉਲਾਮ੍ਹੇ ਸਹਿ ਰਿਹਾ ਹੈ, ਉਲ੍ਹਮੇ ਮਿਲਦੇ ਨੇ ਓਸਨੂੰ। ਪ੍ਰਮੇਸ਼ਰ ਦੇ ਦੁਆਰ 'ਤੇ ਖੜ੍ਹੇ ਨੇ, ਵੱਡੇ-ਵੱਡੇ ਅਵਤਾਰ ਵੀ ਜਿਹੜੇ ਆਏ ਨੇ, ਵੱਡੇ-ਵੱਡੇ ਅਉਲੀਆ ਆਏ, ਗਲਤੀ ਕੀ ਹੋਈ, ਉਨ੍ਹਾਂ ਨੇ ਪ੍ਰਮੇਸ਼ਰ ਦਾ ਨਾਮ ਜਪਾਉਣ ਦੀ ਥਾਂ 'ਤੇ, ਆਪਣਾ ਆਪ ਵਿਚ ਲੈ ਆਂਦਾ। ਆਪਣਾ ਆਪ ਆ ਗਿਆ, ਲੋਕ ਉਨ੍ਹਾਂ ਨੂੰ ਮੰਨਣ ਲਗ ਗਏ। ਉਨ੍ਹਾਂ ਦੇ ਸਰੀਰ ਨੂੰ ਮੰਨਣ ਲਗ ਗਏ, ਉਨ੍ਹਾਂ ਦੇ ਰੂਪ-ਰੰਗ ਨੂੰ ਮੰਨਣ ਲਗ ਗਏ ਤੇ ਪ੍ਰਮੇਸ਼ਰ ਫੇਰ ਲਾਂਭੇ ਰਹਿ ਗਿਆ। ਜੋ ਨਿਰਗੁਣ ਹੈ ਜਿਹਦਾ ਚੱਕਰ ਨਹੀਂ, ਚਿਹਨ ਨਹੀਂ, ਬਰਨ ਨਹੀਂ, ਜਾਤ ਨਹੀਂ; ਉਹਨੂੰ ਫੇਰ ਭੁੱਲ ਗਏ, ਉਸੇ ਸ਼ਕਲ ਨੂੰ ਮੰਨੀ ਜਾਂਦੇ ਨੇ, ਜਿਹੜੀ ਸ਼ਕਲ ਆਈ ਸੀ। ਸਾਰੀ ਦੁਨੀਆਂ ਹੀ ਇਸ ਤਰ੍ਹਾਂ ਕਰਦੀ ਹੈ, ਅਸੀਂ ਵੀ ਇਸ ਤਰ੍ਹਾਂ ਕਰਦੇ ਹਾਂ। ਹੋਰ ਵੀ ਇਵੇਂ ਹੀ ਕਰਦੇ ਨੇ, ਲੇਕਿਨ ਜੋ ਮਹਾਂਪੁਰਸ਼ ਬਾਰ-ਬਾਰ ਕਹਿੰਦੇ ਨੇ ਕਿ ਮੈਂ ਸਰੀਰ ਨਹੀਂ ਹਾਂ। ਮੈਂ ਜੋਤ ਹਾਂ ਉਸ ਜੋਤ ਦੇ ਵਿਚੋਂ ਆਇਆ ਹਾਂ ਮੈਂ, ਪ੍ਰਮ ਜੋਤ ਦੇ ਵਿਚੋਂ। ਥੋੜ੍ਹਾ ਮਿਸ਼ਨ ਲੈ ਕੇ ਆਇਆ ਹਾਂ, ਮੈਂ ਆਪਣਾ ਇੱਕ ਵਾਈਕਲ ਬਣਾਇਆ ਹੈ ਕੰਮ ਕਰਨ ਵਾਸਤੇ। ਔਜ਼ਾਰ ਲਏ ਨੇ ਪੰਜ ਗਿਆਨ ਇੰਦ੍ਰਿਆਂ ਦੇ, ਪੰਜ ਕਰਮ ਇੰਦ੍ਰਿਆਂ ਦੇ, ਮਨ, ਚਿੱਤ, ਬੁੱਧ, ਅਹੰਭਾਵ ਦਾ ਅੰਤਸ਼ਕਰਣ ਲਿਆ ਹੈ ਨਾਲ। ਪੰਜ ਪ੍ਰਾਣ ਲਏ ਨੇ, ਪੰਜ ਤੱਤ ਲਏ ਨੇ ਤੇ ਇਹਦੇ ਨਾਲ ਮੈਂ ਸੰਸਾਰ ਦੇ ਅੰਦਰ ਕੁਛ ਕੰਮ ਕਰਨ ਵਾਸਤੇ ਆਇਆ, ਤੁਸੀਂ ਇਸੇ ਨੂੰ ਕਿਤੇ ਗਲਤੀ ਨਾਲ ਮੈਨੂੰ ਸਮਝ ਲਿਓ। ਇਸੇ ਕਰਕੇ ਗੁਰੂ ਦਸਵੇਂ ਪਾਤਸ਼ਾਹ ਨੇ ਸਾਵਧਾਨ ਕੀਤਾ ਹੈ -

*ਜੋ ਹਮ ਕੋ ਪਰਮੇਸਰਿ ਉਚਰਿ ਹੈਂ।*
*ਤੇ ਸਭ ਨਰਕ ਕੁੰਡ ਮਹਿ ਪਰਿ ਹੈਂ।*

*ਅਕਾਲ ਪੁਰਖ ਬਾਚ॥ ਚੌਪਈ॥*

ਉਹ ਜਿਹੜੀ ਚੀਜ਼ ਹੈ ਉਹਨੂੰ ਕਾਲ ਨਹੀਂ ਖਾਂਦਾ। ਬਾਕੀ ਜਿਹੜੀ ਚੀਜ਼ ਮਾਇਆ ਦੇ ਵਿਚ ਬਣੀ ਹੋਈ ਹੈ, ਚਾਹੇ ਸਰੀਰ ਹੈ, ਚਾਹੇ ਕਿਸੇ ਦਾ ਸਰੀਰ ਹੈ, ਉਹਨੂੰ ਕਾਲ ਖਾ ਜਾਂਦਾ ਹੈ। ਇਸ ਤਰ੍ਹਾਂ ਫੁਰਮਾਨ ਹੈ -

*ਧਾਰਨਾ - ਕਾਲ ਬਲੀ ਦੇ ਅੱਗੇ ਨਾ ਪੇਸ਼ ਜਾਣੀ,*
*ਵੱਡੇ ਵੱਡੇ ਖਾ ਲਏ ਕਾਲ ਨੇ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ ਭੂਮ ਹੀ ਤੇ*
*ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*

*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

*ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥*
*ਬਾਦਿਸਾਹ ਸਾਹ ਉਮਰਾਵ ਖਾਨ ਢਾਹਿ ਡੇਰੇ ਜਾਸੀ ॥ ਰੰਗ*
*ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ ॥*
*ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ ॥*
*ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ ॥*
*ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ ॥ ਲਖ*
*ਚਉਰਾਸੀਹ ਮੇਦਨੀ ਸਭ ਆਵੈ ਜਾਸੀ ॥*
*ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ ॥*

*ਅੰਗ - ੧੧੦੦*

ਜਿੰਨਾਂ ਕੁਛ ਦਿਸਦਾ ਹੈ, ਜਿੰਨਾਂ ਸੁਣਦੇ ਹਾਂ, ਜਿੰਨਾਂ ਸਮਝਦੇ ਹਾ, ਮਹਾਰਾਜ ਕਹਿੰਦੇ ਕੁਛ ਨਹੀਂ ਰਹਿਣਾ, ਨਾ ਧਰਤੀ, ਨਾ ਆਕਾਸ਼, ਨਾ ਪਾਤਾਲ, ਨਾ ਚੰਦਰਮਾ, ਨਾ ਸੂਰਜ ਨੇ ਰਹਿਣਾ। ਡੇਰੇ

ਢਹਿ ਜਾਣਗੇ, ਨਾ ਬਾਦਸ਼ਾਹ ਰਹੇ ਨਾ ਹਾਕਮ ਰਹੇ। ਵੱਡੇ-ਵੱਡੇ ਕਰਾਮਾਤੀ, ਉਡ ਜਾਣ ਵਾਲੇ, ਗੁਪਤ ਹੋ ਜਾਣ ਵਾਲੇ, ਕੋਈ ਨਾ ਰਹੇ। ਵਿਸ਼ਵਾਮਿਤਰ 'ਚ ਕਿੰਨੀ ਕਿੰਨੀ ਤਾਕਤ ਸੀ। ਐਸਾ ਦਸਦੇ ਨੇ ਕਿ ਤਿਸ਼ਕੂੰ ਰਾਜਾ ਜਿਸ ਵਕਤ ਸਵਰਗ 'ਚ ਜਾਣ ਲੱਗਿਆ, ਉਹਨੂੰ ਸਵਰਗ ਵਿੱਚ ਜਾਣ ਨਾ ਦਿੱਤਾ। ਇਸ ਲਈ ਇੱਕ ਪੁਰੀ ਉਹਦੇ ਵਾਸਤੇ ਸਪੈਸ਼ਲ ਹੀ ਬਣਾ ਦਿੱਤੀ ਜਿਹੜੀ ਅਜੇ ਤਕ ਲਟਕ ਰਹੀ ਹੈ। ਕਿੱਥੇ ਨੇ ਵਿਸ਼ਵਾਮਿੱਤਰ ਜੀ। ਵੱਡੇ-ਵੱਡੇ ਪੀਰ ਪੈਕਾਂਬਰ ਅਉਲੀਏ ਨਹੀਂ ਰਹੇ। ਦੋ ਅਬਿਨਾਸੀ ਨੇ ਇੱਕ ਤਾਂ ਵਾਹਿਗੁਰੂ ਜੀ ਅਬਿਨਾਸੀ ਨੇ। ਇੱਕ ਜਿਹਨੇ ਬੰਦਗੀ ਕਰਕੇ ਜੀਵਕ, ਮਿਰਤਕ ਹੋ ਕੇ ਫੇਰ ਜਿਹਨੇ ਜ਼ਿੰਦਗੀ ਪ੍ਰਾਪਤ ਕਰ ਲਈ, ਉਹ ਜਾਇਆ ਕਰਦਾ, ਉਹ ਨਹੀਂ ਮਰਦਾ, ਬਾਕੀ ਸਾਰਾ ਸੰਸਾਰ ਮਰਦਾ ਹੈ। ਸੋ ਇਸ ਕਰਕੇ ਬੜਾ ਗਹਿਰੀ ਸੋਚ ਦੇਣੀ ਚਾਹੀਦੀ ਇਸ ਚੀਜ਼ ਨੂੰ। ਸੰਸਾਰ 'ਤੇ ਰਹਿਣਾ ਤਾਂ ਹੈ ਨਹੀਂ, ਸਵਾਸ ਖਤਮ ਹੁੰਦੇ ਤੁਰੇ ਜਾ ਰਹੇ ਨੇ, 24000 ਰੋਜ਼ ਘਟ ਜਾਂਦੇ ਨੇ। ਲੇਕਿਨ ਮਜ਼ਾਲ ਹੈ ਇਸ ਬੰਦੇ ਨੂੰ ਸੋਝੀ ਆ ਜਾਵੇ। ਜਾਗਦਾ ਹੀ ਨਹੀਂ ਹੈ, ਮਹਾਰਾਜ ਕਹਿੰਦੇ, ਗਾਫਲ ਹੋ ਕੇ ਪਿਆ ਹੈ, ਜਗਾਉਣ ਵਾਲੇ ਹਾਕਾਂ ਮਾਰਦੇ ਨੇ -

***ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥***
***ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥***
***ਅੰਗ - ੧੩੭੮***

ਜਾਗਦਾ ਹੀ ਨਹੀਂ ਹੈ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਜਾਗ ਰੇ ਮਨ ਜਾਗਣਹਾਰੇ,***
***ਗਾਫਲ ਹੋ ਕੇ ਸੌਂ ਰਿਹੈਂ।***

ਜੋ ਜਾਗਣਹਾਰਾ ਹੈ ਇਸ ਸਰੀਰ ਦੇ ਅੰਦਰ, ਮਹਾਰਾਜ ਕਹਿੰਦੇ ਉਹ ਗਾਫਲ ਹੋ ਕੇ ਸੌਂ ਰਿਹਾ ਹੈ। ਅਵਾਜ਼ ਦਿੰਦੇ ਨੇ ਕਿ ਮੇਰੇ ਮਨ ਤੂੰ ਜਾਗ ਤਾਂ ਸਹੀ, ਤੂੰ ਤਾਂ ਗਾਫਲ ਹੋ ਕੇ ਸੌਂ ਰਿਹਾ ਹੈਂ।

***ਸਤਿਗੁਰੁ ਅਪਨਾ ਸਦ ਸਦਾ ਸਮ੍ਾਰੇ ॥***
***ਗੁਰ ਕੇ ਚਰਨ ਕੇਸ ਸੰਗਿ ਝਾਰੇ ॥ ੧ ॥***
***ਜਾਗੁ ਰੇ ਮਨ ਜਾਗਨਹਾਰੇ ॥***
***ਬਿਨੁ ਹਰਿ ਅਵਰੁ ਨ ਆਵਸਿ ਕਾਮਾ***
***ਝੂਠਾ ਮੋਹੁ ਮਿਥਿਆ ਪਸਾਰੇ ॥ ਅੰਗ - ੩੮੭***

***ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ ॥***
***ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨ ਹੋਇਆ ॥***
***ਅੰਗ - ੭੨੬***

ਮਹਾਰਾਜ ਕਹਿੰਦੇ ਕਦੇ ਵਿਚਾਰ ਕਰਕੇ ਦੇਖਿਆ ਹੈ ਤੂੰ? ਕਦੇ ਇਕੱਲਾ ਬੈਠ ਕੇ ਸੋਚਿਆ ਕਰ, ਕੀ ਗੱਲ ਤੈਨੂੰ ਜਾਗ ਕਿਉਂ ਨਹੀਂ ਆਉਂਦੀ, ਐਨੀ ਗਾੜ੍ਹੀ ਨੀਂਦ ਚੜ੍ਹ ਗਈ ਤੈਨੂੰ, ਮੋਹ ਦੇ ਵਿਚ ਪੈ ਗਿਆ, ਪਿਆਰ ਕਰ ਗੁਰੂ ਨਾਲ -

***ਗੁਰ ਕੀ ਬਾਣੀ ਸਿਉ ਰੰਗੁ ਲਾਇ ॥***
***ਗੁਰੁ ਕਿਰਪਾਲੁ ਹੋਇ ਦੁਖੁ ਜਾਇ ॥ ਅੰਗ - ੩੮੭***

ਗੁਰੂ ਨੂੰ ਮਨਾ ਲੈ, ਉਹਦੀ ਬਾਣੀ ਦੇ ਨਾਲ ਪ੍ਰੇਮ ਪਾ ਲੈ। ਫੇਰ ਤੇਰੇ ਦੁੱਖਾਂ ਦਾ ਖਾਤਮਾ ਹੋ ਜਾਏਗਾ।

***ਗੁਰ ਬਿਨੁ ਦੂਜਾ ਨਾਹੀ ਥਾਉ ॥***
***ਗੁਰੁ ਦਾਤਾ ਗੁਰੁ ਦੇਵੈ ਨਾਉ ॥ ੩ ॥***
***ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ ॥***
***ਆਠ ਪਹਰ ਨਾਨਕ ਗੁਰ ਜਾਪਿ ॥ ਅੰਗ - ੩੮੭***

ਫੇਰ ਤੈਨੂੰ ਜਾਗ ਆ ਜਾਏਗੀ, ਜਗਾਉਣ ਵਾਲਾ ਜਗਾ ਦਏਗਾ, ਆਪਣੇ ਆਪ ਜਾਗ ਨਹੀਂ ਆਉਂਦੀ। ਕਿਉਂਕਿ ਬਹੁਤ ਗਾੜ੍ਹੀ ਨੀਂਦ 'ਚ ਪੈ ਗਿਆ। ਸਾਰੇ ਹੀ ਅੰਗ ਸੌਂ ਗਏ।

***ਨੈਨਹੁ ਨੀਦ ਪਰ ਦ੍ਰਿਸਟਿ ਵਿਕਾਰ ॥***
***ਸ੍ਰਵਣ ਸੋਏ ਸੁਣਿ ਨਿੰਦ ਵੀਚਾਰ ॥***
***ਰਸਨਾ ਸੋਈ ਲੋਭਿ ਮੀਠੈ ਸਾਦਿ ॥***
***ਮਨੁ ਸੋਇਆ ਮਾਇਆ ਬਿਸਮਾਦਿ ॥ ਅੰਗ - ੧੮੨***

ਅੱਖਾਂ ਪਰਾਈ ਦ੍ਰਿਸ਼ਟੀ ਦੇਖਦੀਆਂ ਹੋਈਆਂ ਸੌਂ ਗਈਆਂ। ਮਾੜੇ ਵਿਚਾਰ, ਮਾੜੀਆਂ ਗੱਲਾਂ, ਜਿਹੜੀਆਂ ਘਾਟੇ ਦੀਆਂ ਗੱਲਾਂ ਨੇ ਉਹ ਸੁਣਦੇ-ਸੁਣਦੇ ਕੰਨ ਸੌਂ ਗਏ। ਸੁਆਦਾਂ 'ਚ ਪੈ ਕੇ ਜੀਭ ਸੌਂ ਗਈ। ਮਨ ਜਿਹੜਾ ਜਾਗਣ ਵਾਲੀ ਚੀਜ਼ ਸੀ ਉਹ ਸੌਂ ਗਿਆ, ਮਾਇਆ ਦਾ ਨਸ਼ਾ ਚੜ੍ਹ ਗਿਆ। ਨੀਂਦ ਆ ਗਈ, ਠਗਮੂਰੀ ਬੂਟੀ ਇਹਨੇ ਸੁੰਘ ਲਈ। ਹੁਣ ਜਗਾਉਂਦੇ ਨੇ ਇਹਨੂੰ ਜਾਗ ਨਹੀਂ ਆਉਂਦੀ। ਚਾਰੇ ਵੇਦ, ਛੇਈ ਸਾਸ਼ਤਰ, ਸਤਾਈ ਸਿੰਮ੍ਰਿਤੀਆਂ, ਉਪਨਿਸ਼ਦਾਂ, ਕੁਰਾਨ ਸ਼ਰੀਫ, ਹੋਰ ਧਾਰਮਕ ਗ੍ਰੰਥ ਇਸਨੂੰ ਹਾਕਾਂ ਮਾਰ-ਮਾਰ ਜਗਾਉਂਦੇ ਨੇ ਪਰ ਕੀ ਮਜ਼ਾਲ ਹੈ। ਗਫਲਤ ਦੀ ਨੀਂਦ ਵਿੱਚ, ਸੁਪਨੇ ਦੀ ਨੀਂਦ ਵਿੱਚ ਐਸਾ ਮਸਤ ਹੋਇਆ ਕਿ ਜਗਾਇਆ ਹੋਇਆ ਵੀ ਨਹੀਂ ਜਾਗਦਾ।

***ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥***
***ਸਾਬਤੁ ਵਸਤੁ ਓਹੁ ਅਪਨੀ ਲਹੈ ॥ ਅੰਗ - ੧੮੨***

ਇਸ ਘਰ ਦੇ ਅੰਦਰ ਜੇ ਕੋਈ ਜਾਗੇ, ਉਹ ਆਪਣੀ ਕੂੰਜੀ ਨੂੰ ਸਾਬਤ ਰੱਖ ਸਕਦਾ ਹੈ ਕਿਉਂਕਿ ਇਹਦੇ ਅੰਦਰ ਅੰਮ੍ਰਿਤ ਦਾ ਵਾਸਾ ਹੈ।

***ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ***
***ਮਨਮੁਖਾ ਸਾਦੁ ਨ ਪਾਇਆ ॥***
***ਜਿਉ ਕਸਤੂਰੀ ਮਿਰਗੁ ਨ ਜਾਣੈ***
***ਭ੍ਰਮਦਾ ਭਰਮਿ ਭੁਲਾਇਆ ॥ ਅੰਗ - ੬੪੪***

ਮਿਰਗ ਨਹੀਂ ਜਾਣਦਾ ਕਿ ਮੇਰੇ ਨੇਫੇ ਦੇ ਅੰਦਰ, ਮੇਰੀ ਧੁੰਨੀ ਦੇ ਅੰਦਰ ਕਸਤੂਰੀ ਹੈ। ਉਹ ਝਾੜ ਸੁੰਘਦਾ ਫਿਰਦਾ ਹੈ। ਇਹਦੇ ਅੰਦਰ ਅੰਮ੍ਰਿਤ ਦਾ ਭੰਡਾਰਾ ਹੈ, ਅੰਮ੍ਰਿਤ ਦਾ ਕੁੰਡ ਹੈ। ਅੰਮ੍ਰਿਤ ਨੂੰ ਬਾਹਰੋਂ ਖੋਜਦਾ ਫਿਰਦਾ ਹੈ।

ਬਾਦਸ਼ਾਹ ਸਿਕੰਦਰ ਨੇ ਸੁਣਿਆ ਕਿ ਅੰਮ੍ਰਿਤ ਬਾਹਰ ਹੈ, ਵੱਡੇ-ਵੱਡੇ ਉੱਚੇ ਪਹਾੜਾਂ 'ਤੇ ਗਿਆ, ਅੰਮ੍ਰਿਤ ਦੀ ਤਲਾਸ਼ ਅੰਦਰ। ਇੱਕ ਥਾਂ ਤੇ ਐਸੀ ਰਿਵਾਇਤ ਆਉਂਦੀ ਹੈ ਕਿ ਇਸਨੂੰ ਇੱਕ ਛੋਟਾ ਜਿਹਾ ਕੁੰਡ ਮਿਲਿਆ ਤੇ ਸੁਪਨੇ 'ਚ ਇਹਨੂੰ ਆਇਆ ਕਿ ਇਸ ਕੁੰਡ ਦੇ ਵਿਚ ਅੰਮ੍ਰਿਤ ਹੈ, ਪੀ ਲੈ ਤੇਰਾ ਸਰੀਰ ਅਮਰ ਹੋ ਜਾਏਗਾ। ਆਤਮਾ ਤਾਂ ਅਮਰ ਹੀ ਹੈ, ਆਤਮਾ ਨੂੰ ਤਾਂ ਕਦੇ ਲੋੜ ਹੀ ਨਹੀਂ ਹੈ, ਨਾ ਇਹ ਜੰਮਦੀ ਹੈ ਨਾ ਮਰਦੀ ਹੈ, ਇਹ ਤਾਂ ਸਦਾ ਅਮਰ ਰਹਿੰਦੀ ਹੈ। ਜਿਹੜਾ ਸਾਡਾ ਆਪਣਾ ਆਪ ਹੈ,

ਇਹ ਨਹੀਂ ਮਰਿਆ ਕਰਦਾ ਸਾਧਸੰਗਤ ਜੀ। ਆਹ ਕੱਪੜਾ ਪਾਟਦਾ ਹੈ ਜਿਹੜਾ ਪੰਜ ਤੱਤ ਦਾ ਪਹਿਨਿਆ ਹੋਇਆ ਹੈ। ਇਹ ਪਹਿਲਾਂ ਛੋਟਾ ਜਿਹਾ ਹੁੰਦਾ ਹੈ, ਫੇਰ ਵਧਦਾ ਹੈ, ਵਧ ਕੇ ਫੇਰ ਪੁਰਾਣਾ ਹੋ ਜਾਂਦਾ ਹੈ, ਖਤਮ ਹੋ ਜਾਂਦਾ ਹੈ ਆਦਮੀ। ਆਤਮਾ ਨਹੀਂ ਮਰਿਆ ਕਰਦੀ, ਉਹ ਸਦਾ ਹੀ ਜੀਉਣ ਵਾਲੀ ਚੀਜ਼ ਹੈ।

*ਮਰਣਹਾਰੁ ਇਹੁ ਜੀਅਰਾ ਨਾਹੀ ॥ ਅੰਗ - ੧੮੮*

ਤੇ ਇਹਨੂੰ ਖਿਆਲ ਹੋ ਗਿਆ ਕਿ ਮੈਂ ਇਹੋ ਜਿਹਾ ਹੀ ਰਹਾਂ। ਪਾਣੀ ਪੀਣ ਵਾਸਤੇ ਉਸ ਚਸ਼ਮੇ 'ਤੇ ਚਲਿਆ ਗਿਆ। ਜਦੋਂ ਉਂਜਲ ਭਰ ਲਿਆ, ਸਾਮ੍ਹਣੇ ਇੱਕ ਗਿੱਧ ਬੈਠੀ ਹੈ, ਫੰਗ ਝੜੇ ਹੋਏ ਨੇ, ਕਿਰਮ ਚੱਲ ਰਹੇ ਨੇ, ਅਵਾਜ਼ ਦੇ ਨਾਲ ਕਰ-ਰਹਾ ਰਹੀ ਹੈ। ਜਦੋਂ ਇਹ ਪੀਣ ਲੱਗਿਆ ਉਹਨੇ ਚੀਕ ਮਾਰੀ ਜ਼ੋਰ ਦੀ, ਹੱਥ ਖੁਲ੍ਹ ਗਏ, ਦੇਖਣ ਲਗ ਗਿਆ, ਕਹਿਣ ਲੱਗਿਆ, ਤੂੰ ਕੌਣ ਹੈਂ? ਕਹਿਣ ਲੱਗੀ, ਮੈਂ ਗਿੱਧ ਹਾਂ। ਕਹਿਣ ਲੱਗੀ, ਤੇਰੀ ਆਹ ਹਾਲਤ ਕਿਉਂ ਹੋਈ ਹੈ ਇਹੋ ਜਿਹੀ? ਕਹਿੰਦੀ ਮੈਂ ਆਹ ਕੁੰਡ 'ਚੋਂ ਪਾਣੀ ਪੀ ਲਿਆ ਮੈਂ ਮਰਦੀ ਨਹੀਂ ਹੈਗੀ, ਮੇਰਾ ਸਰੀਰ ਨਹੀਂ ਮਰ ਰਿਹਾ, ਗਲ ਗਿਆ ਇਹ, ਮੈਂ ਬਹੁਤ ਦੁਖੀ ਹੋ ਰਹੀ ਹਾਂ। ਦੇਖੀਂ ਕਿਤੇ ਭੁੱਲ ਕੇ ਨਾ ਪੀ ਬੈਠੀਂ ਪਾਣੀ ਨੂੰ। ਇਹਦੇ ਨਾਲ ਤੇਰਾ ਸਰੀਰ ਅਮਰ ਹੋ ਜਾਏਗਾ, ਗਲ ਜਾਏਗਾ, ਪਰ ਮਰਦਾ ਨਹੀਂ ਹੈ। ਉਸ ਚੀਜ਼ ਦੀ ਤਲਾਸ਼ ਕਰ ਜਿਹੜਾ ਅੰਮ੍ਰਿਤ ਹੈ ਅਸਲੀ। ਜਿਸਨੂੰ ਦੇਵਤੇ ਵੀ ਖੋਜਦੇ ਨੇ -

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ*
*ਸੁ ਅੰਮ੍ਰਿਤੁ ਗੁਰ ਤੇ ਪਾਇਆ ॥ ਅੰਗ - ੯੧੮*

ਗੁਰੂ ਨੇ ਭੇਤ ਦਸ ਦਿੱਤਾ ਕਿ ਤੇਰੇ ਅੰਦਰ ਅੰਮ੍ਰਿਤ ਦਾ ਭੰਡਾਰ ਹੈ ਪਰ ਉਹ ਲੁੱਟਿਆ ਜਾ ਰਿਹਾ ਹੈ। ਛੇਤੀ ਤੋਂ ਛੇਤੀ ਬਚਾ ਲੈ -

*ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ*
*ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ ॥*
*ਅੰਮ੍ਰਿਤੁ ਲੂਟਹਿ ਮਨਮੁਖ ਨਹੀ ਬੂਝਹਿ*
*ਕੋਇ ਨ ਸੁਣੈ ਪੂਕਾਰਾ ॥ ਅੰਗ - ੬੦੦*

ਦਿਨ ਰਾਤ ਅੰਮ੍ਰਿਤ ਦਾ ਖਜ਼ਾਨਾ ਲੁਟਿਆ ਜਾ ਰਿਹਾ ਹੈ। ਮਨ ਦੇ ਪਿੱਛੇ ਲਗਣ ਵਾਲੇ ਬੰਦੇ ਨੂੰ ਪਤਾ ਹੀ ਨਹੀਂ ਲਗ ਰਿਹਾ ਤੇ ਫੇਰ ਇਹਦੀ ਪੁਕਾਰ ਕੋਈ ਨਹੀਂ ਸੁਣਦਾ। ਮਹਾਰਾਜ ਕਹਿੰਦੇ ਇਸ ਤਰ੍ਹਾਂ ਦੇ ਨਾਲ ਇਸ ਘਰ ਦੇ ਵਿੱਚ ਜੇ ਕੋਈ ਜਾਗਦਾ ਹੋਵੇ-

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ ਅੰਗ - ੧੮੨*

ਉਹ ਤਾਂ ਅੰਮ੍ਰਿਤ ਦਾ ਖਜ਼ਾਨਾ ਪੂਰਾ ਲੈ ਜਾਏਗਾ। ਲੇਕਿਨ ਹੋਇਆ ਕੀ ਜਿਹੜੇ ਪਹਿਰੇਦਾਰ ਸੀ -

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ ॥*
*ਸਾਬਤੁ ਵਸਤੁ ਓਹੁ ਅਪਨੀ ਲਹੈ ॥ ਅੰਗ - ੧੮੨*

ਅੱਖਾਂ ਜਿਹੜੀਆਂ ਨੇ ਰੂਪ 'ਚ ਮੱਤੀਆਂ ਗਈਆਂ। ਕੰਨ ਜਿਹੜੇ ਨੇ ਨਿੰਦਿਆ ਦੇ ਵਿਚਾਰ ਸੁਣਨ ਵਿਚ, ਰਸਨਾ ਖਾਣ ਪੀਣ ਦੇ ਸੁਆਦਾਂ 'ਚ; ਸ਼ਬਦ, ਸਪਰਸ਼, ਰੂਪ, ਰਸ, ਗੰਧ ਪੰਜਾਂ ਦੇ ਵਿਚ ਰਚ ਗਈਆਂ ਸਹੇਲੀਆਂ ਸਾਰੀਆਂ। ਹੁਣ ਘਰ ਦਾ ਪਤਾ ਨਹੀਂ ਕਿ ਘਰ ਵਿਚ ਕੀ ਹੋ ਰਿਹਾ ਹੈ -

*ਮੁਸਨਹਾਰ ਪੰਚ ਬਟਵਾਰੇ ॥*
*ਸੂਨੇ ਨਗਰਿ ਪਰੇ ਠਗਹਾਰੇ ॥ ਅੰਗ - ੧੮੨*

ਹੁਣ ਪੰਜ ਚੋਰ ਇਸਨੂੰ ਲੱਗੇ ਹੋਏ ਨੇ ਤੇ ਲੁੱਟਦੇ ਚਲੇ ਜਾ ਰਹੇ ਨੇ। ਮਹਾਰਾਜ ਕਹਿੰਦੇ, ਤੂੰ ਥੋੜ੍ਹਾ ਜਿਹਾ ਤਾਂ ਸਾਵਧਾਨ ਹੋ। ਥੋੜ੍ਹੀ ਜਿਹੀ ਤਾਂ ਵਿਚਾਰ ਕਰ। ਆਪਣੇ ਆਪ ਦੀ ਜੋ ਰਾਸ ਤੈਨੂੰ ਪ੍ਰਮੇਸ਼ਰ ਨੇ ਦਿੱਤੀ ਹੈ ਉਹ ਤਾਂ ਤੂੰ ਬਚਾ ਲੈ -

*ਧਾਰਨਾ - ਪਿਆਰੇ ਕੂੰਜ ਪੜੇਗੀ ਖੇਤ*
*ਆਪਣੀ ਖੇਤੀ ਰੱਖ ਲੈ।*

*ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥*
*ਆਪਣੀ ਖੇਤੀ ਰਖਿ ਲੈ ਕੂੰਜ ਪੜੈਗੀ ਖੇਤਿ ॥ ਅੰਗ- ੩੪*

ਦਿਨੇ ਵੀ ਜਾਗ ਮਾਇਆ ਦੀ ਨੀਂਦ ਤੋਂ, ਰਾਤ ਨੂੰ ਵੀ ਤੂੰ ਮਾਇਆ ਦੀ ਨੀਂਦ ਤੋਂ ਜਾਗ ਤੇ ਤੂੰ ਪ੍ਰਮੇਸ਼ਰ ਨੂੰ ਯਾਦ ਰੱਖ। ਚੌਵੀ ਹਜ਼ਾਰ ਸਵਾਸ ਤੇਰਾ ਰੋਜ਼ ਖਾ ਜਾਂਦੀ ਹੈ ਇਹ ਤੇਰੇ। ਚੌਵੀ ਹਜ਼ਾਰ ਸਵਾਸ ਰੋਜ਼ ਦਾ ਬਿਰਥਾ ਚਲਿਆ ਜਾਂਦਾ ਹੈ। ਤੂੰ ਆਪਣੀ ਖੇਤੀ ਨੂੰ ਤਾਂ ਬਚਾ ਲੈ।

*ਹਰਿ ਸੰਗਿ ਰਾਤੇ ਦੂਖੁ ਨ ਲਾਗੈ ॥*
*ਹਰਿ ਸੰਗਿ ਰਾਤਾ ਅਨਦਿਨੁ ਜਾਗੈ ॥ ਅੰਗ - ੨੦੧*

ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਆ ਗਿਆ ਉਹ ਦਿਨ ਰਾਤ ਜਾਗਦਾ ਹੈ। ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਆ ਗਿਆ ਉਹਨੂੰ ਕੋਈ ਦੁੱਖ ਨਹੀਂ ਲਗਦਾ।

*ਹਰਿ ਸੰਗਿ ਰਾਤਾ ਸਹਜ ਘਰਿ ਵਸੈ ॥ ਅੰਗ - ੨੧੦*

ਜਿਹੜਾ ਵਾਹਿਗੁਰੂ ਦੇ ਪਿਆਰ ਵਿਚ ਆ ਗਿਆ ਉਹਦਾ ਵਾਸਾ ਸਹਜਿ ਦੇ ਘਰ ਵਿਚ ਹੋ ਜਾਇਆ ਕਰਦਾ ਹੈ।

*ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥ ਅੰਗ - ੨੦੧*

ਪੰਜੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ, ਵਾਹਿਗੁਰੂ ਦੇ ਪਿਆਰ ਵਿੱਚ ਜਿਹੜਾ ਰਹਿੰਦਾ ਹੈ। ਸੋ ਮਹਾਰਾਜ ਕਹਿੰਦੇ ਤੂੰ ਆਪਣੀ ਖੇਤੀ ਰੱਖ ਲੈ ਪਿਆਰਿਆ। ਤੇਰੇ ਆਲੇ-ਦੁਆਲੇ ਤਾਂ ਇੱਕ ਬਹੁਤ ਵੱਡਾ ਜਾਲ ਵਿਛਿਆ ਹੋਇਆ ਹੈ। ਐਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

*ਧਾਰਨਾ - ਜੀਵ ਇੱਕ ਤੇ ਸ਼ਿਕਾਰੀ ਨੇ ਬਹੁਤੇ,*
*ਇੱਕੋ ਤੇਰੀ ਆਸ ਮਾਲਕਾ।*

*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ ॥*
*ਅੰਗ - ੧੩੮੪*

ਇਸ ਤਰ੍ਹਾਂ ਜੀਵ ਜਿਹੜਾ ਹੈ ਅਥਾਹ ਸਮੁੰਦਰ ਦੇ ਵਿਚ ਫਸਿਆ ਹੋਇਆ ਗੋਤੇ ਖਾ ਰਿਹਾ ਹੈ।

*ਲੋਭ ਲਹਰਿ ਅਤਿ ਨੀਝਰ ਬਾਜੈ ॥*
*ਕਾਇਆ ਡੂਬੈ ਕੇਸਵਾ ॥ ੧ ॥*
*ਸੰਸਾਰੁ ਸਮੁੰਦੇ ਤਾਰਿ ਗੋੁਬਿੰਦੇ ॥*
*ਤਾਰਿ ਲੈ ਬਾਪ ਬੀਠੁਲਾ ॥*
*ਅਨਿਲ ਬੇੜਾ ਹਉ ਖੇਵਿ ਨ ਸਾਕਉ ॥*

*ਤੇਰਾ ਪਾਰੁ ਨ ਪਾਇਆ ਬੀਠੁਲਾ ॥ ਅੰਗ - ੧੧੯੬*

ਮੈਨੂੰ ਗੁਰੂ ਪੂਰਾ ਮਿਲ ਜਾਵੇ, ਤਾਂ, ਤਾਂ ਪਾਰ ਉਤਰ ਜਾਂਦਾ ਹੈ।

ਗੁਰੂ ਅੰਗਦ ਸਾਹਿਬ ਮਹਾਰਾਜ ਖਡੂਰ ਸਾਹਿਬ ਦੇ ਅੰਦਰ ਸੰਸਾਰ ਦਾ ਉਧਾਰ ਕਰ ਰਹੇ ਨੇ। ਦੂਰ-ਦਰਾਜ਼ ਤੋਂ ਆਪ ਦੀ ਸ਼ਰਨ ਵਿਚ ਜਗਿਆਸੂ ਆਉਂਦੇ ਨੇ। ਆ ਕੇ ਆਪਣੀ ਜੋ ਰੂਹਾਨੀ ਭੁੱਖ ਹੈ ਉਸਨੂੰ ਦੂਰ ਕਰਕੇ ਉੱਚੀ ਅਵਸਥਾ ਨੂੰ ਪ੍ਰਾਪਤ ਕਰਦੇ ਨੇ। ਆਪ ਦੇ ਬਾਰੇ ਇੱਕ ਗੁਰਸਿੱਖ ਪ੍ਰੇਮੀ ਨੇ ਸੁਣਿਆ, ਸਮਝਿਆ, ਮਨ ਮਨਾਇਆ ਕਿ ਗੁਰੂ ਦੀ ਸ਼ਰਨ ਵਿਚ ਚੱਲੀਏ। ਖਡੂਰ ਸਾਹਿਬ ਚੱਲ ਕੇ ਆਇਆ। ਜਿਸਦਾ ਨਾਮ ਗੁੱਜਰ ਸੀ ਤੇ ਲੁਹਾਰ ਦਾ ਕੰਮ ਕਰਦਾ ਸੀ। ਇਹ ਜ਼ਰੂਰੀ ਨਹੀਂ ਹੁੰਦਾ ਕਿ ਘਰ ਛੱਡਣ ਵਾਲੇ ਹੀ ਤਰਿਆ ਕਰਦੇ ਨੇ। ਜੰਗਲਾਂ 'ਚ ਜਾਣ ਵਾਲੇ ਹੀ ਤਰਿਆ ਕਰਦੇ ਨੇ, ਬਰਫਾਂ 'ਚ, ਗੁਫਾਵਾਂ 'ਚ ਰਹਿਣ ਵਾਲੇ ਤਰਿਆ ਕਰਦੇ ਨੇ। ਗੁਰੂ ਨਾਨਕ ਦਾ ਜੋ ਮਤ ਹੈ, ਘਰ ਵਿਚ ਰਹਿੰਦੇ ਹੋਏ, ਬਾਲ ਬੱਚਿਆਂ 'ਚ ਰਹਿੰਦੇ ਹੋਏ, ਉਤਰਾਅ ਚੜ੍ਹਾਅ ਮਨ ਦੇ ਉਤੇ ਸਹਿੰਦੇ ਹੋਏ, ਫੇਰ ਉਹਦੇ ਵਿਚ ਪਾਰ ਉਤਰ ਜਾਣਾ ਇਹ ਕਮਾਲ ਸੀ ਗੁਰੂ ਨਾਨਕ ਪਾਤਸ਼ਾਹ ਦਾ। ਕਿਉਂਕਿ ਜ਼ਿੰਮੇਦਾਰੀਆਂ ਛੱਡ ਕੇ ਚਲੇ ਜਾਣਾ ਬੜੀ ਸੁਖਾਲੀ ਗੱਲ ਹੈ, ਰੋਟੀ ਪਾਣੀ ਹਰ ਥਾਂ 'ਤੇ ਮਿਲਦਾ ਹੈ, ਘਰ ਤੋਂ ਵੀ ਵਧੀਆ ਮਿਲਦਾ ਹੈ। ਘਰ ਤੋਂ ਵੱਧ ਸਤਿਕਾਰ ਹੁੰਦਾ ਹੈ ਲੇਕਿਨ ਮਹਾਰਾਜ ਕਹਿੰਦੇ ਹੁੰਦਾ ਕੀ ਹੈ ਜਿਹੜੀ ਚੀਜ਼ ਛੱਡਣੀ ਸੀ ਉਹ ਤਾਂ ਤੂੰ ਛੱਡੀ ਨਹੀਂ ਹੈ।

*ਧੂੰਅਰ ਤਾਪ ਗੇਰੀ ਕੇ ਬਸਤ੍ਰਾ ॥*
*ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ॥ ਅੰਗ - ੧੩੪੮*

ਕੋਈ ਮੁਸ਼ਕਲਾਂ ਆ ਗਈਆਂ ਤੇ ਘਰ ਨੂੰ ਛੱਡ ਕੇ ਚਲਿਆ ਗਿਆ -

*ਦੇਸੁ ਛੋਡਿ ਪਰਦੇਸਹਿ ਧਾਇਆ ॥*
*ਪੰਚ ਚੰਡਾਲ ਨਾਲੇ ਲੈ ਆਇਆ ॥ ਅੰਗ - ੧੩੪੮*

ਗੁਰਦੁਆਰੇ ਚਲੇ ਜਾਂਦੇ ਹਾਂ। ਸੇਵਾ ਕਰਨ ਵਾਸਤੇ, ਚੰਡਾਲਾਂ ਨੂੰ ਤਾਂ ਘਰ ਛੱਡ ਜਾਓ। ਉਥੇ ਚੰਡਾਲਾਂ ਦਾ ਤਾਂ ਥਾਉਂ ਹੀ ਨਹੀਂ। ਨਾ ਕਾਮ ਦਾ ਥਾਉਂ ਹੈ, ਨਾ ਕ੍ਰੋਧ ਦਾ, ਨਾ ਲੋਭ ਦਾ, ਨਾ ਮੋਹ ਦਾ, ਨਾ ਅਹੰਕਾਰ, ਨਾ ਫਿਕਾ ਬੋਲਣ ਦਾ, ਉਸ ਥਾਂ ਦੇ ਉਤੇ ਇਨ੍ਹਾਂ ਚੀਜ਼ਾਂ ਦੀ ਗੁੰਜਾਇਸ਼ ਨਹੀਂ। ਉਥੇ ਤਾਂ ਜੇ ਜਾਣਾ ਹੈ ਬਿਲਕੁਲ ਮਰ ਕੇ ਜਾਣਾ ਚਾਹੀਦਾ ਹੈ। ਮਹਾਰਾਜ ਕਹਿੰਦੇ, ਘਰ ਤਾਂ ਛੱਡ ਜਾਂਦੇ ਨੇ, ਚੰਡਾਲਾਂ ਨੂੰ ਨਾਲ ਰੱਖੀਂ ਫਿਰਦੇ ਨੇ। ਉਹ ਉਸ ਤੋਂ ਵੀ ਜ਼ਿਆਦਾ ਪਲ ਜਾਂਦੇ ਨੇ ਜਾ ਕੇ ਉਥੇ। ਲੋਕ ਮੱਥੇ ਟੇਕਣ ਲਗ ਜਾਂਦੇ ਨੇ, ਆਦਰ ਕਰਦੇ ਨੇ, ਸਤਿ ਸ੍ਰੀ ਅਕਾਲ ਬੁਲਾਉਂਦੇ ਨੇ, ਹੰਕਾਰ ਹੋਰ ਤਕੜਾ ਹੋ ਜਾਂਦਾ ਹੈ, ਹਉਮੈ ਹੋਰ ਤਕੜੀ ਹੋ ਜਾਂਦੀ ਹੈ। ਮਾੜੀ ਜਿਹੀ ਗੱਲ ਉਹਨੂੰ ਕੋਈ ਕਹਿ ਦੇਵੇ, ਫੇਰ ਉਹ ਸਹਿ ਨਹੀਂ ਸਕਦਾ। ਕਹਿੰਦੇ, ਇਹ ਜਿਹੜਾ ਤਰੀਕਾ ਹੈ ਨਾ ਇਹ ਤਾਂ ਇੱਕ ਡਰਪੋਕਾਂ ਦਾ ਤਰੀਕਾ ਹੈ। ਜ਼ਿੰਮੇਵਾਰੀਆਂ ਦੇਖ ਕੇ ਨੱਠ ਜਾਣਾ। ਜ਼ਿੰਮੇਵਾਰੀਆਂ ਦੇ ਵਿਚ ਰਹੋ ਘਰ ਦੇ, ਲੇਕਿਨ ਭਾਰਤ ਵਰਸ਼ ਦੇ ਅੰਦਰ ਬੜੇ ਲੰਮੇ ਸਮੇਂ ਤੋਂ ਇਹ ਬਾਤ ਹੋਣ ਨਾਲ ਅਸੀਂ ਸੰਤ ਉਸੇ ਨੂੰ ਕਹਿੰਦੇ ਹਾਂ ਜਿਹੜਾ ਘਰ-ਬਾਰ ਛੱਡ ਕੇ ਦੌੜ ਜਾਵੇ। ਇਕੱਲਾ ਚਲਿਆ ਜਾਵੇ, ਕੋਈ ਖਾਸ ਭੇਖ ਧਾਰ ਲਵੇ, ਬੋਲੇ ਹੀ ਨਾ, ਚੁੱਪ ਕਰਕੇ ਬੈਠਾ ਰਹੇ, ਨਾ ਕਿਸੇ ਨੂੰ ਉਪਦੇਸ਼ ਦੇਵੇ, ਉਹ ਸਾਰਿਆਂ ਨਾਲੋਂ ਵੱਡਾ ਸੰਤ ਹੁੰਦਾ ਹੈ। ਮਿੰਨਤਾਂ ਕਰੀ ਜਾਂਦੇ ਨੇ ਲੋਕ ਕਿ ਬਾਬਾ ਜੀ! ਗੱਲ ਤਾਂ ਕਰ ਲਓ। ਇਨ੍ਹਾਂ ਗੱਲਾਂ ਨੂੰ ਗੁਰੂ ਮਹਾਰਾਜ ਨੇ ਪ੍ਰਵਾਨ ਨਹੀਂ ਕਰਿਆ, ਕਿਉਂਕਿ ਸਾਡੀ ਭਾਵਨਾ ਐਸੀ ਬਣ ਚੁੱਕੀ ਹੈ। ਜੁੱਤੀ ਨਾ ਪਾਉਂਦਾ ਹੋਵੇ, ਕਹਿਣਗੇ ਬਹੁਤ ਵਧੀਆ ਸੰਤ ਹੈ, ਕੱਪੜੇ ਨਾ ਧੋਂਦਾ ਹੋਵੇ ਕਹਿਣਗੇ ਜੀ ਇਹ ਬਹੁਤ ਸੋਹਣਾ ਸੰਤ ਹੈ। ਮਹਾਰਾਜ ਕਹਿੰਦੇ -

*ਬਸਤ੍ਰ ਨ ਪਹਿਰੈ ॥ ਅਹਿਨਿਸਿ ਕਹਰੈ ॥*
*ਮੋਨਿ ਵਿਗੂਤਾ ॥ ਕਿਉ ਜਾਗੈ ਗੁਰ ਬਿਨੁ ਸੂਤਾ ॥*
*ਪਗ ਉਪੇਤਾਣਾ ॥ ਅਪਣਾ ਕੀਆ ਕਮਾਣਾ ॥*
*ਅਲੁ ਮਲੁ ਖਾਈ ਸਿਰਿ ਛਾਈ ਪਾਈ ॥*
*ਮੂਰਖਿ ਅੰਧੈ ਪਤਿ ਗਵਾਈ ॥ ਅੰਗ - ੪੬੭*

ਨੰਗੇ ਪੈਰੀਂ ਦੌੜਿਆ ਫਿਰਦਾ ਹੈ, ਜਦੋਂ ਕੰਡੇ ਲਗਦੇ ਨੇ ਕਹਿੰਦੇ ਫੇਰ ਆਪਣਾ ਕੀਤਾ ਹੋਇਆ ਪਾਉਂਦਾ ਹੈ। ਮਹਾਰਾਜ ਕਹਿੰਦੇ ਜਿਹੜਾ ਪ੍ਰਮੇਸ਼ਰ ਨਾਲ ਸਬੰਧ ਹੈ ਉਹ ਘਰ ਬਾਰ ਛੱਡ ਕੇ ਨਹੀਂ ਹੁੰਦਾ, ਘਰ ਦੇ ਵਿਚ ਰਹਿ ਕੇ, ਜ਼ਿੰਮੇਵਾਰੀਆਂ ਸੰਭਾਲ ਕੇ, ਨੱਠਣ ਦਾ ਨਾਉਂ ਨਹੀਂ, ਜੇ ਜਾਣਾ ਵੀ ਹੈ ਤਾਂ ਫੇਰ ਪਰਉਪਾਕਰ ਕਰਨਾ ਪੈਂਦਾ ਹੈ। ਸੰਸਾਰ ਦਾ ਉਧਾਰ ਕਰਨਾ ਪੈਂਦਾ ਹੈ, ਆਪ ਨਾਮ ਜਪਣਾ ਹੈ, ਫਿਰ ਤੁਰ ਕੇ ਨਾਮ ਜਪਾਉਣਾ ਹੈ, ਉਹਦੀ ਪਾਲਣਾ ਫੇਰ ਗੁਰੂ ਮਹਾਰਾਜ ਆਪ ਕਰਦੇ ਨੇ -

*ਫਰੀਦਾ ਜੇ ਤੂੰ ਮੇਰਾ ਹੋਇ ਰਹਹਿ*
*ਸਭੁ ਜਗੁ ਤੇਰਾ ਹੋਇ ॥ ਅੰਗ - ੧੩੮੨*

ਸੋ ਮਹਾਰਾਜ ਦੇ ਕੋਲ ਆਇਆ, ਲੁਹਾਰ ਦਾ ਕਿੱਤਾ ਸੀ ਉਹਦਾ। ਦਾਤੀਆਂ ਵਗੈਰਾ, ਕਹੀਆਂ, ਖੁਰਪੇ ਬਣਾ ਕੇ ਆਪਣਾ ਗੁਜ਼ਾਰਾ ਕਰਦਾ ਸੀ। ਧਰਮ ਦੀ ਕਿਰਤ ਕਰਦਾ ਸੀ ਸਤਿਸੰਗ 'ਚ ਜਾਂਦਾ ਸੀ ਤੇ ਮਨ ਵਿਚ ਚਾਉ ਉਠਿਆ ਕਿ ਪੂਰੇ ਗੁਰੂ ਤੋਂ ਜਾ ਕੇ ਕੋਈ ਬਚਨ ਲਈਏ, ਉਪਦੇਸ਼ ਲਈਏ, ਉਸ ਵੇਲੇ ਗੁਰੂ ਅੰਗਦ ਸਾਹਿਬ ਮਹਾਰਾਜ ਦੀ ਸ਼ਰਨ ਵਿੱਚ ਚਲਿਆ ਗਿਆ ਤੇ ਇਨ੍ਹਾਂ ਦਾ ਨਾਉਂ ਭਾਈ ਗੁਰਦਾਸ ਜੀ ਨੇ ਜਿੱਥੇ ਸਿੱਖਾਂ ਦੀ ਵਾਰ ਲਿਖੀ ਹੈ, ਭਗਤ ਮਾਲਾ ਲਿਖੀ ਹੈ ਉਨ੍ਹਾਂ ਦੇ ਵਿਚ ਜ਼ਿਕਰ ਆਉਂਦਾ ਹੈ। ਕੀ ਕੰਮ ਕਰਿਆ ਸੀ ਜਿਹਦੇ ਕਰਕੇ ਐਨਾ ਪ੍ਰਸਿੱਧ ਹੋ ਗਿਆ, ਐਨਾ ਉੱਚਾ ਹੋ ਗਿਆ ਇੱਕ ਲੁਹਾਰ ਦਾ ਪੇਸ਼ਾ ਕਰਦਾ ਕਿ ਉਹ ਭਗਤਾਂ ਦੀ ਲਿਸਟ ਵਿੱਚ ਦਾਖਲ ਹੋ ਗਿਆ ਤੇ ਅਮਰ ਹੋ ਗਿਆ ਸਦਾ ਵਾਸਤੇ, ਸੋ ਉਹਨੂੰ ਆਪਾਂ ਧਿਆਨ ਨਾਲ ਵਾਚਣਾ ਹੈ। ਬਹੁਤ ਸਾਰੀਆਂ ਗੱਲਾਂ ਸਾਡੇ ਜੀਵਨ ਨਾਲ ਰਲਣਗੀਆਂ ਤੇ ਸਾਨੂੰ ਉਸ ਤੋਂ ਚਾਨਣਾ ਮਿਲੇਗਾ। ਸੋ ਗੁਰੂ ਮਹਾਰਾਜ ਦੇ ਪਾਸ ਗਿਆ, ਗੁਰੂ ਮਹਾਰਾਜ ਕਹਿਣ ਲੱਗੇ, ਪ੍ਰੇਮੀਆਂ! ਆਤਮਾ ਦਾ ਸਬੰਧ ਸਰੀਰ ਨਾਲ ਹੋਇਆ ਬੰਧਨ ਏਸ ਨੂੰ ਪੈ ਗਿਆ, ਇਹ ਆਪਣੇ ਆਪ ਨੂੰ ਜੋ ਸਰੀਰ ਧਾਰਦੀ ਹੈ, ਆਪਣੇ ਆਪ ਨੂੰ ਸਰੀਰ ਕਹਿੰਦੀ ਹੈ, ਲੇਕਿਨ ਆਪਣਾ ਆਪ ਭੁੱਲ ਗਈ ਕਿ ਮੈਂ ਕੌਣ ਹਾਂ। ਕਿਉਂਕਿ ਠਗਮੂਰੀ ਇਹਦੇ ਉਤੇ ਅਸਰ ਕਰ ਗਈ। ਠੱਗਾਂ ਦੀ ਇੱਕ ਬੂਟੀ ਹੋਇਆ ਕਰਦੀ ਸੀ, ਉਹ ਸੁੰਘਾ ਦਿਆ ਕਰਦੇ ਸੀ, ਆਦਮੀ ਨੂੰ ਹੋਸ਼ ਹੀ ਨਹੀਂ ਸੀ ਰਿਹਾ ਕਰਦੀ। ਇਸੇ ਤਰ੍ਹਾਂ ਪ੍ਰਮੇਸ਼ਰ ਨੇ ਇਹਨੂੰ ਠਗਮੂਰੀ ਸੁੰਘਾ ਦਿੱਤੀ। ਪ੍ਰਾਕ੍ਰਿਤੀ 'ਚ ਰਲ ਗਈ ਹੁਣ ਇਹਨੂੰ ਇਸ ਤਰ੍ਹਾਂ ਨਹੀਂ ਪਤਾ ਲਗਦਾ ਕਿ ਮੈਂ ਕੌਣ ਹਾਂ। ਇਹ ਐਨਾ ਹੇਠਾਂ ਆ

ਗਈ ਹੈ ਕਿ ਕੋਈ ਵੀ ਤਰੀਕਾ ਨਹੀਂ ਹੈ ਇਹ ਨਿਕਲੇ ਕਿਸੇ ਤਰ੍ਹਾਂ, ਇਹ ਆਜ਼ਾਦ ਹੋ ਜਾਵੇ। ਜਿਵੇਂ ਭੱਠ ਦੀ ਸੁਆਹ ਹੁੰਦੀ ਹੈ ਇਸ ਤਰ੍ਹਾਂ ਹਾਲ ਹੋ ਗਿਆ।

*ਕਬੀਰ ਨਿਰਮਲ ਬੂੰਦ ਅਕਾਸ ਕੀ*
*ਪਰਿ ਗਈ ਭੂਮਿ ਬਿਕਾਰ ॥*
*ਬਿਨੁ ਸੰਗਤਿ ਇਉ ਮਾਂਨਈ ਹੋਇ ਗਈ ਭਠ ਛਾਰ ॥*
*ਅੰਗ - ੧੩੭੫*

ਵਾਹਿਗੁਰੂ ਨਾਲੋਂ ਇਹਦਾ ਜੋੜ ਟੁੱਟ ਗਿਆ, ਭੱਠ ਦੀ ਸੁਆਹ ਬਣੀ ਪਈ ਹੈ ਇਹਨੂੰ ਮੁੜ ਕੇ ਕਿਰਨ ਕਿਵੇਂ ਬਣਾਇਆ ਜਾਵੇ। ਕਿਵੇਂ ਜੋਤ ਬਣਾਇਆ ਜਾਵੇ, ਕਿਵੇਂ ਨਿਰਮਲ ਬੂੰਦ ਬਣਾਇਆ ਜਾਵੇ। ਸੋ ਉਹਦਾ ਤਰੀਕਾ ਹੈ, ਜਿਹੋ ਜਿਹਾ ਥਾਂ ਹੈ ਉਹੋ ਜਿਹਾ ਸਾਧਨ ਹੈ, ਮਹਾਂਪੁਰਸ਼ ਸਿਆਣੇ ਬੰਦੇ ਜਿਨ੍ਹਾਂ ਨੇ ਇਨ੍ਹਾਂ ਗੱਲਾਂ ਨੂੰ ਖੋਜਿਆ ਹੈ ਉਹ ਕਹਿੰਦੇ ਪਹਿਲਾਂ ਇਸਨੂੰ ਜਦੋਂ ਵੱਖਰੀ ਹੋਈ ਤਾਂ ਆਪਣੇ ਆਪ ਦਾ ਭਾਵ ਜਾਗਿਆ ਹੰਗਤਾ ਜਾਗੀ ਇਹਦੇ 'ਚ, ਮੈਂ, ਜਾਗਦੀ ਸਾਰ ਇਹਨੇ ਆਪਣੇ ਆਪ ਨੂੰ ਇੱਕ ਪਰਮ ਅਨੰਦ ਦੇ ਮਾਹੌਲ 'ਚ ਦੇਖਿਆ। ਇਹਦੇ ਉਤੇ ਇਕ ਸਰਕਲ ਖਿਚਿਆ ਗਿਆ ਇਕ ਅਨੰਦ ਦਾ ਤੇ ਅੱਡ ਹੋ ਗਈ। ਬੁਲਬੁਲਾ ਬਣ ਗਿਆ ਅਨੰਦ ਦਾ ਉਸ ਤੋਂ ਬਾਅਦ ਇਹਦੇ ਅੰਦਰ ਚੇਤਨਤਾ ਦੇ ਨਾਲ ਬੁੱਧੀ ਨੂੰ ਜਾਗ ਆਈ, ਇਹਨੂੰ ਪਤਾ ਲੱਗਿਆ ਸਭ ਚੀਜ਼ਾਂ ਦਾ; ਗਿਆਨ ਖੰਡ ਦੇ ਵਿਚ ਇਹਦੀ ਅਵਸਥਾ ਹੋ ਗਈ। ਉਥੇ ਪਤਾ ਲੱਗਿਆ ਤਾਂ ਬੁੱਧੀ ਨੇ ਗਿਆਨ ਪ੍ਰਾਪਤ ਕਰਦੇ ਸਾਰ, ਫੁਰਨਾ ਕਰਨਾ ਸ਼ੁਰੂ ਕਰ ਦਿੱਤਾ। ਇਹ ਫੁਰਨਿਆਂ ਦੇ ਮੰਡਲ 'ਚ ਆ ਗਈ, ਬੁੱਧੀ ਦੇ ਮੰਡਲ 'ਚ ਫੇਰ ਫੁਰਨਿਆਂ ਦੇ ਮੰਡਲ 'ਚ। ਫੁਰਨਿਆਂ ਦੇ ਮੰਡਲ 'ਚੋਂ ਐਨਰਜੀ ਨਾਲ ਜਦੋਂ ਇਹਦਾ ਵਾਹ ਪਿਆ ਉਸ ਵੇਲੇ ਪੰਜਾਂ ਤੱਤਾਂ ਦੇ ਉਤੇ ਆ ਕੇ ਫਸ ਗਈ, ਹੁਣ ਪੰਜ ਇਹਦੇ ਉੱਤੇ ਪੜਦੇ ਪੈ ਗਏ, ਪੰਜਾਂ ਪੜਦਿਆਂ 'ਚੋਂ ਕੱਢਣ ਵਾਸਤੇ, ਪੰਜ ਤਰੀਕੇ ਹੋਇਆ ਕਰਦੇ ਨੇ। ਸੋ ਮਹਾਰਾਜ ਕਹਿਣ ਲੱਗੇ, ਦੇਖ ਪ੍ਰੇਮੀਆਂ, ਤੂੰ ਰੂਹ ਹੈਂ ਏਸ ਸਰੀਰ ਦੇ ਅੰਦਰ ਤੇ ਫਸੀ ਤਾਂ ਹੈਂ ਕਿ ਤੂੰ ਆਪਣੇ ਆਪ ਨੂੰ ਸਰੀਰ ਮੰਨੀ ਜਾਂਦੀ ਹੈਂ। ਸਰੀਰ ਨੂੰ ਤੂੰ ਹੈਂ ਲੇਕਿਨ ਹੁਣ ਤੂੰ ਸਰੀਰ ਬਣਿਆ ਹੋਇਆ ਹੈਂ ਕਿਉਂਕਿ ਤੂੰ ਅਜੇ ਇਹਦੇ ਵਿਚੋਂ ਨਿਕਲਿਆ ਨਹੀਂ ਹੈਂ। ਤੂੰ ਇਹ ਧਿਆਨ ਰੱਖੀਂ ਕਿ ਮੈਂ ਸਰੀਰ ਨਹੀਂ ਹਾਂ, ਪਰ ਇਹਦੇ ਵਿਚੋਂ ਨਿਕਲਣ ਦਾ ਤਰੀਕਾ ਇਹ ਹੈ ਕਿ ਤੂੰ ਸ਼ੁਭ ਕਰਮ ਕਰ ਤੇ ਪ੍ਰਮੇਸ਼ਰ ਨੂੰ ਯਾਦ ਕਰ। ਸੋ ਜੋ ਅਸੀਂ ਬਚਨ ਕਹਿੰਦੇ ਹਾਂ ਉਹਨੂੰ ਧਿਆਨ ਦੇ ਨਾਲ ਸੁਣੀ। ਇਹਦੇ ਨਾਲ ਤੇਰਾ ਛੁਟਕਾਰਾ ਹੋ ਜਾਏਗਾ। ਪਹਿਲੀ ਤਾਂ ਗੱਲ ਇਹ ਹੈ ਕਿ ਕੋਈ ਭੁੱਲ ਕੇ ਵੀ ਮਾੜਾ ਕੰਮ ਨਾ ਕਰੀਂ, ਕਿਸੇ ਦਾ ਦਿਲ ਨਾ ਦੁਖਾਈਂ, ਝੂਠ ਨਾ ਬੋਲੀ, ਛਲ ਨਾ ਕਰੀਂ, ਕਪਟ ਨਾ ਕਰੀ, ਨਿੰਦਿਆ ਨਾ ਕਰੀਂ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ 'ਚ ਨਾ ਆਈਂ, ਕਾਮ ਦੇ ਵਿੱਚ ਨਾ ਫਸੀਂ; ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਨਿਕਲ ਕੇ ਉਹ ਕੰਮ ਕਰੀਂ, ਜਿਹੜੇ ਦੂਸਰਿਆਂ ਨੂੰ ਸੁੱਖ ਤੇ ਆਰਾਮ ਪਹੁੰਚਾਉਂਦੇ ਹੋਣ। ਕਿਉਂਕਿ ਜੇ ਤੂੰ ਇਹ ਕੰਮ ਕਰੇਂਗਾ, ਫੇਰ ਅੱਗੇ ਜਾ ਕੇ ਦਰਗਾਹ 'ਚ ਤੈਨੂੰ ਜਵਾਬ ਦੇਣਾ ਪੈਣਾ ਹੈ -

*ਨਾਨਕੁ ਆਖੈ ਰੇ ਮਨਾ ਸੁਣੀਐ ਸਿਖ ਸਹੀ ॥*
*ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ ॥*
*ਤਲਬਾ ਪਉਸਨਿ ਆਕੀਆ ਬਾਕੀ ਜਿਨਾ ਰਹੀ ॥*
*ਅਜਰਾਈਲੁ ਫਰੇਸਤਾ ਹੋਸੀ ਆਇ ਤਈ ॥*
*ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ ॥*
*ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ ॥*
*ਅੰਗ - ੯੫੩*

ਐਸਾ ਕੰਮ ਨਾ ਕਰੀਂ ਕਿ ਦਰਗਾਹ 'ਚ ਜਾ ਕੇ ਤੈਨੂੰ ਹਾਰ ਹੋ ਜਾਵੇ -

*ਧਾਰਨਾ - ਮੰਦਾ ਕੰਮ ਨਾ ਕਰੀਏ ਪਿਆਰੇ,*
*ਬਾਜੀ ਹਾਰ ਜਾਵੇਂਗਾ।*

*ਜਿਤੁ ਸੇਵਿਐ ਸੁਖੁ ਪਾਈਐ*
*ਸੋ ਸਾਹਿਬੁ ਸਦਾ ਸਮ੍ਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ*
*ਸਾ ਘਾਲ ਬੁਰੀ ਕਿਉ ਘਾਲੀਐ ॥*
*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*
*ਜਿਉ ਸਾਹਿਬ ਨਾਲਿ ਨ ਹਾਰੀਐ*
*ਤੇਵੇਹਾ ਪਾਸਾ ਢਾਲੀਐ ॥*
*ਕਿਛੁ ਲਾਹੇ ਉਪਰਿ ਘਾਲੀਐ ॥ ਅੰਗ - ੪੭੪*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥ ਅੰਗ - ੩੧੫*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ੧ ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ਅੰਗ - ੬੫੬*

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ ॥*
*ਅੰਗ - ੧੩੮੧*

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ*
*ਜਿਤੁ ਸਾਹਿਬ ਸੇਤੀ ਪਤਿ ਰਹੈ ॥ ਅੰਗ - ੫੯੦*

ਮਹਾਰਾਜ ਕਹਿਣ ਲੱਗੇ, ਦੇਖ ਭਾਈ ਗੁੱਜਰ! ਸੰਸਾਰ ਦੇ ਅੰਦਰ ਆਦਮੀ ਕੰਮ ਤਾਂ ਕਰਦਾ ਹੈ। ਇੱਕ ਕੰਮ ਉਹ ਕਰਦਾ ਹੈ ਜਿਹੜਾ ਕੰਮ ਕਰਨ ਦੇ ਨਾਲ ਦਰਗਾਹ ਦੇ ਵਿਚ ਜਦੋਂ ਜਾਂਦਾ ਹੈ ਉਥੇ ਧੰਨ-ਧੰਨ ਹੁੰਦੀ ਹੈ। ਆਪ ਵੀ ਛੁਟਦਾ ਹੈ ਤੇ ਆਪਣੀਆਂ ਕੁਲਾਂ ਨੂੰ ਵੀ ਛੁਡਾ ਦਿੰਦਾ ਹੈ। ਇੱਕ ਕੰਮ ਉਹ ਕਰਦਾ ਹੈ, ਜਿਹੜਾ ਦਰਗਾਹ ਦੇ ਵਿਚ ਆਪ ਵੀ ਡੁਬਦਾ ਹੈ ਤੇ ਆਪਣੀਆਂ ਕੁਲਾਂ ਨੂੰ ਵੀ ਡੋਬ ਦਿੰਦਾ ਹੈ। ਕੁਲਾਂ ਨੂੰ ਕੌਣ ਡੋਬਦਾ ਹੈ ਕਹਿੰਦੇ -

*ਮਦਰਾ ਦਹਤੀ ਸਪਤ ਕੁਲ ਭਾਂਗ ਦਹੈ ਤਨ ਏਕ।*

ਸੱਤ ਕੁਲਾਂ ਨੂੰ ਡੋਬਦਾ ਹੈ ਸ਼ਰਾਬ ਪੀਣ ਵਾਲਾ, ਭੰਗ ਜਿਹੜਾ

ਪੀਂਦਾ ਹੈ ਉਹ ਇੱਕ ਆਪਣੇ ਤਨ ਨੂੰ ਡੋਬਦਾ ਹੈ।

*ਜਗਤ ਜੂਠ ਸ਼ਤ ਕੁਲ ਦਹੈ ਨਿੰਦਾ ਦਹੈ ਅਨੇਕ।*

ਸੌ ਕੁਲ ਦਾ ਖਾਤਮਾ ਕਰਦਾ ਹੈ ਤੰਮਾਕੂ ਪੀਣ ਵਾਲਾ। ਤੰਮਾਕੂ ਪੀਣ ਵਾਲੇ ਨਾਲੋਂ ਵੀ ਮਾੜਾ ਜਿਹੜਾ ਹੈ ਨਾ ਉਹ ਨਿੰਦਿਆ ਕਰਨ ਵਾਲਾ ਹੈ, ਉਹਦੀ ਕੋਈ ਗਿਣਤੀ ਮਿਣਤੀ ਨਹੀਂ, ਉਹ ਆਪ ਵੀ ਡੁੱਬਦਾ ਹੈ ਤੇ ਕੁਲਾਂ ਨੂੰ ਵੀ ਡਬੋ ਦਿੰਦਾ ਹੈ, ਇਸੇ ਕਰਕੇ ਮਹਾਰਾਜ ਕਹਿੰਦੇ ਨੇ ਕਿ ਐਸਾ ਪੁੱਤਰ ਪੈਦਾ ਹੀ ਨਹੀਂ ਹੋਣਾ ਚਾਹੀਦਾ ਕੁੱਲ ਦੇ ਅੰਦਰ -

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ਅੰਗ - ੩੨੮*

ਉਹ ਮਾਂ ਹੀ ਵਿਧਵਾ ਹੋ ਜਾਂਦੀ, ਪੁੱਤਰ ਪੈਦਾ ਹੀ ਨਾ ਹੁੰਦਾ।

*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥ ਅੰਗ - ੩੨੮*

ਕਹਿੰਦੇ ਓ ਅਪਰਾਧੀਆ! ਜੇ ਤੂੰ ਭਜਨ ਨਹੀਂ ਸੀ ਕਰਨਾ, ਜੀਉਂਦਾ ਹੀ ਮਰ ਜਾਂਦਾ। ਫਾਇਦਾ ਕੀ ਸੀ ਤੇਰਾ ਸੰਸਾਰ 'ਚ ਰਹਿਣ ਦਾ।

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ*
*ਜਿਤੁ ਸਾਹਿਬ ਸੇਤੀ ਪਤਿ ਰਹੈ ॥ ਅੰਗ - ੫੯੦*

ਜੇ ਦਰਗਾਹ 'ਚ ਜਾ ਕੇ ਪਤ ਰਹਿ ਜਾਏ। ਉਹ ਕੰਮ ਨੇ ਜਿਨ੍ਹਾਂ ਦੇ ਨਾਲ ਜਾ ਕੇ ਫਿਟਕਾਰਾਂ ਪੈਂਦੀਆਂ ਨੇ। ਦੂਸਰੇ ਪਾਸੇ ਹੈ-

*ਜਿਸੁ ਵਖਰ ਕਉ ਲੈਨਿ ਤੂ ਆਇਆ ॥*
*ਰਾਮ ਨਾਮੁ ਸੰਤਨ ਘਰਿ ਪਾਇਆ ॥*
*ਤਜਿ ਅਭਿਮਾਨੁ ਲੇਹੁ ਮਨ ਮੋਲਿ ॥*
*ਰਾਮ ਨਾਮੁ ਹਿਰਦੇ ਮਹਿ ਤੋਲਿ ॥*
*ਲਾਦਿ ਖੇਪ ਸੰਤਹ ਸੰਗਿ ਚਾਲੁ ॥*
*ਅਵਰ ਤਿਆਗਿ ਬਿਖਿਆ ਜੰਜਾਲ ॥*
*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥*
*ਇਹੁ ਵਾਪਾਰੁ ਵਿਰਲਾ ਵਾਪਾਰੈ ॥*
*ਨਾਨਕ ਤਾ ਕੈ ਸਦ ਬਲਿਹਾਰੈ ॥ ਅੰਗ - ੨੮੩*

ਕਹਿੰਦੇ, ਦੇਖ ਭਾਈ, ਦੋਵੇਂ ਕੰਮ ਨੇ -

*ਜਿਤੁ ਸੇਵਿਐ ਸੁਖੁ ਪਾਈਐ*
*ਸੋ ਸਾਹਿਬੁ ਸਦਾ ਸਮ੍ਾਲੀਐ ॥*
*ਜਿਤੁ ਕੀਤਾ ਪਾਈਐ ਆਪਣਾ*
*ਸਾ ਘਾਲ ਬੁਰੀ ਕਿਉ ਘਾਲੀਐ ॥ ਅੰਗ - ੪੭੪*

ਜਿਹੜਾ ਆਪਣਾ ਕੀਤਾ ਪਾਉਣਾ ਹੈ, ਐਸਾ ਕੰਮ ਨਾ ਕਰ। ਕਰਨਾ ਨਹੀਂ ਚਾਹੀਦਾ -

*ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ ॥*
*ਅੰਗ - ੪੭੪*

ਦਰਗਾਹ ਦੇ ਵਿਚ ਨਿਗ੍ਹਾ ਰੱਖ ਕੰਮ ਕਰਨ ਤੋਂ ਪਹਿਲਾਂ ਕਿ ਉਥੇ ਮੈਨੂੰ ਇਹ ਕੰਮ ਕਰਨ ਦੇ ਨਾਲ ਸ਼ਾਬਾਸ਼ ਮਿਲੇਗੀ ਜਾਂ ਡੰਡੇ ਪੈਣਗੇ, ਜਾਂ ਮੈਨੂੰ ਦੁਰਕਾਰਿਆ ਜਾਏਗਾ, ਫਿਟਕਾਰਿਆ ਜਾਏਗਾ।

*ਜਿਉ ਸਾਹਿਬ ਨਾਲਿ ਨ ਹਾਰੀਐ*
*ਤੇਵੇਹਾ ਪਾਸਾ ਢਾਲੀਐ॥ ਅੰਗ - ੪੭੪*

ਵਾਹਿਗੁਰੂ ਨਾਲ ਹਾਰ ਨਾ ਹੋਵੇ, ਓਹੋ ਜਿਹਾ ਜੀਵਨ ਆਪਣਾ ਬਣਾ ਕੇ ਚੱਲ। ਕਹਿੰਦੇ, ਇੱਕ ਤਾਂ ਇਹ ਰੱਖੀਂ ਕਿ ਕਰਮ ਸ਼ੁਭ ਰੱਖਣੇ ਨੇ ਸਾਰੇ। ਜਿਹਨੂੰ ਸਮ ਤੇ ਦਮ ਕਹਿੰਦੇ ਨੇ, ਦੂਸਰੀ ਬਾਤ ਹੈ ਸਾਧਨ ਜਿਹੜਾ ਹੈਗਾ ਉਹ ਇਹ ਹੈ ਕਿ ਪ੍ਰਭੂ ਦਾ ਨਾਮ ਵੀ ਜਪਣਾ ਹੈ ਤੇ ਬਾਣੀ ਪੜ੍ਹਨੀ ਹੈ। ਬਾਣੀ ਪੜ੍ਹਨ ਦੇ ਭੇਦ ਹੋਇਆ ਕਰਦੇ ਨੇ। ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਕੋਲ ਸੰਗਤ ਆਈ, ਆ ਕੇ ਕਹਿਣ ਲੱਗੀ, ਪਾਤਸ਼ਾਹ! ਬਾਣੀ ਅਸੀਂ ਬੜੀ ਪੜ੍ਹਦੇ ਹਾਂ, ਆਪ ਦਾ ਫੁਰਮਾਨ ਹੈ ਕਿ ਬਾਣੀ ਪੜ੍ਹਨ ਦੇ ਨਾਲ ਆਦਮੀ ਦਾ ਮਨ ਸ਼ਾਂਤ ਹੋ ਜਾਂਦਾ ਹੈ। ਸੁੱਖ ਹੋ ਜਾਂਦਾ ਹੈ ਤੇ ਇੱਕ ਆਨੰਦ ਆਉਂਦਾ ਹੈ ਤੇ ਅਸੀਂ ਇਸ ਤਰ੍ਹਾਂ ਦੇ ਨਾਲ ਵੀ ਸੁਣਿਆ ਹੈ -

*ਧਾਰਨਾ - ਚੜ੍ਹੀ ਰਹੇ ਦਿਨ ਰਾਤ*
*ਨਾਮ ਖੁਮਾਰੀ-ਨਾਮ ਖੁਮਾਰੀ।*

*ਪੋਸਤ ਮਧ ਅਫੀਮ ਭੰਗ ਉਤਰ ਜਾਏ ਪਰਭਾਤਿ।*
*ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ।*

***ਜਨਮਸਾਖੀ***

ਮਹਾਰਾਜ! ਐਸੇ ਬਚਨ ਵੀ ਅਸੀਂ ਸੁਣਦੇ ਹਾਂ, ਗਿਆਨਵਾਨ ਪੁਰਸ਼ਾਂ ਤੋਂ ਕਿ ਨਾਮ ਦੇ ਅੰਦਰ ਕੋਈ ਨਸ਼ਾ ਹੋਇਆ ਕਰਦਾ ਹੈ। ਬਾਣੀ ਦੇ ਅੰਦਰ ਨਸ਼ਾ ਹੁੰਦਾ ਹੈ। ਪਰ ਸਾਡਾ ਤਾਂ ਮਨ ਹੀ ਨਹੀਂ ਟਿਕਦਾ। ਮਹਾਰਾਜ! ਕਹਿੰਦੇ ਤੁਸੀਂ ਪੜ੍ਹਦੇ ਨਹੀਂ ਹੋਣੇ। ਕਹਿੰਦੇ, ਮਹਾਰਾਜ! ਪੰਜ ਬਾਣੀਆਂ ਤਾਂ ਜਿਹੜਾ ਆਪ ਦਾ ਹੁਕਮ ਹੈ ਉਹ ਪੜ੍ਹਦੇ ਹਾਂ। ਉਸ ਤੋਂ ਵੱਧ ਪੰਜ ਸੱਤ ਹੋਰ ਪੜ੍ਹ ਲੈਂਦੇ ਹਾਂ। ਸੁਖਮਨੀ ਸਾਹਿਬ ਵੀ ਪੜ੍ਹ ਲੈਂਦੇ ਹਾਂ, ਆਸਾ ਦੀ ਵਾਰ ਸ਼ਬਦਾਂ ਛੱਕਿਆਂ ਸਮੇਤ ਵੀ ਪੜ੍ਹਦੇ ਹਾਂ, ਸਵੱਯੇ ਵੀ ਪੜ੍ਹਦੇ ਹਾਂ। ਦੋਵੇਂ ਸ਼ਬਦ ਹਜ਼ਾਰੇ ਪੜ੍ਹਦੇ ਹਾਂ। ਹੋਰ ਵੀ ਜੋ ਬਾਣੀ ਵਾਰੀ ਸਿੱਧੇ ਆਉਂਦੀ ਹੈ, ਕਦੇ ਦੱਖਣੀ ਓਅੰਕਾਰ ਪੜ੍ਹਦੇ ਹਾਂ, ਕਦੇ ਸਿੱਧ ਗੋਸ਼ਟ ਪੜ੍ਹਦੇ ਹਾਂ, ਕਦੇ ਬਾਵਨ ਅੱਖਰੀ ਪੜ੍ਹਦੇ ਹਾਂ, ਕਦੇ ਗੁਰੂ ਗ੍ਰੰਥ ਸਾਹਿਬ ਦੇ ਵਿਚੋਂ ਵੀ ਬਾਣੀ ਪੜ੍ਹਦੇ ਹਾਂ, ਪਰ ਮਹਾਰਾਜ! ਸੱਚ-ਸੱਚ ਅਸੀਂ ਆਪ ਦੇ ਅੱਗੇ ਬੋਲਦੇ ਹਾਂ ਕਿ ਸਾਨੂੰ ਤਾਂ ਉਹ ਨਸ਼ਾ ਪ੍ਰਾਪਤ ਨਹੀਂ ਹੁੰਦਾ। ਸਾਡੇ ਵਿੱਚ ਨੁਕਸ ਹੈ ਜਾਂ ਕਿਸੇ ਹੋਰ ਥਾਂ ਨੁਕਸ ਹੈ। ਆਪ ਕ੍ਰਿਪਾ ਕਰਕੇ ਦੱਸੋ। ਮਹਾਰਾਜ ਕਹਿੰਦੇ ਤੁਸੀਂ ਪੜ੍ਹਦੇ ਹੀ ਨਹੀਂ ਓ। ਜਿਸ ਤਰ੍ਹਾਂ ਬਾਣੀ ਪੜ੍ਹਨੀ ਚਾਹੀਦੀ ਹੈ, ਉਸ ਤਰ੍ਹਾਂ ਨਹੀਂ ਪੜ੍ਹਦੇ। ਮਹਾਰਾਜ ਨੇ ਪ੍ਰੈਕਟੀਕਲੀ ਸਮਝਾਉਣ ਵਾਸਤੇ ਹੁਕਮ ਦਿੱਤਾ ਕਿ ਇੱਕ ਬਾਲਟੀ ਤੇ ਕੁਛ ਲਿਆਓ ਬਾਟੇ, ਛੋਟੇ ਤੇ ਵੱਡੇ ਬਾਟੇ। ਤੇ ਬਾਲਟੀ ਸੁੱਖੇ ਦੀ ਭਰ ਲਿਆਓ। ਇਸੇ ਤਰ੍ਹਾਂ ਹੁਕਮ ਦੀ ਤਾਮੀਲ ਹੋਈ, ਡੱਬੇ ਬਾਟੇ ਭਰ ਕੇ ਅੱਧਿਆਂ ਨੂੰ ਕਿਹਾ ਉਥੇ ਜਾ ਕੇ ਕੁਰਲੀਆਂ ਕਰੋ, ਦੇਖਿਓ ਇੱਕ ਕਤਰਾ ਵੀ ਅੰਦਰ ਨਾ ਚਲਿਆ ਜਾਵੇ, ਸਾਵਧਾਨੀ ਵਰਤਣੀ ਹੈ। ਲਓ ਭਾਈ ਆਹ ਦੋ-ਦੋ ਘੁੱਟਾਂ ਤੁਸੀਂ ਪੀ ਲਓ। ਜਦੋਂ ਉਹ ਕੰਮ ਖਤਮ ਕਰਕੇ ਆਏ, ਕੁਰਲੀਆਂ ਕਰਕੇ ਆਏ, ਉਸ ਵੇਲੇ ਮਹਾਰਾਜ ਨੇ

ਪੁੱਛਿਆ ਕਿਉਂ ਭਾਈ! ਤੁਹਾਨੂੰ ਨਸ਼ਾ ਹੋਇਆ ਕੁਛ। ਕਹਿੰਦੇ ਮਹਾਰਾਜ! ਨਸ਼ਾ ਕਾਹਦਾ ਅਸੀਂ ਤਾਂ ਕੁਰਲੀਆਂ ਹੀ ਕਰੀਆਂ ਨੇ। ਕਹਿੰਦੇ, ਬਾਟਾ ਤਾਂ ਬਹੁਤ ਸੀ ਕੋਈ ਭੁੱਲ-ਭੁਲੇਖੇ ਅੰਦਰ ਚਲੀ ਗਈ ਹੋਵੇ ਘੁੱਟ? ਕਹਿੰਦੇ, ਨਾ ਮਹਾਰਾਜ! ਅਸੀਂ ਜਾਣ ਹੀ ਨਹੀਂ ਦਿੱਤੀ। ਗਲ ਤਕ ਤਾਂ ਅਸੀਂ ਜਾਣ ਹੀ ਨਹੀਂ ਦਿੱਤੀ ਕਿ ਕਿਤੇ ਹੁਕਮ ਅਦੂਲੀ ਨਾ ਹੋ ਜਾਵੇ। ਦੂਜਿਆਂ ਨੂੰ ਪੁਛਿਆ ਕਿ ਤੁਸੀਂ ਦੱਸੋ ਭਾਈ! ਕਹਿੰਦੇ ਮਹਾਰਾਜ ਸਾਡਾ ਤਾਂ ਸਿਰ ਚੱਕਰ ਜਿਹੇ ਖਾਣ ਲਗ ਗਿਆ। ਮਹਾਰਾਜ ਕਹਿੰਦੇ, ਦੇਖੋ ਇਨ੍ਹਾਂ ਨੇ ਦੋ ਘੁੱਟ ਤੇ ਤੁਸੀਂ ਬਾਟਾ। ਕਹਿੰਦੇ, ਮਹਾਰਾਜ! ਅਸੀਂ ਤਾਂ ਕੁਰਲੀਆਂ ਹੀ ਕਰੀਆਂ ਨੇ। ਮਹਾਰਾਜ ਕਹਿੰਦੇ, ਪ੍ਰੇਮੀਓ! ਬਾਣੀ ਪੜ੍ਹਨ ਦੇ ਵਿਚ ਭੇਤ ਹੋਇਆ ਕਰਦਾ ਹੈ। ਬਾਣੀ ਪਹਿਲਾਂ ਗੁਟਕੇ ਤੋਂ ਦੇਖ ਕੇ ਪੜ੍ਹਦੇ ਹਾਂ, ਗੁਟਕੇ ਤੋਂ ਦੇਖ ਕੇ ਤਾਂ ਪੜ੍ਹਦੇ ਹਾਂ ਕਿ ਕਈ ਵਾਰੀ ਅਸ਼ੁੱਧ ਯਾਦ ਹੋ ਜਾਂਦੀ ਹੈ, ਉਹ ਫੇਰ ਪੱਕ ਜਾਂਦੀ ਹੈ, ਜਿੰਨਾਂ ਜੀਅ ਕਰਦਾ ਹੈ ਜ਼ੋਰ ਲਾ ਲਓ, ਮੁੜ ਕੇ ਸ਼ੁੱਧ ਨਹੀਂ ਹੁੰਦੀ। ਓਹੀ ਅੱਖਰ ਕਹੇਗਾ ਜਦ ਕਹੇਗਾ, ਕਿਉਂਕਿ ਯਾਦਦਾਸ਼ਤ ਵਿਚੋਂ ਚਲਿਆ ਗਿਆ। ਗੁਟਕੇ 'ਚੋਂ ਦੇਖ ਕੇ ਜਦੋਂ ਅਸੀਂ ਪੜ੍ਹਦੇ ਹਾਂ, ਫੇਰ ਸ਼ੁੱਧ ਬਾਣੀ ਪੜ੍ਹ ਹੋ ਜਾਂਦੀ ਹੈ। ਲੇਕਿਨ ਬਾਣੀ ਕੰਠ ਦੀ ਹੋਇਆ ਕਰਦੀ ਹੈ ਹਮੇਸ਼ਾ। ਗੁਟਕਾ ਮਿਲੇ ਨਾ ਮਿਲੇ, ਐਨਕਾਂ ਹੀ ਨਾ ਮਿਲਣ ਫੇਰ ਕੀ ਕਰੇ। ਲੇਕਿਨ ਆਮ ਹੈ ਕਿ ਬਾਣੀ ਜੋ ਪੜ੍ਹਦਾ ਹੈ, ਦੇਖ ਕੇ ਪੜ੍ਹੋ, ਜਿਹਦੀ ਸੁਰਤ ਨਹੀਂ ਲਗਦੀ ਉਹ ਲਗਾਂ ਮਾਤਰਾਂ 'ਚ ਸੁਰਤ ਲਾਓ। ਅੱਖਰਾਂ ਨੂੰ ਲੱਗੀਆਂ ਹੁੰਦੀਆਂ ਨੇ, ਉਹਨੂੰ ਦੇਖਦੇ ਚਲੇ ਜਾਓ, ਪੱਕ ਜਾਏਗੀ। ਜਦੋਂ ਸੁਰਤੀ ਵਿਚ ਟਿਕਣ ਲਗ ਗਈ ਬਾਣੀ ਦੇ, ਉਸ ਵੇਲੇ ਬਾਣੀ ਦੀ ਵਿਚਾਰ ਕਰੋ। ਸੋ ਕਹਿੰਦੇ, ਦੇਖੋ ਪਹਿਲਾਂ ਤਾਂ ਹੈਗਾ ਪੜ੍ਹਨਾ। ਦੂਸਰਾ ਦਰਜਾ ਹੈਗਾ ਬਾਣੀ ਦਾ ਵਿਚਾਰਨਾ। ਤੀਸਰਾ ਦਰਜਾ ਕੀ ਹੈ, ਵਿਚਾਰ ਤਾਂ ਬਾਣੀ ਦੀ ਕਰ ਲਈ -

***ਫਰੀਦਾ ਬੁਰੇ ਦਾ ਭਲਾ ਕਰਿ ਗੁਸਾ ਮਨਿ ਨ ਹਢਾਇ ॥***
***ਦੇਹੀ ਰੋਗੁ ਨ ਲਗਈ ਪਲੈ ਸਭੁ ਕਿਛੁ ਪਾਇ ॥***
***ਅੰਗ - ੧੩੮੨***

ਪੜ੍ਹ ਲਿਆ ਕਿ ਬੁਰੇ ਦਾ ਭਲਾ ਕਰਨਾ ਹੈ, ਬੁਰੇ ਦਾ ਬੁਰਾ ਨਹੀਂ ਕਰਨਾ ਤੇ ਕਿਸੇ ਨਾਲ ਗੁੱਸੇ ਹੋ ਕੇ ਮਨ ਵਿਚ ਗੁੱਸਾ ਹੰਢਾਉਣਾ ਨਹੀਂ ਹੈ, ਚਿਤਵਨੀਆਂ ਨਹੀਂ ਚਿਤਵੀ ਜਾਣੀਆਂ ਕਿ ਮੈਂ ਇਹਨੂੰ ਐਉਂ ਕਰਾਂ, ਆਹ ਕਰਾਂ। ਫਲਾਣੇ ਥਾਉਂ 'ਤੇ ਹਾਰ ਦੇਵਾਂ। ਕਹਿੰਦੇ, ਇਹਦੇ ਨਾਲ ਦੇਹੀ ਤੁਹਾਡੀ ਨੂੰ ਰੋਗ ਨਹੀਂ ਲੱਗਣਾ। ਰਾਜ਼ੀ ਹੋ ਜਾਓਂਗੇ ਤੇ ਤੁਹਾਨੂੰ ਰੂਹਾਨੀ ਦੌਲਤ ਸਾਰੀ ਮਿਲੇਗੀ।

***ਆਪੁ ਸਵਾਰਹਿ ਮੈ ਮਿਲਹਿ***
***ਮੈ ਮਿਲਿਆ ਸੁਖੁ ਹੋਇ ॥ ਅੰਗ - ੧੩੮੨***

ਜਦੋਂ ਤੂੰ ਆਪਣੇ ਆਪ ਨੂੰ ਠੀਕ ਤਰ੍ਹਾਂ ਸੰਵਾਰ ਲਏਂਗਾ ਤਾਂ ਮੈਨੂੰ ਮਿਲ ਜਾਏਂਗਾ, ਵਾਹਿਗੁਰੂ ਜੀ ਕਹਿੰਦੇ ਨੇ।

***ਫਰੀਦਾ ਜੇ ਤੂੰ ਮੇਰਾ ਹੋਇ ਰਹਹਿ***
***ਸਭੁ ਜਗੁ ਤੇਰਾ ਹੋਇ ॥ ਅੰਗ - ੧੩੮੨***

ਹੁਣ ਇਹਦੇ ਅਰਥ ਵੀ ਸਮਝ 'ਚ ਆ ਗਏ ਤੇ ਬਾਣੀ ਵੀ ਪੜ੍ਹ ਲਈ, ਦੋ ਤਾਂ ਚੀਜ਼ਾਂ ਸਾਡੇ ਸਮਝ 'ਚ ਆ ਗਈਆਂ ਕਿ ਬਾਣੀ ਨੂੰ ਕਮਾਈਏ ਕਿਵੇਂ?

***ਪਰ ਕਾ ਬੁਰਾ ਨ ਰਾਖਹੁ ਚੀਤ ॥***
***ਤੁਮ ਕਉ ਦੁਖੁ ਨਹੀ ਭਾਈ ਮੀਤ ॥ ਅੰਗ - ੩੮੬***
***ਵਵਾ ਵੈਰੁ ਨ ਕਰੀਐ ਕਾਹੂ ॥***
***ਘਟ ਘਟ ਅੰਤਰਿ ਬ੍ਰਹਮ ਸਮਾਹੂ ॥ ਅੰਗ - ੨੫੯***

ਲੇਕਿਨ ਇਹ ਕਮਾਈ ਨਹੀਂ ਕੀਤੀ ਜਾਂਦੀ, ਉਹ ਤੁਕ ਕਮਾਉਣ ਦੀ ਕੋਸ਼ਿਸ਼ ਕਰੋ ਕਿ ਇੱਕ ਤੁਕ ਕਮਾਉਣੀ ਹੈ ਇਕ ਮਹੀਨੇ ਦੇ ਅੰਦਰ। ਜੇ ਤਾਂ ਇਸ ਤਰ੍ਹਾਂ ਕਰਾਂਗੇ ਫੇਰ ਤਾਂ ਲੰਘ ਜਾਵਾਂਗੇ। ਕਮਾਉਣਾ ਇਸ ਤਰ੍ਹਾਂ ਹੁੰਦਾ ਹੈ। ਯੁਧਿਸ਼ਟਰ ਪੰਜ ਭਰਾ ਪਾਂਡਵ ਸੀਗੇ, ਪੜ੍ਹਨ ਲਾ ਦਿੱਤੇ, ਕੌਰਵ ਵੀ ਲਾ ਦਿੱਤੇ। ਇਹ ਛੇਤੀ-ਛੇਤੀ ਪੜ੍ਹਦੇ ਜਾਂਦੇ ਨੇ। ਯੁਧਿਸ਼ਟਰ ਰੁਕ ਗਿਆ ਆ ਕੇ ਭੁਲਾਵੇਂ ਅੱਖਰਾਂ 'ਤੇ, ਜਿਥੇ ਜੋੜਵੇਂ ਅੱਖਰ ਆਉਂਦੇ ਸੀ ਉਥੇ ਰੁਕ ਗਿਆ। ਉਥੇ ਸਬਕ ਦੇ ਵਿਚ ਆ ਗਿਆ ਕਿ ਕ੍ਰੋਧ ਮਤ ਕਰੋ। ਮਾਸਟਰ ਪੁੱਛਦਾ ਹੈ ਕਿ ਅਗਾਹਾਂ ਸੰਥਿਆ ਲੈ, ਕਹਿੰਦਾ, ਮੇਰੇ ਤਾਂ ਯਾਦ ਨਹੀਂ ਹੋਈ। ਦੋ ਤਿੰਨ ਮਹੀਨੇ ਲੰਘਾ ਦਿੱਤੇ। ਉਹ ਪਹਿਲੀ ਦੀ ਕਿਤਾਬ ਪੜ੍ਹਨ ਲੱਗ ਗਏ। ਪਿਤਾ ਜੀ ਨੇ ਉਨ੍ਹਾਂ ਦੇ ਨੇ ਪੁਛਿਆ, ਮਾਸਟਰ ਨੂੰ ਬੁਲਾ ਕੇ ਕਿ ਕਿੰਨਾਂ ਕੇ ਪੜ੍ਹ ਰਹੇ ਹਨ, ਠੀਕ ਚਲ ਰਹੇ ਨੇ, ਜੇ ਨਹੀਂ ਚੱਲ ਰਿਹਾ ਤਾਂ ਯੁਧਿਸ਼ਟਰ ਨਹੀਂ ਚੱਲ ਰਿਹਾ। ਉਹ ਇੱਕ ਲਾਈਨ ਤੇ ਰੁਕਿਆ ਬੈਠਾ ਹੈ, 'ਕ੍ਰੋਧ ਮੱਤ ਕਰੋ' ਅੱਗੇ ਚਲਦਾ ਨਹੀਂ। ਸੁਣਾ ਸਾਨੂੰ ਦਿੰਦਾ ਹੈ, ਪਰ ਕਹਿੰਦਾ ਮੈਨੂੰ ਤਾਂ ਪੱਕਿਆ ਹੀ ਨਹੀਂ। ਸਾਰੇ ਬੱਚਿਆ ਨੂੰ ਬੁਲਾ ਕੇ ਕਿਤਾਬਾਂ ਪੜ੍ਹਾਈਆਂ ਗਈਆਂ ਸਭ ਨੇ ਪੜ੍ਹ ਲਿਆ, ਇਹਨੂੰ ਜਦੋਂ ਬੁਲਾਇਆ, ਕ੍ਰੋਧ ਮੱਤ ਕਰੋ 'ਤੇ ਆ ਕੇ ਰੁਕ ਗਿਆ। ਕਹਿੰਦਾ, ਮੇਰੇ ਤਾਂ ਇਹ ਯਾਦ ਹੀ ਨਹੀਂ ਹੋਇਆ। ਕਹਿੰਦੇ ਤੇਰੇ ਯਾਦ ਤਾਂ ਹੋ ਗਿਆ, ਕਹਿੰਦਾ ਨਾ ਮੇਰੇ ਨਹੀਂ ਯਾਦ। ਪਿਤਾ ਨੇ ਥੱਪੜ ਮਾਰਿਆਂ ਮੂੰਹ 'ਤੇ। ਚੁੱਪ ਕਰ ਗਏ। ਦੂਸਰੇ ਪਾਸੇ ਮਾਰਿਆ, ਫੇਰ ਚੁੱਪ ਕਰ ਗਏ। ਉਵੇਂ ਜਿਵੇਂ ਰਹੇ, ਕੋਈ ਵੀ ਅਸਰ ਨਾ ਹੋਣ ਦਿੱਤਾ ਅੰਦਰ। ਕਹਿੰਦੇ, ਹੁਣ ਪੱਕ ਗਿਆ ਮੇਰੇ। ਕਹਿੰਦੇ ਥੱਪੜ ਖਾ ਕੇ ਹੀ ਪੱਕਿਆਂ ਹੈ। ਕਹਿੰਦਾ, ਇਹ ਸਬਕ ਜਿਹੜਾ ਸੀ ਇਹ ਥੱਪੜ ਖਾ ਕੇ ਹੀ ਪੱਕਣ ਵਾਲਾ ਸੀ। ਇਹ ਤਾਂ ਮੈਂ ਜਾਣਦਾ ਹਾਂ ਕਿ ਕ੍ਰੋਧ ਮੱਤ ਕਰੋ। ਪਰ ਮੈਨੂੰ ਕੀ ਪਤਾ ਕ੍ਰੋਧ ਮੈਂ ਕਰਦਾ ਹਾਂ ਕਿ ਨਹੀਂ ਕਰਦਾ। ਹੁਣ ਤੁਸੀਂ ਥੱਪੜ ਮਾਰਿਆ ਮੈਨੂੰ ਕ੍ਰੋਧ ਬਿਲਕੁਲ ਨਹੀਂ ਆਇਆ। ਇਹਨੂੰ ਕਹਿੰਦੇ ਨੇ ਬਾਣੀ ਨੂੰ ਕਮਾਉਣਾ। ਕਮਾਉਣੀ ਸਭ ਤੋਂ ਔਖੀ ਹੈ, ਪੜ੍ਹ ਲੈਣੀ, ਵਿਚਾਰ ਲੈਣੀ, ਸ਼ੁੱਧ ਪੜ੍ਹ ਲੈਣੀ, ਸ਼ੁੱਧ ਉਚਾਰਨ ਕਰ ਲੈਣਾ, ਕੋਈ ਔਖੀਆਂ ਗੱਲਾਂ ਨਹੀਂ, ਬੜੀਆਂ ਸੁਖਾਲੀਆਂ ਗੱਲਾਂ ਨੇ। ਲੇਕਿਨ ਜਿੱਥੇ ਬਾਣੀ ਕਮਾਉਣੀ ਹੈ ਉਹ ਬਹੁਤ ਔਖੀ ਹੈ -

***ਪਰ ਤ੍ਰਿਅ ਰੂਪੁ ਨ ਪੇਖੈ ਨੇਤ੍ਰ ॥ ਅੰਗ - ੨੭੪***

***ਕਰਨ ਨ ਸੁਨੈ ਕਾਹੂ ਕੀ ਨਿੰਦਾ ॥ ਅੰਗ - ੨੭੪***

ਸਾਰੇ ਕਮਾਉਣਾ ਹੀ ਹੈ, ਸਾਰੀਆਂ ਚੀਜ਼ਾਂ। ਇਹ ਬਹੁਤ ਔਖੀ ਚੀਜ਼ ਹੈ, ਜਦੋਂ ਕਮਾ ਲੈਂਦਾ ਹੈ। ਫੇਰ ਉਹਨੂੰ ਕੀ ਮਿਲਦਾ ਹੈ। ਉਹ ਪਹਿਲਾਂ ਮੰਨਦਾ ਹੈ, ਮੰਨ ਕੇ ਕਮਾਉਂਦਾ ਹੈ। ਪਹਿਲਾਂ ਵਿਚਾਰਦਾ ਹੈ, ਵਿਚਾਰ ਕੇ ਫੇਰ ਗੱਲ ਨੂੰ ਤੱਤ ਮੰਨਦਾ ਹੈ, ਤੱਤ ਮੰਨ ਕੇ ਫੇਰ ਕਮਾਉਂਦਾ ਹੈ, ਜਦੋਂ ਕਮਾਉਂਦਾ ਹੈ ਫੇਰ ਉਹਨੂੰ ਪ੍ਰਾਪਤੀ ਹੋ ਜਾਂਦੀ ਹੈ। ਪ੍ਰਾਪਤੀ ਹੁੰਦੀ ਕਾਹਦੀ ਹੈ? ਕਹਿੰਦੇ,

ਮੁਕਤੀ ਦਾ ਦਰਵਾਜ਼ਾ ਉਹਦੇ ਵਾਸਤੇ ਖੁੱਲ੍ਹ ਜਾਂਦਾ ਹੈ। ਐਉਂ ਪੜ੍ਹ ਲਓ -

***ਧਾਰਨਾ - ਪਾਵੈ ਮੋਖ ਦੁਆਰ, ਜੇ ਮਨ ਮੰਨ ਜਾਏ।***

*ਮੰਨੈ ਪਾਵਹਿ ਮੋਖੁ ਦੁਆਰੁ ॥ ਮੰਨੈ ਪਰਵਾਰੈ ਸਾਧਾਰੁ ॥*
*ਮੰਨੈ ਤਰੈ ਤਾਰੇ ਗੁਰੁ ਸਿਖ ॥*
*ਮੰਨੈ ਨਾਨਕ ਭਵਹਿ ਨ ਭਿਖ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥ ਅੰਗ - ੩*

ਪਹਿਲਾਂ ਮਨ ਮੰਨਦਾ ਹੈ, ਫੇਰ ਬਾਣੀ ਕਮਾਈ ਜਾਂਦੀ ਹੈ। ਜਿੰਨਾਂ ਚਿਰ ਮਨ ਨਹੀਂ ਮੰਨਦਾ, ਓਨਾਂ ਚਿਰ ਅੱਗੇ ਚਲਦਾ ਹੀ ਨਹੀਂ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ - ੩੪੨*

ਸੋ ਮਹਾਰਾਜ ਕਹਿੰਦੇ, ਪ੍ਰੇਮੀਆਂ! ਬਾਣੀ ਪੜ੍ਹਨੀ ਹੈ, ਪੜ੍ਹਨੀ ਹੈ ਵਿਚਾਰ ਕੇ। ਵਿਚਾਰ ਕੇ ਫੇਰ ਮਨ ਨੂੰ ਮਨਾਉਣਾ ਹੈ, ਮਨ ਨੂੰ ਮਨਾ ਕੇ ਫੇਰ ਬਾਣੀ ਨੂੰ ਕਮਾਉਣਾ ਹੈ। ਫੇਰ ਮੁਕਤੀ ਦੀ ਪ੍ਰਾਪਤੀ ਹੋ ਜਾਏਗੀ ਕਿਉਂਕਿ ਬਾਣੀ ਧੁਰ ਦਰਗਾਹ ਤੋਂ ਆਈ ਹੈ। ਵਿਚਾਰ ਆਉਂਦੀ ਹੈ ਕਿ -

*ਪੂਰਾ ਥਾਟੁ ਬਣਾਇਆ ਪੂਰੈ ਵੇਖਹੁ ਏਕ ਸਮਾਨਾ ॥*
*ਇਸੁ ਪਰਪੰਚ ਮਹਿ ਸਾਚੇ ਨਾਮ ਕੀ ਵਡਿਆਈ*
*ਮਤੁ ਕੋ ਧਰਹੁ ਗੁਮਾਨਾ ॥ ਅੰਗ - ੭੯੭*

ਇਹ ਸਾਰੀ ਸ੍ਰਿਸ਼ਟੀ ਵਾਹਿਗੁਰੂ ਨੇ ਰਚੀ ਹੈ, ਇਹਦੇ ਵਿੱਚ ਵਡਿਆਈ ਕਿਹੜੀ ਚੀਜ਼ ਦੀ ਹੈ, ਸੱਚੇ ਨਾਮ ਦੀ।

*ਸਤਿਗੁਰ ਕੀ ਜਿਸ ਨੋ ਮਤਿ ਆਵੈ*
*ਸੋ ਸਤਿਗੁਰ ਮਾਹਿ ਸਮਾਨਾ ॥ ਅੰਗ - ੭੯੭*

ਜਿਹਨੂੰ ਮੱਤ ਆ ਜਾਂਦੀ ਹੈ ਗੁਰੂ ਦੀ, ਗੁਰਮਤਿ ਨੂੰ ਧਾਰਨ ਕਰ ਲੈਂਦਾ ਹੈ, ਉਹ ਗੁਰੂ ਦੇ ਦੇਸ਼ ਵਿਚ ਜਾ ਕੇ ਸਮਾਈ ਕਰ ਲੈਂਦਾ ਹੈ।

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਇੱਕ ਤਾਂ ਉਪਰੋਂ-ਉਪਰੋਂ ਜਾਣਦੇ ਨੇ, ਇੱਕ ਹਿਰਦੇ ਤੋਂ ਜਾਣਦੇ ਨੇ ਜਿਹੜੀ ਤੁਕ ਪੜ੍ਹਦੇ ਨੇ ਉਹਦੇ ਉਤੋਂ ਦੀ ਲੰਘ ਨਹੀਂ ਸਕਦੇ। ਕਹਿੰਦੇ, ਉਨ੍ਹਾਂ ਨੂੰ ਕੀ ਪ੍ਰਾਪਤ ਹੁੰਦਾ ਹੈ? ਉਹਦੇ ਅੰਦਰ ਪ੍ਰਮੇਸ਼ਰ ਦਾ ਨਾਮ ਰਮ ਜਾਂਦਾ ਹੈ। ਸੋ ਬਾਣੀ ਕਹਿੰਦੀ ਹੈ ਕਿ-

*ਚਹੁ ਜੁਗਾ ਕਾ ਹੁਣਿ ਨਿਬੇੜਾ*
*ਨਰ ਮਨੁਖਾ ਨੋ ਏਕੁ ਨਿਧਾਨਾ ॥ ਅੰਗ - ੭੯੭*

ਸਤਿਜੁਗ ਦੇ ਵਿਚ ਭਗਤੀ ਕਰਨ ਵਾਲੇ, ਤਪਸਿਆ ਕਰਨ ਵਾਲੇ, ਸਤਿ ਬੋਲਣ ਵਾਲੇ, ਮੁਕਤੀ ਪ੍ਰਾਪਤ ਨਾ ਕਰ ਸਕੇ, ਤ੍ਰੇਤੇ 'ਚ ਆ ਕੇ ਤਪ ਕਰਦੇ ਨੇ। ਦੁਆਪਰ 'ਚ ਆ ਗਏ, ਹੁਣ ਕਲਜੁਗ ਵਿਚ ਫੇਰ ਆ ਗਏ ਨੇ, ਮਹਾਰਾਜ ਕਹਿੰਦੇ, ਹੁਣ ਤੁਹਾਡੇ ਤਰਨ ਦਾ ਸਮਾਂ ਆ ਗਿਆ। ਇਕ ਖਜ਼ਾਨਾ ਹੈ, ਹੁਣ ਨਿਬੇੜਾ ਹੋਣਾ ਹੈ-

*ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ*
*ਕਲਿ ਮਹਿ ਕੀਰਤਿ ਹਰਿ ਨਾਮਾ ॥ ਅੰਗ - ੭੯੭*

ਇਹ ਤਾਂ ਧਰਮ ਸੀਗੇ ਉਨ੍ਹਾਂ ਜੁਗਾਂ ਦੇ, ਹੁਣ ਜਿਹੜਾ ਕਲਜੁਗ ਦਾ ਸਮਾਂ ਹੈ, ਇਕ ਚਿੱਤ ਹੋ ਕੇ ਹਰੀ ਦੀ ਜਸ ਵਿਚ ਕੀਰਤਨ ਕਰਨਾ। ਪ੍ਰਮੇਸ਼ਰ ਦੇ ਨਾਮ ਵਿਚ ਸੁਰਤੀ ਜੋੜਨੀ -

*ਜੁਗਿ ਜੁਗਿ ਆਪੋ ਆਪਣਾ ਧਰਮੁ ਹੈ*
*ਸੋਧਿ ਦੇਖਹੁ ਬੇਦ ਪੁਰਾਣਾ ॥ ਅੰਗ - ੭੯੭*

ਚਾਰੇ ਜੁਗਾਂ ਦਾ ਆਪੋ ਆਪਣਾ ਧਰਮ ਹੈ, ਕਹਿੰਦੇ ਵੇਦ ਪੜ੍ਹ ਕੇ ਦੇਖ ਲਓ, ਪੁਰਾਨ ਪੜ੍ਹ ਕੇ ਦੇਖ ਲਓ -

*ਗੁਰਮੁਖਿ ਜਿਨੀ ਧਿਆਇਆ ਹਰਿ ਹਰਿ*
*ਜਗਿ ਤੇ ਪੂਰੇ ਪਰਵਾਣਾ ॥ ੩ ॥*
*ਕਹਤ ਨਾਨਕੁ ਸਚੇ ਸਿਉ ਪ੍ਰੀਤਿ ਲਾਏ*
*ਚੂਕੈ ਮਨਿ ਅਭਿਮਾਨਾ ॥*
*ਕਹਤ ਸੁਣਤ ਸਭੇ ਸੁਖ ਪਾਵਹਿ*
*ਮਾਨਤ ਪਾਹਿ ਨਿਧਾਨਾ ॥ ਅੰਗ - ੭੯੭*

ਕਹਿੰਦੇ ਜਿਹੜੇ ਮੰਨ ਜਾਂਦੇ ਨੇ ਉਨ੍ਹਾਂ ਨੂੰ ਨਾਮ ਦੇ ਖਜ਼ਾਨੇ ਦੀ ਪ੍ਰਾਪਤੀ ਹੋ ਜਾਂਦੀ ਹੈ। ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਦੇ ਨਾਲ ਬਾਣੀ ਪੜ੍ਹਨੀ ਹੈ ਤੇ ਜਪੁਜੀ ਸਾਹਿਬ ਦੇ ਜਿੰਨੇ ਪਾਠ ਤੇਰੇ ਤੋਂ ਹੋ ਸਕਣ ਕਰਦਾ ਰਿਹਾ ਕਰ ਰੋਜ਼ ਤੇ ਪਾਠ ਵਿਚਾਰ ਕਰ। ਜਪੁਜੀ ਸਾਹਿਬ ਦੇ ਅੰਦਰ ਸਾਰਾ ਗੁਰੂ ਗ੍ਰੰਥ ਸਾਹਿਬ ਦਾ ਸਿਧਾਂਤ ਸ਼ਾਮਿਲ ਹੈ। **ਜਿਹਨੂੰ 'ਜਪੁਜੀ ਸਾਹਿਬ' ਸਮਝ 'ਚ ਆ ਗਿਆ, ਉਹਨੇ ਗੁਰੂ ਗ੍ਰੰਥ ਸਾਹਿਬ ਸਮਝ ਲਿਆ। ਮੂਲਮੰਤ੍ਰ ਦੇ ਅੰਦਰ ਸਾਰਾ ਜਪੁਜੀ ਸਾਹਿਬ ਤੇ ਵਾਹਿਗੁਰੂ ੴ ਦੇ ਅੰਦਰ ਸਾਰਾ ਗੁਰੂ ਗ੍ਰੰਥ ਸਾਹਿਬ। ਇੱਕ ਅੱਖਰ ਦੇ ਵਿਚ ਸਭ ਕੁਛ ਆ ਗਿਆ।** ਜਿਹੜਾ ਇੱਕ ਅੱਖਰ ਨੂੰ ਜਾਣ ਗਿਆ। ਜਿਹੜਾ ਸਮਝ ਗਿਆ ਉਹ ਮੁੜ ਕੇ ਨਹੀਂ ਜੰਮਦਾ ਮਰਦਾ। ਇੱਕ ਅੱਖਰ ਬਾਰੇ ਬੜਾ ਗੁਰਬਾਣੀ 'ਚ ਆਉਂਦਾ ਹੈ, ਇੱਕ ਅੱਖਰ ਦੀ ਹੀ ਵਿਆਖਿਆ ਹੈ। 'ਏਕ ਸਬਦਿ' ਵੀ ਇਸ ਨੂੰ ਕਿਹਾ ਹੈ -

*ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ*
*ਬਾਹੁੜਿ ਜਨਮਿ ਨ ਆਵਾ ॥ ਅੰਗ - ੭੯੫*

ਸੋ ਇਸ ਤਰ੍ਹਾਂ ਇਹ ਜਿਹੜੀ ਬਾਣੀ ਹੈ ਇਹ ਕੋਈ ਫਿੱਕੀ ਚੀਜ਼ ਨਹੀਂ, ਜਿਉਂ-ਜਿਉਂ ਪੜ੍ਹੇਂਗਾ -

*ਸਾਚੀ ਬਾਣੀ ਮੀਠੀ ਅੰਮ੍ਰਿਤ ਧਾਰ ॥*
*ਜਿਨਿ ਪੀਤੀ ਤਿਸੁ ਮੋਖ ਦੁਆਰ ॥ ਅੰਗ - ੧੨੭੫*
*ਜਪਿ ਮਨ ਮੇਰੇ ਗੋਵਿੰਦ ਕੀ ਬਾਣੀ ॥*
*ਸਾਧੂ ਜਨ ਰਾਮੁ ਰਸਨ ਵਖਾਣੀ ॥ ਅੰਗ - ੧੯੨*

ਇਹ ਤਾਂ ਵਾਹਿਗੁਰੂ ਤੋਂ ਸੰਤਾਂ ਦੀ ਰਸਨਾ ਤੋਂ ਹੋ ਕੇ ਪ੍ਰਗਟ ਹੋਈ ਹੈ ਤੇ ਜਨਮਾਂ-ਜਨਮਾਂ ਦੀ ਮੈਲ ਨੂੰ ਦੂਰ ਕਰਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ*
*ਜੇ ਸਉ ਧੋਵਣਿ ਪਾਹੁ ॥ ਅੰਗ - ੬੫੧*

ਕਾਲਾ ਸਿਆਹੁ ਹੋਇਆ ਪਿਆ ਹੈ, ਨਾ ਤੀਰਥ ਕਰਨ ਨਾਲ ਇਹ ਉਜਲੀ ਹੁੰਦੀ ਹੈ ਨਾ ਜਪ ਕਰਨ ਨਾਲ, ਨਾ ਦਾਨ ਕਰਨ ਨਾਲ, ਨਾ ਪਾਠ ਕਰਨ ਨਾਲ, ਕਿਸੇ ਚੀਜ਼ ਨਾਲ ਉਜਲੀ ਨਹੀਂ ਹੁੰਦੀ। ਇਹ ਤਾਂ ਉਜਲੀ ਹੁੰਦੀ ਹੈ ਕਿ ਗੁਰੂ ਮਿਲ ਜਾਵੇ। ਜੀਵਤ ਭਾਵ 'ਚੋਂ ਮਰ ਜਾਵੇ।

*ਗੁਰ ਪਰਸਾਦੀ ਜੀਵਤੁ ਮਰੈ*
*ਉਲਟੀ ਹੋਵੈ ਮਤਿ ਬਦਲਾਹੁ ॥*
*ਨਾਨਕ ਮੈਲੁ ਨ ਲਗਈ ਨਾ ਫਿਰਿ ਜੋਨੀ ਪਾਹੁ ॥*
*ਅੰਗ - ੬੫੧*

ਫੇਰ ਇਹ ਜੰਮਦਾ ਮਰਦਾ ਨਹੀਂ। ਸੋ ਇਹ ਮਨ ਨੂੰ ਸੁਧਾਰਨ ਵਾਸਤੇ -

*ਮਨ ਕੇ ਅਧਿਕ ਤਰੰਗ ਕਿਉ ਦਰਿ ਸਾਹਿਬ ਛੁਟੀਐ ॥*
*ਜੇ ਰਾਚੈ ਸਚ ਰੰਗਿ ਗੂੜੈ ਰੰਗਿ ਅਪਾਰ ਕੈ ॥*
*ਨਾਨਕ ਗੁਰ ਪਰਸਾਦੀ ਛੁਟੀਐ ਜੇ ਚਿਤੁ ਲਗੈ ਸਚਿ ॥*
*ਅੰਗ - ੧੦੮੮*

ਜੇ ਸੱਚ ਨਾਲ ਚਿੱਤ ਲਗ ਜਾਵੇ ਤਾਂ ਮਾਇਆ ਦੀਆਂ ਲਹਿਰਾਂ ਦੇ ਵਿਚੋਂ ਆਦਮੀ ਨਿਕਲ ਜਾਇਆ ਕਰਦਾ ਹੈ। ਸੋ ਇਹ ਮਨ ਜਿਹੜਾ ਹੈ ਇਹ ਵੱਡਾ ਹੋਇਆ ਹੋਇਆ ਹੈ, ਹਾਥੀ ਵਰਗਾ ਹੋਇਆ-ਹੋਇਆ ਹੈ, ਮੈਲਾ ਹੋਇਆ ਹੋਇਆ ਹੈ।

*ਮਨੁ ਮੈਗਲੁ ਸਾਕਤੁ ਦੇਵਾਨਾ ॥ ਅੰਗ - ੪੧੫*

ਜਿਹੜੇ ਪ੍ਰਮੇਸ਼ਰ ਨੂੰ ਮੰਨਦੇ ਨਹੀਂ ਮਹਾਰਾਜ ਕਹਿੰਦੇ ਪਹਿਲਾਂ ਤਾਂ ਉਹ ਦੀਵਾਨੇ ਨੇ, ਫੇਰ ਉਨ੍ਹਾਂ ਦਾ ਜਿਹੜਾ ਮਨ ਹੈ ਉਹ ਹਾਥੀ ਵਰਗਾ ਹੋਇਆ ਹੋਇਆ ਹੈ।

*ਬਨ ਖੰਡਿ ਮਾਇਆ ਮੋਹਿ ਹੈਰਾਨਾ ॥ ਅੰਗ - ੪੧੫*

ਤੇ ਮਾਇਆ ਦੇ ਬਨ ਵਿਚ ਮਨ ਘੁੰਮਦਾ-ਘੁੰਮਦਾ ਹੈਰਾਨ ਪਰੇਸ਼ਾਨ ਹੋਇਆ ਪਿਆ ਹੈ।

*ਇਤ ਉਤ ਜਾਹਿ ਕਾਲ ਕੇ ਚਾਪੇ ॥*
*ਗੁਰਮੁਖਿ ਖੋਜਿ ਲਹੈ ਘਰੁ ਆਪੇ ॥ ਅੰਗ - ੪੧੫*

ਇਹ ਕਾਲ ਦੀਆਂ ਬੁਰਕੀਆਂ ਨੇ। ਜੋ ਗੁਰਮੁਖ ਨੇ ਉਹ ਆਪਣੇ ਘਰ ਵਿਚ ਚਲੇ ਜਾਂਦੇ ਨੇ ਬਾਣੀ ਦੇ ਅਸਰ ਦੇ ਨਾਲ -

*ਬਿਨੁ ਗੁਰ ਸਬਦੈ ਮਨੁ ਨਹੀ ਠਉਰਾ ॥*
*ਸਿਮਰਹੁ ਰਾਮ ਨਾਮੁ ਅਤਿ ਨਿਰਮਲੁ*
*ਅਵਰ ਤਿਆਗਹੁ ਹਉਮੈ ਕਉਰਾ ॥ ਅੰਗ - ੪੧੫*

ਜਿੰਨਾ ਚਿਰ ਸ਼ਬਦ ਦੀ ਪ੍ਰਾਪਤੀ ਅੰਦਰ ਨਹੀਂ ਹੁੰਦੀ, ਓਨਾਂ ਚਿਰ ਮਨ ਅੰਦਰ ਠਉਰ ਨਹੀਂ ਫੜਦਾ। ਸੋ ਮਹਾਰਾਜ ਨੇ ਬਹੁਤ ਵਿਸਥਾਰ ਦੇ ਨਾਲ ਭਾਈ ਗੁੱਜਰ ਨੂੰ ਸਮਝਾਇਆ ਕਿ ਭਾਈ ਗੁੱਜਰ! ਇਹ ਬਾਣੀ ਨੂੰ ਤੂੰ ਪੜ੍ਹ। ਇਹਦੇ ਤੇਰੇ ਮਨ ਦੀ ਮੈਲ ਕੱਟੇਗੀ। ਮਨ ਦੀ ਮੈਲ ਕੱਟਣ ਦਾ ਹੋਰ ਕੋਈ ਤਰੀਕਾ ਨਹੀਂ ਹੈ। ਐਸ ਤਰ੍ਹਾਂ ਦੇ ਨਾਲ ਸਵਾਲ ਆਉਂਦਾ ਹੈ, ਪੜ੍ਹੋ ਪਿਆਰ ਨਾਲ-

*ਧਾਰਨਾ - ਕਿਵੇਂ ਉਤਰੇਗੀ ਮੈਲ ਮਨ ਦੀ,*
*ਮਨ ਮੈਲਾ ਤਾਂ ਸਭ ਕਿਛੁ ਮੈਲਾ ਪਿਆਰਿਓ,*
*ਮੈਲ ਮਨ ਦੀ।*
*ਕਿਵੇਂ ਉਤਰੇਗੀ ਮੈਲ ਮਨ ਦੀ।*

ਕਹਿਣ ਲੱਗੇ, ਭਾਈ ਗੁੱਜਰ! ਜਿੰਨਾਂ ਚਿਰ ਮਨ ਮੈਲਾ ਹੈ ਓਨਾਂ ਚਿਰ ਅੰਦਰ ਨਾਮ ਦਾ ਨਿਵਾਸ ਨਹੀਂ ਹੋਇਆ ਕਰਦਾ, ਮਨ ਨੂੰ ਅਨੇਕ ਕਿਸਮ ਦੀ ਮੈਲ ਲੱਗ ਰਹੀ ਹੈ।

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਸੌ ਵਾਰੀ ਧੋ ਲੈ ਤਾਂ ਵੀ ਕਹਿੰਦੇ ਉਜਲੀ ਨਹੀਂ ਹੁੰਦੀ, ਫੇਰ ਸਵਾਲ ਆਉਂਦਾ ਹੈ ਕਿ ਕੋਈ ਤਰੀਕਾ ਹੈ ਮਨ ਦੀ ਮੈਲ ਲਾਹੁੰਣ ਦਾ? ਮਹਾਰਾਜ ਕਹਿੰਦੇ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥ ਅੰਗ - ੫੫੮*

ਜਿੰਨਾਂ ਜੀਅ ਕਰਦਾ ਹੈ ਗੰਗਾ 'ਚ ਇਸ਼ਨਾਨ ਕਰ ਲੈ ਸੈਂਕੜੇ ਵਾਰੀ, ਇਹ ਗੱਲ ਕਬੀਰ ਸਾਹਿਬ ਸਾਧੂਆਂ 'ਚ ਕਰ ਰਹੇ ਸੀ ਕਿ ਗੰਗਾ ਦਾ, 68 ਤੀਰਥਾਂ ਇਸ਼ਨਾਨ ਜਿਹੜਾ ਹੈ ਉਹ ਮਨ ਦੀ ਮੈਲ ਦੂਰ ਨਹੀਂ ਕਰ ਸਕਦਾ। ਹੋ ਸਕਦਾ ਹੈ ਕਿਸੇ ਪਾਣੀ ਵਿਚ ਖੂਬੀ ਹੋਵੇ, ਕਿਤੇ ਗੰਧਕ ਦਾ ਪਾਣੀ ਹੋਵੇ, ਤਾਂਬੇ ਦਾ ਪਾਣੀ ਹੋਵੇ, ਕਿਤੇ ਹੋਰ ਕੈਮੀਕਲ ਦਾ ਪਾਣੀ ਹੋਵੇ, ਬਿਮਾਰੀਆਂ ਦੂਰ ਕਰ ਦੇਵੇ, ਚਮੜੀ ਦੀ ਬਿਮਾਰੀ ਨੂੰ ਦੂਰ ਕਰ ਦੇਵੇ, ਇਹ ਤਾਂ ਹੋ ਸਕਦਾ ਹੈ, ਪਰ ਮਨ ਦੀ ਮੈਲ ਲਾਹੁੰਣ ਨੂੰ ਤਾਂ ਤੀਰਥ ਸਮਰੱਥ ਨਹੀਂ ਹੈਗੇ। ਉਹ ਤਾਂ ਆਪ ਮੈਲੇ ਹੋ ਜਾਂਦੇ ਨੇ, ਜਦੋਂ ਮੈਲੇ ਹੁੰਦੇ ਨੇ -

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ ॥*
*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ ॥ ਅੰਗ - ੧੨੬੩*

ਫੇਰ ਉਹ ਪੁਕਾਰਾਂ ਕਰਦੇ ਨੇ ਕਿ ਹੇ ਪ੍ਰਭੂ! ਕੋਈ ਆਪਣੇ ਨਾਲ ਜੁੜਿਆ ਹੋਇਆ ਪ੍ਰੇਮੀ ਭੇਜ, ਉਹ ਆ ਕੇ ਸਾਡੇ ਵਿਚ ਇਸ਼ਨਾਨ ਕਰੇ ਤੇ ਸਾਡੀ ਮੈਲ ਕੱਟ ਦੇਵੇ ਕਿਉਂਕਿ ਉਹ ਨਿਰਮਲ ਹੈ, ਨਿਰਮਲ ਨੂੰ ਮੈਲ ਨਹੀਂ ਲਗਦੀ। ਉਹ ਨਿਰਮਲ ਦੂਸਰਿਆਂ ਦੀ ਮੈਲ ਦੂਰ ਕਰਨ ਨੂੰ ਸਮਰੱਥ ਹੁੰਦਾ ਹੈ। ਕਹਿੰਦੇ ਤੀਰਥ ਤਾਂ ਆਪ ਮੈਲੇ ਨੇ, ਸਾਧੂਆਂ ਨੇ ਇਸ ਗੱਲ ਦੇ ਉਤੇ ਥੋੜ੍ਹੀ ਜਿੱਦ ਕਰੀ, ਕਹਿਣ ਲੱਗੇ ਨਹੀਂ ਮਹਾਰਾਜ ਤੀਰਥਾਂ ਦਾ ਮਹਾਤਮ ਬੜਾ ਲਿਖਿਆ ਹੋਇਆ ਹੈ ਵੇਦਾਂ-ਸ਼ਾਸਤਰਾਂ ਦੇ ਅੰਦਰ ਤੇ ਇਹ ਤਾਂ ਨਿਰਮਲ ਕਰ ਦਿੰਦੀ ਹੈ, ਨਿਰਮਲ ਹੋ ਜਾਂਦੀ ਹੈ। ਕਹਿੰਦੇ ਅਸੀਂ ਤਾਂ ਨਹੀਂ ਮੰਨਦੇ, ਕਬੀਰ ਸਾਹਿਬ ਕੋਲ ਤੂੰਬੀ ਪਈ ਸੀ, ਕੌੜ ਤੂੰਬੀ, ਕਹਿਣ ਲੱਗੇ ਕਿ ਆਹ ਲੈ ਜਾਓ ਤੁਸੀਂ ਤੇ ਇਹਨੂੰ ਚੰਗੀ ਤਰ੍ਹਾਂ ਮਲ-ਮਲ ਕੇ ਨਲ੍ਹਾ ਕੇ ਲੈ ਆਇਓ ਤੁਸੀਂ, ਤਾਂ ਕਿ ਇਹ ਚੰਗੀ ਤਰ੍ਹਾਂ ਪਵਿੱਤਰ ਹੋ ਜਾਵੇ। ਸਾਧੂ ਗਏ, ਸਾਲ ਭਰ ਤੀਰਥਾਂ ਤੇ ਇਸ਼ਨਾਨ ਕਰਦੇ ਰਹੇ। ਜਿੱਥੇ ਜਾਂਦੇ ਸੀ ਤੂੰਬੀ ਨੂੰ ਮਲ-ਮਲ ਕੇ ਨਲ੍ਹਾਉਂਦੇ ਸੀ। ਜਦੋਂ ਵਾਪਸ ਆ ਗਏ ਕਾਸ਼ੀ ਦੇ ਅੰਦਰ, ਕਬੀਰ ਸਾਹਿਬ ਦੇ ਕੋਲ ਲਿਆ ਕੇ ਤੂੰਬੀ ਮੋੜ ਦਿੱਤੀ। ਕਹਿੰਦੇ ਲਓ ਮਹਾਰਾਜ! ਹੁਣ ਸ਼ੁੱਧ ਤੇ ਪਵਿੱਤਰ ਬਣ ਗਈ। ਹੁਣ ਤਾਂ ਇਹਦੇ ਦਰਸ਼ਨ ਵੀ ਪਵਿੱਤਰ ਨੇ ਕਿਉਂਕਿ ਇਹਨੇ ਅਠਾਹਠ

ਤੀਰਥਾਂ ਦਾ ਇਸ਼ਨਾਨ ਕਰ ਲਿਆ। ਕਬੀਰ ਸਾਹਿਬ ਕਹਿਣ ਲੱਗੇ, ਫੇਰ ਐਸੀ ਪਵਿੱਤਰ ਨੂੰ ਤਾਂ ਸਾਰਿਆਂ ਨੂੰ ਵੰਡ ਕੇ ਦੇਣਾ ਚਾਹੀਦਾ ਹੈ। ਕਬੀਰ ਸਾਹਿਬ ਨੇ ਤੂੰਬੀ ਭੰਨ ਲਈ। ਥੋੜ੍ਹਾ-ਥੋੜ੍ਹਾ ਪ੍ਰਸ਼ਾਦ ਸਾਰਿਆਂ ਦੇ ਹੱਥ 'ਤੇ ਰਖ, ਕਹਿੰਦੇ ਲਓ ਛਕੋ ਮਹਾਂਪੁਰਸ਼ੋ, ਇਹ ਤਾਂ ਬਹੁਤ ਪਵਿੱਤਰ ਚੀਜ਼ ਹੈ ਸਾਡੇ ਅੰਦਰ ਜਿਹੜੀ ਜਾਣੀ ਹੈ ਕਿਉਂਕਿ 68 ਤੀਰਥ ਦਾ ਇਹਨੇ ਇਸ਼ਨਾਨ ਕਰਿਆ ਹੈ। ਹੁਣ ਜਿਹੜਾ ਮੂੰਹ ਵਿਚ ਪਾਉਂਦਾ ਹੈ ਤੂੰਬੀ ਕੌੜੀ ਪਈ ਹੈ। ਨਾਉਂ ਹੀ ਕੌੜ ਤੂੰਬਾ ਹੈ ਉਹਦਾ। ਉਸ ਵੇਲੇ ਕੋਈ ਖਾਂਦਾ ਨਹੀਂ, ਕਹਿਣ ਲੱਗੇ, ਕੀ ਗੱਲ ਤੁਸੀਂ ਖਾਂਦੇ ਨਹੀਂ ਭਾਈ? ਕਹਿੰਦੇ, ਮਹਾਰਾਜ! ਕੌੜੀ ਪਈ ਹੈ ਇਹ ਤਾਂ, ਖਾਧੀ ਨਹੀਂ ਜਾਂਦੀ। ਕਬੀਰ ਸਾਹਿਬ ਨੇ ਜਿਹੜੀ ਬਾਕੀ ਬਚਦੀ ਤੂੰਬੀ ਸੀ ਹੱਥ ਵਿਚ, ਉਸਨੂੰ ਇਸ ਤਰ੍ਹਾਂ ਸੰਬੋਧਨ ਕਰਦੇ ਨੇ -

***ਧਾਰਨਾ - ਅਠਸਠਿ ਤੀਰਥ ਨਾਹ ਕੇ,***
***ਤੂੰਬੀ ਅਜੇ ਵੀ ਰਹਿ ਗਈ ਕੌੜੀ।***

***ਲਉਕੀ ਅਠਸਠਿ ਤੀਰਥ ਨ੍ਹਾਈ ॥***
***ਕਉਰਾਪਨੁ ਤਊ ਨ ਜਾਈ ॥ ਅੰਗ - ੬੫੬***

ਸੰਤਹੁ! ਆਦਮੀ ਇਸ਼ਨਾਨ ਕਰ ਸਕਦਾ ਹੈ ਜਾ ਕੇ, ਤੀਰਥਾਂ ਦੇ ਦਰਸ਼ਨ ਕਰ ਸਕਦਾ ਹੈ, ਪਰ ਮਨ ਦੀ ਮੈਲ ਨਹੀਂ ਉਤਰਿਆ ਕਰਦੀ ਉਹ ਤਾਂ ਹੋਰ ਲਗ ਜਾਂਦੀ ਹੈ।

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥***
***ਅੰਗ - ੧੪੨੮***

ਗੁਮਾਨ ਦੀ ਮੈਲ ਲਗ ਜਾਂਦੀ ਹੈ, ਹੋਰ ਮੈਲਾ ਹੋ ਜਾਂਦਾ ਹੈ। **ਸੋ ਮਹਾਰਾਜ ਕਹਿੰਦੇ ਜਿੰਨਾਂ ਚਿਰ ਮਨ ਮੈਲਾ ਹੈ ਸਭ ਕੁਛ ਮੈਲਾ ਹੈ, ਤਨ ਨੂੰ ਧੋਈ ਜਾਹ, ਚਾਹੇ ਹਜ਼ਾਰਾਂ ਵਾਰੀ ਤੀਰਥਾਂ 'ਚ ਜਾ ਕੇ ਨਾਹ ਲੈ। ਮਨ ਤਾਂ ਉਥੇ ਦਾ ਉਥੇ ਹੀ ਰਹਿੰਦਾ ਹੈ।** ਇਹ ਤਾਂ ਬਦਲਦਾ ਨਹੀਂ ਹੈ, ਖੇਚਲ ਕਰਕੇ ਚਲਿਆ ਜਾਹ, ਪਹਾੜਾਂ 'ਚ ਚਲਿਆ ਜਾਹ, ਪਹਾੜਾਂ 'ਚ ਚਲਿਆ ਜਾਹ, ਬਦਰੀ ਨਾਰਾਇਣ ਜਾ ਕੇ ਨਹਾ ਲੈ। ਬਰਫ ਦੇ ਪਾਣੀਆਂ 'ਚ ਨਾਹ ਲੈ। ਅਮਰਨਾਥ ਦੀ ਗੁਫਾ 'ਚ ਚਲਿਆ ਜਾਹ, ਮਨ ਦਾ ਨਹੀਂ ਫਰਕ ਪਿਆ ਕਰਦਾ।

***ਮਨਿ ਮੈਲੈ ਸਭੁ ਕਿਛੁ ਮੈਲਾ***
***ਤਨਿ ਧੋਤੈ ਮਨੁ ਹਛਾ ਨ ਹੋਇ ॥***
***ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥***
***ਅੰਗ - ੫੫੮***

ਇਹ ਭਰਮ ਨੇ ਭੁਲਾਇਆ ਹੋਇਆ ਹੈ, ਭਰਮ ਨੇ ਮੈਲਾ ਕਰਿਆ ਹੋਇਆ ਹੈ। ਪੰਜ ਕਿਸਮ ਦੇ ਭਰਮ ਨੇ ਜਿਹਦੇ ਨਾਲ ਮਨ ਮੈਲਾ ਹੋ ਜਾਂਦਾ ਹੈ। ਸੋ ਉਹਦਾ ਇਲਾਜ ਮਹਾਰਾਜ ਕਹਿੰਦੇ-

***ਜਪਿ ਮਨ ਮੇਰੇ ਤੂ ਏਕੋ ਨਾਮੁ ॥***
***ਸਤਿਗੁਰ ਦੀਆ ਮੋ ਕਉ ਏਹੁ ਨਿਧਾਨੁ ॥ ਅੰਗ - ੫੫੮***

ਬਾਕੀ ਜਿਹੜੇ ਕਰਮ ਨੇ -

***ਸਿਧਾ ਕੇ ਆਸਣ ਜੇ ਸਿਖੈ ਇੰਦ੍ਰੀ ਵਸਿ ਕਰਿ ਕਮਾਇ॥***
***ਮਨ ਕੀ ਮੈਲੁ ਨ ਉਤਰੈ ਹਉਮੈ ਮੈਲੁ ਨ ਜਾਇ ॥***
***ਅੰਗ - ੫੫੮***

ਸਿੱਧਾ ਵਾਲੇ ਚੌਰਾਸੀ ਆਸਣ ਕਰ ਲੈ, ਤਪ ਕਰ ਲੈ, ਇੰਦ੍ਰੀਆਂ ਨੂੰ ਵਸ ਵਿਚ ਕਰ ਲੈ ਕਹਿੰਦੇ ਮਨ ਦੀ ਮੈਲ ਫੇਰ ਵੀ ਨਹੀਂ ਉਤਰਦੀ। ਹਉਮੈ ਦੀ ਮੈਲ ਲੱਗੀ ਹੋਈ ਨਹੀਂ ਜਾਂਦੀ ਕਿਸੇ ਨਾਲ।

***ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ***
***ਵਿਣੁ ਸਤਿਗੁਰ ਕੀ ਸਰਣਾਇ ॥ ਅੰਗ - ੫੫੮***

ਪੂਰਾ ਸਤਿਗੁਰੂ ਮਿਲ ਜਾਵੇ ਉਹਦੀ ਸ਼ਰਨ ਇਹਨੂੰ ਪ੍ਰਾਪਤ ਹੋ ਜਾਵੇ।

***ਸਤਗੁਰਿ ਮਿਲਿਐ ਉਲਟੀ ਭਈ***
***ਕਹਣਾ ਕਿਛੂ ਨ ਜਾਇ ॥ ੩ ॥***
***ਭਣਤਿ ਨਾਨਕੁ ਸਤਿਗੁਰ ਕਉ ਮਿਲਦੋ***
***ਮਰੈ ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥***
***ਅੰਗ - ੫੫੮***

ਜਦੋਂ ਸਤਿਗੁਰੂ ਨੂੰ ਮਿਲਿਆ ਸਤਿਗੁਰੂ ਪਹਿਲਾਂ ਇਹ ਕਹਿੰਦਾ ਹੈ ਕਿ -

***ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥***
***ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥***
***ਅੰਗ - ੧੧੦੨***

ਪਹਿਲਾਂ ਮਰਨਾ ਕਬੂਲ ਕਰ ਲੈ, ਹੰਗਤਾ ਤੇ ਮਮਤਾ ਦੀ ਜ਼ਿੰਦਗੀ ਵਿਚੋਂ ਮਰ ਜਾ, ਅਤੇ ਆਤਮ ਭਾਵ ਦੇ ਵਿੱਚ ਜੀਉਂਦਾ ਹੋ ਜਾ। ਕਹਿੰਦੇ ਜਦੋਂ ਸਤਿਗੁਰੂ ਨੂੰ ਮਿਲਦਾ ਹੈ, ਫੇਰ -

***ਮਮਤਾ ਕੀ ਮਲੁ ਉਤਰੈ ਇਹੁ ਮਨੁ ਹਛਾ ਹੋਇ ॥***
***ਅੰਗ - ੧੧੦੨***

ਇਹ ਮਮਤਾ ਦੀ ਮਲ ਇਸ ਤਰ੍ਹਾਂ ਨਾਲ ਉਤਰਦੀ ਹੈ ਤੇ ਮਨ ਦੀ ਮੈਲ ਧੋ ਹੋ ਜਾਂਦੀ ਹੈ। ਸੋ ਮਹਾਰਾਜ ਕਹਿੰਦੇ, ਭਾਈ ਗੁੱਜਰ ਜੀ! ਬਾਣੀ ਜਿਹੜੀ ਹੈ -

***ਭਰੀਐ ਮਤਿ ਪਾਪਾ ਕੈ ਸੰਗਿ ॥***
***ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪***

ਮਤ ਜਿਹੜੀ ਹੈ ਉਹ ਪਾਪਾਂ ਦੇ ਨਾਲ ਭਰੀ ਹੋਈ ਹੈ, ਨਾਮ ਦੇ ਪਿਆਰ ਵਿਚ ਆ ਕੇ, ਜਦੋਂ ਤੂੰ ਨਾਮ ਜਪੇਂਗਾ, ਪ੍ਰਭੂ ਦੇ ਪਿਆਰ ਵਿਚ ਆ ਕੇ ਫੇਰ ਉਹ ਮੈਲ ਧੋਤੀ ਜਾਂਣੀ ਹੈ। ਸੋ ਇਹ ਜੋ ਬਾਣੀ ਹੈ ਸਾਰੇ ਸੰਕਟਾਂ ਦਾ ਨਾਸ ਕਰਦੀ ਹੈ। ਸਾਰੀਆਂ ਕਾਮਨਾ ਪੂਰੀਆਂ ਕਰਦੀ ਹੈ, ਜੰਮਣ ਮਰਨ ਦੀ ਚਿੰਤਾ, ਇਹਦਾ ਖਾਤਮਾ ਕਰਦੀ ਹੈ, ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ -

***ਧਾਰਨਾ - ਬਾਣੀ ਧੁਰ ਦਰਗਾਹੋਂ ਆਈ,***
***ਦੁਖੜੇ ਦੂਰ ਕਰਦੀ।***

***ਧੁਰ ਕੀ ਬਾਣੀ ਆਈ ॥***
***ਤਿਨਿ ਸਗਲੀ ਚਿੰਤ ਮਿਟਾਈ ॥ ਅੰਗ - ੬੨੮***

ਸਾਰੀਆਂ ਚਿੰਤਾਂ, ਸਾਰਿਆਂ ਦੁੱਖਾਂ ਦਾ ਖਾਤਮਾ ਕਰਦੀ ਹੈ, ਸਾਰੇ ਕਲੇਸ਼ਾਂ ਦਾ ਖਾਤਮਾ ਕਰਦੀ ਹੈ ਕਿਉਂਕਿ ਧੁਰ ਦੀ ਬਾਣੀ ਹੈ। ਆਪ ਨਿਰੰਕਾਰ ਦੇ ਦੇਸ ਤੋਂ ਆਈ ਹੈ।

ਬਹੁਤ ਸਾਰੇ ਪ੍ਰੇਮੀਆਂ ਨੂੰ ਇਸ ਗੱਲ ਦੀ ਸੋਝੀ ਨਹੀਂ

ਆਉਂਦੀ ਕਿ ਇਹ ਕਿਸ ਤਰ੍ਹਾਂ ਧੁਰ ਦਰਗਾਹ ਤੋਂ ਆ ਗਈ। ਸਾਧਸੰਗਤ ਜੀ! ਪਹਿਲਾਂ ਮਹਾਰਾਜ ਫੁਰਮਾਨ ਕਰਦੇ ਨੇ ਭਾਈ ਗੁਰਦਾਸ ਜੀ ਖੋਲ੍ਹ ਕੇ ਦਸਦੇ ਉਸਨੂੰ ਕਿ -

*ਨਿਰੰਕਾਰੁ ਅਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਜਦੋਂ ਨਿਰੰਕਾਰ ਜੀ ਨੇ ਸ੍ਰਿਸ਼ਟੀ ਨੂੰ ਸਾਜਣਾ ਸੀ, ਉਸ ਵੇਲੇ ਆਪ ਦਾ ਨਾਮ ਜਿਹੜਾ ਸੀ ਉਹ ਏਕੰਕਾਰ ਪਿਆ।

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*
*ਭਾਈ ਗੁਰਦਾਸ ਜੀ, ਵਾਰ ੨੬/੨*

ਏਕੰਕਾਰ ਤੋਂ ਸ਼ਬਦ ਧੁਨ ਹੋਈ, ਉਹ ਜੋ ਸ਼ਬਦ ਧੁਨ ਹੈ ਉਸ ਸ਼ਬਦ ਨੇ ਹੀ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰ ਦਿੱਤਾ। ਉਹਦੇ ਨਾਲ ਹੀ ਉਤਪਤੀ ਹੁੰਦੀ ਹੈ, ਉਹਦੇ ਨਾਲ ਹੀ ਪਰਲੋ ਹੁੰਦੀ ਹੈ।

*ਓਅੰਕਾਰਿ ਬ੍ਰਹਮਾ ਉਤਪਤਿ ॥*
*ਓਅੰਕਾਰੁ ਕੀਆ ਜਿਨਿ ਚਿਤਿ ॥ ਅੰਗ - ੯੨੯*

ਸਾਰੀਆਂ ਚੀਜ਼ਾਂ ਓਅੰਕਾਰ ਨਾਲ ਹੋਈਆਂ ਤੇ ਓਅੰਕਾਰ ਨੇ ਬੇਅੰਤ ਰੂਪ ਧਾਰਨ ਕਰੇ। ਇੱਕ ਸ਼ੁੱਧ ਰੂਪ ਜਿਹੜਾ ਹੈ ਓਅੰਕਾਰ ਦਾ, ਜਿਹੜੇ ਸਾਡੇ ਸਰੂਪ ਨੇ ਇਹ ਅਸ਼ੁੱਧ ਬਣ ਗਏ ਕਿਉਂਕਿ ਇਹਦੇ 'ਚ ਪ੍ਰਾਕ੍ਰਿਤੀ ਦੇ ਤਿੰਨ ਗੁਣ ਰਲ ਗਏ, ਰਜੋ ਗੁਣ, ਤਮੋ ਗੁਣ, ਸਤੋ ਗੁਣ; ਸਤੋ ਗੁਣ ਤੋਂ ਉਤੇ ਹੈ ਤੁਰੀਆ ਅਤੀਤ। ਤ੍ਰਿਗੁਣ ਅਤੀਤ ਕਹਿੰਦੇ ਨੇ ਇਸਨੂੰ। ਉਹ ਤ੍ਰਿਗੁਣ ਅਤੀਤ ਜਿਹੜੀ ਅਵਸਥਾ ਹੈ ਉਹ ਤਾਂ ਸ਼ੁੱਧ ਹੈ, ਜਿਹੜੀ ਤਿੰਨ ਗੁਣੀ ਮਾਇਆ ਦੇ ਨਾਲ ਰਲ ਕੇ ਹੈ ਉਹ ਅਸ਼ੁੱਧ ਹੋ ਗਈ। ਇਹ ਜਿਹੜੀ ਬਾਣੀ ਹੈ ਓਅੰਕਾਰ 'ਚੋਂ ਆਈ ਹੋਈ -

*ਪ੍ਰਿਥਮ ਓਅੰਕਾਰ ਤਿਨ ਕਹਾ*
*ਸੋ ਧੁਨ ਪੂਰ ਜਗਤ ਮੋ ਰਹਾ*

ਗੁਰੂ ਦਸਵੇਂ ਪਾਤਸ਼ਾਹ ਕਹਿੰਦੇ ਨੇ ਕਿ ਪਹਿਲਾ ਸ਼ਬਦ ਨਿਰੰਕਾਰ ਨੇ ਦਸਿਆ ਤਾਂ ਜਾ ਨਹੀਂ ਸਕਦਾ ਕਿ ਕਿਸ ਤਰ੍ਹਾਂ ਦੀ ਧੁਨ ਹੈ, ਲੇਕਿਨ ਓਅੰਕਾਰ ਦੇ ਨਾਲ ਰਲਦਾ ਮਿਲਦਾ ਹੈ। ਉਹ ਧੁਨ ਸਾਰੇ ਸੰਸਾਰ ਦੇ ਅੰਦਰ ਪੂਰਨ ਹੋਈ-ਹੋਈ ਹੈ। ਜਦੋਂ ਸੁਰਤੀ ਉਸ ਧੁਨ ਦੇ ਅੰਦਰ ਜੁੜ ਜਾਂਦੀ ਹੈ। ਉਸ ਵੇਲੇ ਨਿਰੰਕਾਰ ਦੇ ਨਾਲ ਸੁਰਤੀ ਜ਼ਿਆਦਾ ਜੁੜਦੀ ਹੈ। ਨਿਰੰਕਾਰ ਤੋਂ ਫੇਰ ਜਿਹੜੀ ਬਾਣੀ ਆਉਂਦੀ ਹੈ, ਉਹ ਫੇਰ ਅੱਖਰਾਂ ਦੇ ਵਿਚ ਆ ਕੇ ਪ੍ਰਗਟ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਜੋ ਸਰੂਪ ਹੈ ਬਿਲਕੁਲ ਸ਼ੁੱਧ ਸਰੂਪ ਹੈ ਬਾਣੀ ਦਾ, ਨਿਰੰਕਾਰ ਦਾ ਆਪਣਾ ਹੀ ਪ੍ਰਗਟਾਵਾ ਹੈ, ਵਾਹਿਗੁਰੂ ਜੀ ਆਪ ਹੀ ਅੱਖਰਾਂ ਦੇ ਵਿਚ ਪ੍ਰਗਟ ਹੋ ਕੇ ਬੋਲ ਰਹੇ ਨੇ। ਸੋ ਜਦੋਂ ਅਸੀਂ ਇਹਨੂੰ ਪੜ੍ਹਦੇ ਹਾਂ -

*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥ ਅੰਗ - ੬੨੮*

ਕਹਿੰਦੇ ਸੱਚੀ ਗੱਲ ਅਸੀਂ ਤੁਹਾਨੂੰ ਦਸਦੇ ਹਾਂ ਸੋ ਮਹਾਰਾਜ ਕਹਿਣ ਲੱਗੇ ਭਾਈ! ਇਸ ਤਰ੍ਹਾਂ ਤੂੰ ਬਾਣੀ ਨੂੰ ਪਿਆਰ ਦੇ ਨਾਲ ਸਮਝੀਂ, ਮੰਨੀ ਤੇ ਫੇਰ ਉਹਨੂੰ ਜੀਵਨ ਦੇ ਅੰਦਰ ਕਮਾਈਂ। ਕਮਾਉਣ ਦੇ ਨਾਲ ਤੈਨੂੰ ਫੇਰ ਮੁਕਤੀ ਪ੍ਰਾਪਤ ਹੋਏਗੀ।

ਸੋ ਅਗਲਾ ਜੋ ਕਰਮ ਹੈ ਉਹ ਅਸੀਂ ਤੈਨੂੰ ਦਸਦੇ ਹਾਂ ਕਿ ਸੰਸਾਰ ਦੇ ਅੰਦਰ ਚੰਦ ਦਿਨ ਰਹਿਣਾ ਹੈ। ਇੱਥੇ ਦੋ ਤਰ੍ਹਾਂ ਦੇ ਬੰਦੇ ਨੇ। ਚਾਰ ਤਰ੍ਹਾਂ ਦੇ ਵੈਸੇ ਲਿਖਿਆ ਹੈ, ਇੱਕ ਤਾਂ ਪਾਮਰ ਨੇ, ਇੱਕ ਵਿਸ਼ਈ ਨੇ ਜਿਨ੍ਹਾਂ ਨੂੰ ਭੋਗੀ ਕਹਿੰਦੇ ਨੇ, ਇੱਕ ਜਗਿਆਸੂ ਨੇ ਤੇ ਇੱਕ ਮੁਕਤ ਆਤਮਾਵਾਂ ਨੇ। ਜਿਹੜੇ ਤਾਂ ਪਾਮਰ ਨੇ ਉਹ ਤਾਂ ਪ੍ਰਮੇਸ਼ਰ ਵਲ ਲਗਦੇ ਹੀ ਨਹੀਂ। ਉਨ੍ਹਾਂ ਨੂੰ ਤਾਂ ਸੋਝੀ ਹੀ ਨਹੀਂ ਹੈ, ਪਸ਼ੂਆਂ ਨਾਲੋਂ ਥੋੜ੍ਹੀ ਜਿਹੀ ਬਿਰਤੀ ਉੱਚੀ ਹੁੰਦੀ ਹੈ ਲੇਕਿਨ ਪ੍ਰਮੇਸ਼ਰ ਦੀ ਬਿਰਤੀ ਨਹੀਂ ਉਨ੍ਹਾਂ 'ਚ ਹੁੰਦੀ, ਦੁਨੀਆਂ ਦੀ ਹੋਏਗੀ। ਉਹ ਤਾਂ ਏਸ ਰਸਤੇ ਆਉਂਦੇ ਹੀ ਨਹੀਂ।। ਦੂਸਰੇ ਹੁੰਦੇ ਨੇ ਵਾਸ਼ਨਾਵਾਂ ਦੇ ਬੰਨ੍ਹੇ ਹੋਏ ਬੰਦੇ, ਮੇਰਾ ਆਹ ਹੋ ਜਾਏ, ਮੇਰਾ ਔਹ ਹੋ ਜਾਏ।ਭੋਗਾਂ ਨੂੰ ਲੋਚਦੇ ਨੇ ਹਰ ਵਕਤ, ਜਿਹੜੇ ਭੋਗੀ ਨੇ ਉਹ ਪਹਿਲਿਆਂ ਨਾਲੋਂ ਚੰਗੇ ਨੇ ਲੇਕਿਨ ਉਹ ਵੀ ਕੌਡੀਆਂ ਖਰੀਦਦੇ ਨੇ। ਵੱਡੇ ਸ਼ਾਹ ਦੀ ਦੁਕਾਨ ਤੇ ਆ ਕੇ ਜਿੱਥੇ ਲੱਪ ਭਰ-ਭਰ ਕੇ ਮੋਤੀ ਦਿੰਦਾ ਹੈ, ਉਥੇ ਕੌਡੀਆਂ ਦੀ ਮੰਗ ਕਰਦੇ ਨੇ ਕਿ ਸਾਨੂੰ ਕੌਡੀਆਂ ਦੇ ਦਿਓ ਕਿਉਂਕਿ ਸੋਝੀ ਨਹੀਂ ਉਨ੍ਹਾਂ ਨੂੰ। ਕਿਉਂਕਿ ਵਿਸ਼ਈ ਤੇ ਭੋਗੀ ਬੰਦੇ ਨੇ। ਤੀਸਰੇ ਹੈਗੇ ਜਗਿਆਸੂ, ਜਿਨ੍ਹਾਂ ਦੇ ਅੰਦਰ ਲਗਨ ਲਗ ਜਾਂਦੀ ਹੈ। ਜਗਿਆਸਾ ਆ ਜਾਂਦੀ ਹੈ, ਫੇਰ ਉਹ ਭਜਨ ਕਰਦੇ ਨੇ। ਗੁਰੂ ਵਾਲੇ ਬਣਦੇ ਨੇ, ਨਾਮ ਜਪਦੇ ਨੇ, ਸਤਿਸੰਗ 'ਚ ਆਉਂਦੇ ਨੇ ਤੇ ਫੇਰ ਕਮਾਈ ਕਰਦੇ ਨੇ। ਚੌਥੇ ਮਹਾਰਾਜ ਕਹਿੰਦੇ ਹੁੰਦੇ ਨੇ ਮੁਕਤ ਆਤਮਾਵਾਂ, ਸੋ ਇਵੇਂ ਜਿਵੇਂ ਇਨ੍ਹਾਂ ਦੇ ਜੀਵਨ ਵਖਰੇ-ਵਖਰੇ ਨੇ। ਇਸੇ ਤਰ੍ਹਾਂ ਕਈ ਸਿਆਣਿਆਂ ਨੇ, ਸਵਾਮੀ ਰਾਮ ਤੀਰਥ ਕੁਝ ਥਾਂ ਦਸਿਆ ਅਮਰੀਕਾ ਦੇ ਅੰਦਰ ਕਿ ਚਾਰ ਕਿਸਮ ਦੇ ਬੰਦੇ ਨੇ। ਇੱਕ ਤਾਂ ਬੰਦੇ ਹੈਗੇ mattal type (ਧਾਤਾਂ ਵਰਗੇ), ਧਾਤਾਂ ਨੇ ਜਿਹੜੀਆਂ ਇਨ੍ਹਾ ਦਾ ਪ੍ਰਮਾਣੂ ਐਨਾ ਠੋਸ ਹੁੰਦਾ ਹੈ, ਬਹੁਤ ਨੇੜੇ ਘੁੰਮਦਾ ਹੈ, ਦੂਸਰੇ ਨੇ vegetabe type, ਨੇੜੇ-ਨੇੜੇ ਵੇਲ ਚੜ੍ਹ ਜਾਂਦੀ ਹੈ, ਦੂਰ ਨਹੀਂ ਬਹੁਤੀ ਜਾਂਦੀ, ਛੋਟਾ ਜਿਹਾ ਚੌਗਿਰਦਾ ਹੁੰਦਾ ਹੈ। ਤੀਸਰੇ animal type ਨੇ, ਐਸੇ ਬੰਦੇ ਆਪਣੀ ਜਾਤ ਨੂੰ, ਆਪਣੀ ਗੋਤ ਨੂੰ, ਆਪਣੇ ਧਰਮ ਨੂੰ, ਇਹਨੂੰ ਤਾਂ ਚੰਗਾ ਕਹਿਣਗੇ ਬਾਕੀ ਸਭ ਨੂੰ ਮਾੜਾ ਕਹਿਣਗੇ, ਉਹ ਵੀ ਪਸ਼ੂਆਂ ਵਰਗੇ ਹੁੰਦੇ ਨੇ, ਮੱਝਾਂ ਮੱਝਾਂ ਨੂੰ ਪਸੰਦ ਕਰਦੀਆਂ, ਗਾਵਾਂ ਗਾਵਾਂ ਨੂੰ, ਭੇਡਾਂ, ਭੇਡਾਂ ਨੂੰ; ਬੱਕਰੀਆਂ, ਬੱਕਰੀਆਂ ਨੂੰ; ਬੱਕਰੀ ਨੂੰ ਮੱਝਾਂ 'ਚ ਲਿਆ ਕੇ ਬੰਨ੍ਹ ਦਿਓ ਉਹਦਾ ਜੀਅ ਹੀ ਨਹੀਂ ਲਗਦਾ। ਬੱਕਰੀਆਂ 'ਚ ਲੱਗੇਗਾ। ਕਹਿੰਦੇ ਇਹ ਸਾਰੇ animal type ਬੰਦੇ ਹੁੰਦੇ ਨੇ। ਚੌਥੇ ਹੁੰਦੇ moon type, ਚੰਦਰਮਾ ਜਿਵੇਂ ਧਰਤੀ ਦੇ ਦੁਆਲੇ ਘੁੰਮਦਾ ਹੈ, ਉਹ ਇਸ ਤਰ੍ਹਾਂ ਦੁਨੀਆਂ ਦਾ ਭਲਾ ਲੋਚਦੇ ਨੇ। ਉਹਦੇ ਵਿਚ ਦੋ ਕੈਟਾਗਿਰੀਆਂ ਹੁੰਦੀਆਂ ਨੇ ਇੱਕ ਤਾਂ ਦੇਸ਼ ਭਗਤ ਹੁੰਦੇ ਨੇ, ਜਿਹੜਾ ਦੇਸ਼ ਭਗਤ ਹੈ ਉਹ ਆਪਣੇ ਦੇਸ਼ ਦਾ ਤਾਂ ਭਲਾ ਲੋਚਦਾ ਹੈ, ਦੂਜੇ ਦੇਸ਼ ਦਾ ਭਲਾ ਨਹੀਂ ਲੋਚਦਾ। ਇੱਕ ਹੁੰਦੇ ਨੇ ਇਸ ਤੋਂ ਵੀ ਉਪਰ ਉਹ ਸਾਰੀ ਸ੍ਰਿਸ਼ਟੀ ਦਾ ਭਲਾ ਲੋਚਦੇ ਨੇ। ਸੋ ਮਹਾਰਾਜ ਕਹਿੰਦੇ, ਦੋ ਕਿਸਮ ਦੇ ਵਿਚ ਵੰਡੇ ਜਾਂਦੇ ਨੇ, ਇੱਕ ਤਾਂ ਉਹ ਨੇ ਜਿਹੜੇ ਆਪਣੇ ਵਾਸਤੇ ਜੀਉਂਦੇ ਨੇ, ਦੂਸਰਾ ਚਾਹੇ ਉਨ੍ਹਾਂ ਕੋਲ ਮਰੀ ਜਾਵੇ ਉਨ੍ਹਾਂ ਨੇ ਧਿਆਨ ਨਹੀਂ ਦੇਣਾ। ਦੂਸਰੀ ਕੈਟਾਗਿਰੀ ਉਹ ਹੈ ਜਿਹੜੀ ਪ੍ਰਮੇਸ਼ਰ ਨੂੰ ਭਾਉਂਦੀ ਹੈ ਉਹ, ਉਹ ਨੇ ਜਿਹੜੇ ਆਪਣੇ

ਵਾਸਤੇ ਜੀਉਂਦੇ ਨੇ ਲੇਕਿਨ ਬਹੁਤਾ ਦੂਸਰੇ ਵਾਸਤੇ ਜੀਉਂਦੇ ਨੇ। ਦੂਸਰੇ ਦਾ ਕੰਮ ਕਰਦੇ ਨੇ, ਦੂਸਰੇ ਦੀ ਸੇਵਾ ਕਰਦੇ ਨੇ, ਦੂਸਰੇ ਨੂੰ ਸੁੱਖ ਦੇਣ ਵਾਸਤੇ ਜੀਉਂਦੇ ਨੇ। ਸੋ ਇਹਦੇ ਵਾਸਤੇ ਭਾਈ ਪਰਉਪਕਾਰ ਕਰਨਾ ਪੈਂਦਾ ਹੈ। ਜਿਹੜਾ ਪਰਉਪਕਾਰੀ ਹੈ, ਬੰਦਗੀ ਕਰਦਾ ਹੈ -

***ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ ॥ ਅੰਗ - ੨੬੩***
***ਬ੍ਰਹਮ ਗਿਆਨੀ ਪਰਉਪਕਾਰ ਉਮਾਹਾ ॥ ਅੰਗ - ੨੭੩***

ਜਦੋਂ ਬ੍ਰਹਮਗਿਆਨ ਪ੍ਰਾਪਤ ਹੁੰਦਾ ਹੈ, ਫੇਰ ਉਹਦੇ ਅੰਦਰ ਪਰਉਪਕਾਰ ਚਸ਼ਮਾ ਚਲਦਾ ਹੈ। ਮਹਾਰਾਜ ਕਹਿੰਦੇ, ਸੇਵਾ ਕਰਕੇ ਪ੍ਰਭੂ ਦੀ ਸੇਵਾ ਕਰੀਂ। ਵਾਹਿਗੁਰੂ ਦੀ ਸੇਵਾ, ਗੁਰੂ ਦੀ ਸੇਵਾ; ਬੇਅੰਤ ਕਿਸਮ ਦੀ ਸੇਵਾ ਹੈ। ਵਾਹਿਗੁਰੂ ਦੀ ਸੇਵਾ ਉਹ ਕਰਦਾ ਹੈ ਜਿਹੜਾ ਸਾਰੀ ਸ੍ਰਿਸ਼ਟੀ ਨੂੰ ਪ੍ਰਮੇਸ਼ਰ ਦਾ ਰੂਪ ਜਾਣਦਾ ਹੈ ਤੇ ਇੱਥੇ ਕੋਹੜ ਨਹੀਂ ਪੈਣ ਦੇਣੀ ਚਾਹੁੰਦਾ। ਉਹ ਇਹ ਚਾਹੁੰਦਾ ਹੈ ਕਿ ਦੁਨੀਆਂ ਸੁਖੀ ਰਹੇ। ਸ਼ਾਂਤੀ ਵਿਚ ਰਹਿਣ, ਜਿਸ ਕੰਮ ਨੂੰ ਕਰਨ ਆਏ ਹਨ ਉਸ ਕੰਮ ਦੀ ਇਨ੍ਹਾਂ ਨੂੰ ਸੋਝੀ ਹੋਵੇ। ਸੋ ਮਹਾਰਾਜ ਕਹਿੰਦੇ, ਇਹ ਸੇਵਾ ਭਾਈ ਤੂੰ ਕਰੇਂਗਾ ਤਾਂ ਦਰਗਾਹ ਵਿੱਚ ਜਾ ਕੇ ਤੈਨੂੰ ਮਾਣ ਦੀ ਪ੍ਰਾਪਤੀ ਹੋਵੇਗੀ।

***ਧਾਰਨਾ - ਦਰਗਹ ਮਾਣ ਪਾਵੇਂਗਾ,***
***ਪ੍ਰਭੂ ਜੀ ਦੀ ਸੇਵਾ ਕਰਕੇ।***

***ਵਿਚਿ ਦੁਨੀਆ ਸੇਵ ਕਮਾਈਐ ॥***
***ਤਾ ਦਰਗਹ ਬੈਸਣੁ ਪਾਈਐ ॥***
***ਕਹੁ ਨਾਨਕ ਬਾਹ ਲੁਡਾਈਐ ॥ ਅੰਗ - ੨੬***

ਕਹਿੰਦੇ ਦੇਖ ਪ੍ਰੇਮੀਆਂ! ਸੇਵਾ ਕਰੀਂ ਪ੍ਰਭੂ ਦੀ -

***ਹਰਿ ਸਤਿ ਨਿਰੰਜਨੁ ਸਦਾ ਸੇਵਿ ਮਨ ਮੇਰੇ***
***ਜਿਤੁ ਹਰਿ ਦਰਗਹ ਪਾਵਹਿ ਤੂ ਮਾਣੁ ॥ ਅੰਗ - ੮੬੧***
***ਸਦਾ ਸਦਾ ਸੋ ਸੇਵੀਐ ਜੋ ਸਭ ਮਹਿ ਰਹੈ ਸਮਾਇ ॥***
***ਅਵਰੁ ਦੂਜਾ ਕਿਉ ਸੇਵੀਐ ਜੰਮੈ ਤੈ ਮਰਿ ਜਾਇ ॥***
***ਅੰਗ - ੫੦੯***

ਪ੍ਰਭੂ ਦਾ ਰੂਪ ਜਾਣ ਕੇ ਸਭ ਦੀ ਸੇਵਾ ਕਰ। ਫੇਰ ਦਰਗਾਹ 'ਚ ਮਾਣ ਪਾਏਂਗਾ।

ਮਹਾਤਮਾ ਬੁੱਧ ਜੀ ਨੂੰ ਜਦੋਂ ਪ੍ਰਾਪਤੀ ਹੋ ਗਈ ਆਪ ਨੂੰ, ਤੇ ਬਹੁਤ ਦੁਨੀਆਂ 'ਚ ਮਸ਼ਹੂਰ ਹੋ ਗਏ। ਉਸ ਵੇਲੇ ਜਦੋਂ ਸ਼ਹਿਰ ਦੇ ਵਿਚੋਂ ਲੰਘਿਆ ਕਰਦੇ ਸੀ। ਤਾਂ ਰਸਤੇ ਦੇ ਵਿਚ ਇੱਕ ਵੇਸਵਾ ਰਹਿੰਦੀ ਸੀ ਬੜੀ ਚੰਚਲ ਬਿਰਤੀ ਦੀ ਸੀ। ਸਾਧੂ ਮਹਾਂਪੁਰਸ਼ਾਂ ਦੇ ਉਤੇ ਵੀ ਕਟਾਕਸ਼ ਕਰਦੀ ਰਹਿੰਦੀ ਸੀ। ਜਦੋਂ ਮਹਾਤਮਾ ਕੋਲ ਦੀ ਲੰਘੇ, ਸਾਮ੍ਹਣੇ ਆਈ ਕਹਿਣ ਲੱਗੀ, ਮਹਾਂਪੁਰਸ਼ੋ! ਸਾਡੇ ਘਰ ਵੀ ਤੁਸੀਂ ਚਰਨ ਪਾ ਦਿਆ ਕਰੋ। ਦੁਨੀਆਂ ਆਉਂਦੀ ਹੈ ਤੁਸੀਂ ਵੀ ਆ ਜਾਓ, ਮਹਾਤਮਾ ਜੀ ਕਹਿਣ ਲੱਗੇ, ਬੀਬੀ! ਆਵਾਂਗਾ, ਅਜੇ ਸਮਾਂ ਨਹੀਂ ਆਇਆ। ਜਦੋਂ ਸਮਾਂ ਆਇਆ ਉਸ ਦਿਨ ਮੈਂ ਤੇਰੇ ਕੋਲ ਜ਼ਰੂਰ ਆਵਾਂਗਾ। ਦਸ-ਪੰਦਰਾਂ ਵਾਰੀ ਕਿਹਾ, ਵੀਹ ਵਾਰੀ ਕਿਹਾ, ਜਦੋਂ ਜਾਣ ਇੱਕੋ ਹੀ ਗੱਲ ਕਹੇ। ਸਮਾਂ ਬੀਤਦਾ ਗਿਆ। ਅਖੀਰ ਉਹ ਜੋ ਵੇਸਵਾ ਸੀ ਆਪਣੇ ਪਾਪ ਕਰਮਾਂ ਦੇ ਸਕਦੇ ਉਹਨੂੰ ਕੋਹੜ ਹੋ ਗਿਆ। ਸੁੰਦਰਤਾ ਉਹਦੀ ਖਤਮ ਹੋ ਗਈ, ਦੁੱਖਾਂ 'ਚ ਪੈ ਗਈ, ਕੋਈ ਸਾਥੀ ਨਾ ਰਿਹਾ, ਇਕੱਲੀ ਨੂੰ ਬਾਹਰ ਕੱਢ ਦਿੱਤਾ, ਗੰਦੇ ਥਾਉਂ ਰੂੜੀਆਂ ਦੇ ਉਤੇ ਚੁੱਕ ਕੇ ਸੁੱਟ ਦਿਤੀ, ਕੋਈ ਨੇੜੇ ਨਾ ਜਾਵੇ ਉਹਦੇ, ਜਿਹੜੇ ਜਾਂਦੇ ਸੀ ਨੱਕ ਬੰਦ ਕਰਕੇ ਲੰਘ ਜਾਣ ਕਿ ਆਹ ਦੇਖੋ ਪਾਪ ਕਰਮ ਦਾ ਫਲ ਭੋਗ ਰਹੀ ਹੈ। ਹੁਣ ਮਹਾਤਮਾ ਦਾ ਤੇ ਦੁਨੀਆਂ ਦਾ ਤਾਂ ਹੋਰ ਤਰ੍ਹਾਂ ਦਾ ਖਿਆਲ ਹੁੰਦਾ ਹੈ। ਦੁਨੀਆਂ ਔਗੁਣ ਦੇਖਦੀ ਹੈ ਤੇ ਖੁਸ਼ ਹੁੰਦੀ ਹੈ ਕਿ ਇਹਨੂੰ ਬਦਲਾ ਮਿਲ ਗਿਆ। ਲੇਕਿਨ ਜਿਹੜੇ ਮਹਾਤਮਾ ਨੇ ਉਨ੍ਹਾਂ ਦੇ ਬਾਰੇ ਤਾਂ ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ -

***ਧਾਰਨਾ - ਔਗੁਣ ਸਭ ਮਿਟਾਇਕੇ,***
***ਪਿਆਰੇ ਪਰਉਪਕਾਰ ਕਰੇ।***

ਮਹਾਂਪੁਰਸ਼ਾਂ ਦਾ ਖਿਆਲ ਸੰਸਾਰ ਨਾਲੋਂ ਵੱਖਰਾ ਹੁੰਦਾ ਹੈ, ਗੁਰੂ ਅਰਜਨ ਸਾਹਿਬ ਮਹਾਰਾਜ ਲਾਹੌਰ ਸ਼ਹਿਰ ਦੇ ਅੰਦਰ ਬਿਮਾਰੀ ਫੈਲ ਗਈ, ਪਲੇਗ ਫੈਲ ਗਈ, ਕੋਈ ਮੁਰਦਿਆਂ ਨੂੰ ਚੁੱਕਣ ਵਾਲਾ ਨਾ ਰਿਹਾ। ਗੁਰੂ ਮਹਾਰਾਜ ਨੇ ਜਾ ਕੇ ਉਥੇ ਹੀ ਲਾਹੌਰ ਦੇ ਅੰਦਰ ਨਿਵਾਸ ਕਰ ਲਿਆ। ਜਿੰਨਾਂ ਚਿਰ ਬਿਮਾਰੀ ਰਹੀ ਦੇਖਿਆ ਨਹੀਂ ਕਿ ਇਸਲਾਮ ਵਾਲਾ ਹੈ, ਇਸਲਾਮ ਵਾਲਾ ਮਰ ਗਿਆ ਚੁੱਕ ਕੇ ਕਬਰ ਖੋਦ ਦੇਣੀ ਹੈ, ਹਿੰਦੂ ਮਰ ਗਿਆ ਉਸ ਦਾ ਸਸਕਾਰ ਕਰਨਾ ਹੈ। ਧਰਮ ਨਹੀਂ ਦੇਖਿਆ ਉਸ ਵੇਲੇ ਪਰਉਪਕਾਰ ਕਰਨ ਵਾਸਤੇ ਕਿਸੇ ਦਾ ਔਗੁਣ ਨਹੀਂ ਵਿਚਾਰਿਆ। ਗੁਰੂ ਨੌਵੇਂ ਪਾਤਸ਼ਾਹ ਨੇ ਕਿਸੇ ਦਾ ਔਗੁਣ ਨਹੀਂ ਵਿਚਾਰਿਆ। ਉਨ੍ਹਾਂ ਦੇ ਵਿਚ ਓਹ ਵੀ ਤਾਂ ਸੀਗੇ ਜਿਨ੍ਹਾਂ ਨੂੰ ਗੁਰੂ ਅਰਜਨ ਪਾਤਸ਼ਾਹ ਨੂੰ ਤੱਤੀਆਂ ਤਵੀਆਂ 'ਤੇ ਬਿਠਾਇਆ ਹੈ ਤੇ ਉਨ੍ਹਾਂ ਪੁਕਾਰ ਕਰੀ ਕਿ ਮਹਾਰਾਜ ਜੰਞੂ ਦੀ ਤੇ ਤਿਲਕ ਦੀ ਲਾਜ ਰੱਖ ਲਓ। ਇਹ ਖਤਮ ਹੋ ਜਾਏਗਾ-

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ। ਬਚਿਤ੍ਰ ਨਾਟਕ***

ਗੁਰੂ ਦਸਵੇਂ ਪਾਤਸ਼ਾਹ ਲਿਖਦੇ ਨੇ ਕਿ ਗੁਰੂ ਮਹਾਰਾਜ ਨੇ ਤਿਲਕ ਤੇ ਜੰਞੂ ਦੀ ਰਾਖੀ ਕਰਨ ਵਾਸਤੇ ਆਪਣਾ ਬਲੀਦਾਨ ਦੇ ਦਿਤਾ। ਹਾਲਾਂਕਿ ਕਿ ਆਪ ਜੰਞੂ ਨੂੰ ਕਹਿੰਦੇ ਸੀ -

***ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥***
***ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥***
***ਅੰਗ - ੪੭੧***

ਏਸ ਧਾਗੇ ਨੂੰ, ਜੰਞੂ ਨੂੰ ਪ੍ਰਵਾਨ ਨਹੀਂ ਸੀ ਕਰਿਆ ਮਹਾਰਾਜ ਨੇ, ਕਹਿੰਦੇ ਇਹ ਤਾਂ ਜਲ ਜਾਂਦਾ ਹੈ, ਦਰਗਾਹ 'ਚ ਨਾਲ ਨਹੀਂ ਜਾਂਦਾ, ਉਥੇ ਫੇਰ ਜੀਵ ਜਿਹੜਾ ਹੈ ਬਿਨਾਂ ਜੰਞੂ ਜਾਏਗਾ, ਉਥੇ ਨਾਲ ਕਿਵੇਂ ਲੈ ਜਾਵਾਂਗੇ ਜੰਞੂ ਨੂੰ। ਅੰਦਰਲੇ ਗੁਣ ਮਹਾਰਾਜ ਕਹਿੰਦੇ ਸੀ ਕਿ ਐਨੇ ਉੱਚੇ ਹੋਣੇ ਚਾਹੀਦੇ ਨੇ, ਉਨ੍ਹਾਂ ਨੂੰ ਪ੍ਰਤੀਕ ਬਣਾ ਕੇ ਤਾਂ ਪਾ ਲਓ ਲੇਕਿਨ ਅੰਦਰ ਥੋਥਾ ਹੈ ਤਾਂ ਪਾਇਆ ਹੋਇਆ ਬੋਝ ਹੀ ਹੈ ਤੁਹਾਡੇ ਗਲ 'ਚ। ਲੇਕਿਨ ਜਦੋਂ ਜ਼ਬਰਦਸਤੀ ਲਾਉਣ ਲੱਗੇ, ਉਸ ਵੇਲੇ ਪੁਕਾਰ ਸੁਣੀ ਉਨ੍ਹਾਂ ਦੀ ਹੀ, ਕਹਿੰਦੇ ਠੀਕ ਹੈ। ਬਲੀਦਾਨ ਦੇ ਦਿੱਤਾ ਉਸ ਦੀ ਰਾਖੀ ਕਰਨ ਵਾਸਤੇ। ਪਰਉਪਕਾਰ ਸੀ ਔਗੁਣ ਨਹੀਂ ਕੋਈ ਵੀ ਵਿਚਾਰਿਆ। ਸੋ ਏਸੇ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ ਕਿ -

(ਬਾਕੀ ਪੰਨਾ 39 'ਤੇ)

# ਅਚਿੰਤੇ ਬਾਜ ਪਏ



ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਮਹਾਂਪੁਰਖ ਧੰਨ ਧੰਨ ਸੰਤ ਬਾਬਾ ਵਰਿਆਮ ਸਿੰਘ ਮਹਾਰਾਜ ਜੀ ਦਾ ਜੀਵਨ ਇੱਕ ਅਲੌਕਿਕ ਜੀਵਨ ਹੈ। ਜਿਥੇ ਆਪ ਜੀ ਨੇ ਰੂਹਾਨੀਅਤ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ ਹੈ ਵੱਡੇ-ਵੱਡੇ ਸਮਾਗਮ ਕੀਤੇ ਹਨ। ਹਰ ਇੱਕ ਮਜ਼੍ਹਬ ਦੇ ਬੰਦੇ ਨੂੰ ਇੱਕ ਮੰਚ ਤੇ ਇਕੱਠਾ ਕਰਕੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਚੇ ਸਿਧਾਂਤ ਤੋਂ ਤਿੰਨ-ਤਿੰਨ ਚਾਰ-ਚਾਰ ਘੰਟੇ ਦੇ ਲੰਬੇ ਦੀਵਾਨ ਲਗਾ ਕੇ ਜਾਣੂੰ ਕਰਵਾਇਆ ਹੈ। ਉਥੇ ਆਪ ਜੀ ਆਪਣੇ ਜੀਵਨ ਕਾਲ ਸਮੇਂ ਜਿਸ ਵੀ ਇਲਾਕੇ ਵਿਚ ਰਹੇ ਓਥੋਂ ਦੇ ਲੋਕਾਂ ਨੂੰ ਆਰਥਿਕ ਪੱਖੋਂ ਅਤੇ ਰੂਹਾਨੀਅਤ ਪੱਖੋਂ ਉੱਚਾ ਚੁੱਕ ਦਿਤਾ। ਜਿੰਨੀ ਦੇਰ ਆਪ ਜੀ ਯੂ.ਪੀ. ਵਿੱਚ ਰਹੇ ਓਥੇ ਵੀ ਆਪ ਜੀ ਨੇ ਇੱਕ ਇਨਕਲਾਬ ਲੈ ਆਂਦਾ ਸੀ ਲਗਾਤਾਰ ਦਿਨ ਰਾਤ ਮਿਹਨਤ ਕਰ ਕਰ ਕੇ ਕੀਰਤਨ ਕੀਤੇ। ਨਾਲ ਨਾਲ ਫਾਰਮ ਚਲਾਉਂਦੇ ਬਹੁਤ ਵਧੀਆ ਖੇਤੀ ਕੀਤੀ। ਯੂ.ਪੀ. ਦੇ ਇਲਾਕੇ ਅੰਦਰ ਆਪ ਜੀ ਨੇ ਪ੍ਰਚਾਰ ਅਰੰਭ ਕੀਤਾ ਫੇਰ ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੇ ਚਰਨ ਯੂ.ਪੀ. ਵਿੱਚ ਪੁਆਏ। ਸੰਤ ਮਹਾਰਾਜ ਰਾੜੇ ਵਾਲੇ ਆਪ ਜੀ ਦੇ ਘਰ ਮਹੀਨਾ ਮਹੀਨਾ ਠਹਿਰਦੇ ਆਪ ਜੀ ਦੀ ਦੇਖ ਭਾਲ ਦਾ ਅਤੇ ਦੀਵਾਨਾਂ ਦੇ ਪ੍ਰਬੰਧ ਦੀ ਜਿੰਮੇਵਾਰੀ ਸਾਰੀ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੀ ਹੁੰਦੀ ਸੀ। ਲੱਖਾਂ ਸੰਗਤਾਂ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਲਗੀਆਂ ਅਤੇ ਜੀਅ ਦਾਨ ਦੀ ਬਖਸ਼ਿਸ਼ ਹੋਈ।

1975 ਵਿੱਚ ਸੰਤ ਮਹਾਰਾਜ ਰਾੜਾ ਸਾਹਿਬ ਵਾਲਿਆਂ ਦੇ ਸਰੀਰਕ ਵਿਛੋੜੇ ਹੋ ਗਏ। ਆਪ ਜੀ ਰੋਪੜ ਦੇ ਇਲਾਕੇ ਵਿੱਚ ਆ ਗਏ ਪ੍ਰਚਾਰ ਅਰੰਭ ਕੀਤਾ। ਜਿਸ ਦਾ ਨਤੀਜਾ ਅੱਜ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਹੈ ਜਿਥੇ ਟਰਸਟ ਕਾਇਮ ਕਰਕੇ ਸੈਂਕੜੇ ਏਕੜ ਜਮੀਨ ਟਰਸਟ ਦੇ ਨਾਮ ਕਰਵਾ ਕੇ ਸਕੂਲ ਹਸਪਤਾਲ 24 ਘੰਟੇ ਲੰਗਰ, ਕੀਰਤਨ ਦੀ ਪ੍ਰਪਾਟੀ ਕਾਇਮ ਕਰ ਦਿਤੀ । ਅੱਜ ਰੋਪੜ ਦਾ ਇਲਾਕਾ ਆਰਥਿਕ ਪੱਖੋਂ ਧਾਰਮਿਕ ਪੱਖੋਂ ਬਹੁਤ ਮਜਬੂਤ ਹੋ ਚੁਕਿਆ ਹੈ।

ਜਦੋਂ ਕਿਤੇ ਕੁਦਰਤੀ ਆਫਤ ਆਉਂਦੀ ਹੈ ਓਥੇ ਰਤਵਾੜਾ ਸਾਹਿਬ ਵੱਲੋਂ ਪੂਰਾ ਪੂਰਾ ਯੋਗਦਾਨ ਪਾਇਆ ਜਾਂਦਾ ਹੈ।

1993 ਦੇ ਹੜ੍ਹ ਵਿਚ ਰਾਜਪੁਰਾ, ਰੋਪੜ, ਫਤਹਿਗੜ੍ਹ, ਅੰਬਾਲਾ ਦੇ ਪਿੰਡਾਂ ਵਿਚ ਬਹੁਤ ਭਿਆਨਕ ਹੜ੍ਹ ਆਏ। ਦੱਸ-ਦੱਸ ਫੁੱਟ ਪਾਣੀ ਉੱਚਾ ਚੜ੍ਹ ਗਿਆ, ਪਿੰਡਾਂ ਨੂੰ ਰੋੜ੍ਹ ਕੇ ਲੈ ਗਿਆ, ਘਰ ਢਹਿ ਗਏ, ਜੋ



ਕੁਝ ਕਿਸੇ ਦਾ ਜੋਤਿਆ ਜੁਤਾਇਆ ਸੀ ਉਹ ਪਾਣੀ ਨਾਲ ਬਿਲਕੁਲ ਬਰਬਾਦ ਹੋ ਗਿਆ। Flood (ਹੜ੍ਹ) ਤੋਂ ਦੂਸਰੇ ਦਿਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਦੇਖਣ ਲਈ ਗਏ ਪਰ ਅਜੇ ਵੀ ਪਾਣੀ ਦਾ ਐਨਾ ਜ਼ੋਰ ਸੀ ਕਿ ਪਿੰਡਾਂ ਤਕ ਪਹੁੰਚ ਹੀ ਨਾ ਸਕੇ ਅਤੇ ਵਾਪਸ ਆ ਗਏ। ਅਗਲੇ ਦਿਨ ਕਿਸੇ ਨਾ ਕਿਸੇ ਤਰੀਕੇ ਕਈ ਪਿੰਡਾਂ ਵਿਚ ਪਹੁੰਚ ਗਏ, ਉਥੇ ਪਿੰਡਾਂ ਦੇ ਵਸਣ ਵਾਲੇ ਧੌਣਾਂ ਭਾਰ ਨੀਵੀਆਂ ਪਾਈ ਬੈਠੇ ਸਨ, ਕੁਝ ਵੀ ਨਜ਼ਰ ਨਹੀਂ ਸੀ ਆ ਰਿਹਾ ਕਿ ਦੁਬਾਰਾ ਜ਼ਿੰਦਗੀ ਨਜ਼ਰ ਆਵੇਗੀ ਜਾਂ ਨਹੀਂ। ਨਾ ਕੋਈ ਸਰਕਾਰੀ ਕਰਮਚਾਰੀ, ਨਾ ਕੋਈ ਵੱਡਾ ਅਫਸਰ ਉਨ੍ਹਾਂ ਦੀ ਸਾਰ ਲੈਣ ਗਿਆ। ਸੰਤ ਮਹਾਰਾਜ ਨਾਲ ਪਰਮ ਪੂਜਯ ਬੀਜੀ ਜੀ (ਸੰਤ ਮਾਤਾ ਰਣਜੀਤ ਕੌਰ ਜੀ) ਸਨ, ਮਿਸਿਜ਼ ਡਾ. ਤੇਜਿੰਦਰ ਮਲਹੋਤਰਾ ਅਤੇ ਮਿਸਟਰ ਮਲਹੋਤਰਾ ਵੀ ਨਾਲ ਆ ਰਲੇ ਸਨ। ਸੰਤ ਮਹਾਰਾਜ ਨੇ ਇਕੱਲਾ ਇਕੱਲਾ ਘਰ ਦੇਖਿਆ, ਚਿੱਕੜ ਐਨਾ ਸੀ ਕਿ ਗਿਰਨ ਤੋਂ ਮਸਾਂ ਹੀ ਬਚ ਹੁੰਦਾ ਸੀ। ਉਨ੍ਹਾਂ ਪੀੜਤਾਂ ਤੋਂ ਪੁਛਿਆ ਗਿਆ ਕਿ ਕੀ ਕੁਝ ਖਾਣ ਲਈ ਮਿਲਿਆ ਹੈ? ਤਾਂ ਉਨ੍ਹਾਂ ਦੱਸਿਆ ਕਿ ਕਲ੍ਹ ਦਾ ਪ੍ਰਸ਼ਾਦਾ ਤਾਂ ਕਾਰ ਸੇਵਾ ਵਾਲੇ ਪਾਣੀਆਂ ਵਿਚੋਂ ਲੰਘ ਕੇ ਦੇ ਗਏ। ਤਬਾਹੀ ਬਹੁਤ ਵੱਡੀ ਹੋਈ ਹੋਈ ਹੈ ਅੱਗੇ ਸਾਨੂੰ ਕੁਝ ਨਜ਼ਰ ਨਹੀਂ ਆਉਂਦਾ। ਉਨ੍ਹਾਂ ਦਾ ਦਰਦ ਦੇਖ ਕੇ, ਉਨ੍ਹਾਂ ਦੇ ਹੰਝੂਆਂ ਦੇ ਨਾਲ ਸੰਤ ਮਹਾਰਾਜ ਜੀ ਦੇ ਵੀ ਹੰਝੂ ਵਹਿ ਤੁਰੇ। ਸੰਤ ਮਹਾਰਾਜ ਨੇ ਕਿਹਾ ਤੁਸੀਂ ਇਕ ਦਿਨ ਹੋਰ ਕੱਟੋ ਜੋ ਕੁਝ ਮੇਰੇ ਤੋਂ ਹੋਏਗਾ, ਅਸੀਂ ਕਰਾਂਗੇ, ਤੁਸੀਂ ਸਾਡਾ ਇੰਤਜ਼ਾਰ ਕਰਿਓ।



ਸੰਤ ਮਹਾਰਾਜ ਜੀ ਨੇ ਸੰਗਤ ਵਿਚ ਆ ਕੇ ਇਕ ਗੱਲ ਕਹੀ ਕਿ ਅੱਜ ਤਕ ਅਸੀਂ ਕਿਸੇ ਤੋਂ ਉਗਰਾਹੀ ਨਹੀਂ ਕੀਤੀ ਪਰ ਹਾਲਾਤ ਅਜਿਹੇ ਹਨ, ਸਾਨੂੰ ਉਨ੍ਹਾਂ ਲੋਕਾਂ ਨੂੰ ਬਚਾਉਣਾ ਪੈਣਾ ਹੈ। ਜਿਨ੍ਹਾਂ ਦੇ ਕੋਲ ਆਪਣੀ ਲੋੜ ਤੋਂ ਵੱਧ ਕਪੜੇ ਹਨ, ਅਨਾਜ ਹੈ, ਉਹ ਸਾਨੂੰ ਦੇਣ, ਪ੍ਰਮੇਸ਼ਰ ਉਨ੍ਹਾਂ ਦੀ ਮਦਦ ਕਰੇਗਾ। ਸੰਗਤ ਵਾਲਿਆਂ ਨੇ ਇਹ ਗੱਲ ਪੱਲੇ ਬੰਨ੍ਹ ਲਈ, ਬੀਬੀਆਂ ਤੇ ਭਾਈਆਂ ਨੇ ਲੱਕ ਬੰਨ੍ਹ ਕੇ ਹਰ ਥਾਂ ਦੇ ਉਪਰ, ਅਨਾਜ, ਵਸਤਰ, ਬਰਤਨ ਆਦਿ ਇਕੱਠੇ ਕਰਨੇ ਸ਼ੁਰੂ ਕਰ ਦਿਤੇ। ਇਕ ਬਹੁਤ ਵੱਡੀ ਸੰਸਥਾ ਸਵੈ ਸੇਵਕਾਂ ਦੀ ਬਣ ਕੇ ਗੁਰਦੁਆਰਾ ਰਤਵਾੜਾ ਸਾਹਿਬ ਚੀਜ਼ਾਂ ਇਕੱਠੀਆਂ ਕਰਨ ਲੱਗੀ।

ਦੂਸਰੇ ਦਿਨ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਆਪਣੇ ਸਾਥੀਆਂ ਨਾਲ ਗਏ ਅਤੇ ਪਿੰਡਾਂ ਵਿਚ ਹੋਇਆ ਨੁਕਸਾਨ ਪੂਰੀ ਤਰ੍ਹਾਂ ਨਾਲ ਰਜਿਸਟਰਾਂ ਵਿਚ ਦਰਜ ਕਰਨਾ ਸ਼ੁਰੂ ਕਰ ਦਿਤਾ ਅਤੇ ਉਨ੍ਹਾਂ ਪੀੜਤਾਂ ਨੂੰ ਕਿਹਾ ਕਿ ਅਸੀਂ ਕੱਲ੍ਹ ਨੂੰ ਸਭ ਕੁਝ ਲੈ ਕੇ ਆਵਾਂਗੇ, ਤੁਸੀਂ ਇਹ ਪਰਚੀਆਂ ਦਿਖਾ ਕੇ ਲੋੜ ਦੀਆਂ ਚੀਜ਼ਾਂ ਲੈ ਲੈਣੀਆਂ। ਹਰੇਕ ਘਰ ਨੂੰ 25 ਲੋੜ ਦੀਆਂ ਵਸਤੂਆਂ ਅਤੇ ਇਕ ਤਰਪਾਲ ਵੰਡਣੀ ਸ਼ੁਰੂ ਕੀਤੀ। 200 ਸਾਥੀ ਮੇਰੇ ਨਾਲ ਹੁੰਦੇ, 200 ਲੋੜਵੰਦਾਂ ਲਈ ਹੈਡਕੁਆਟਰ ਵਿਚ ਸਮਾਨ ਦੀ ਪੈਕਿੰਗ ਕਰਦੇ ਸਨ। ਸਾਰੀਆਂ ਚੀਜ਼ਾਂ ਜਿਸ ਵਿਚ ਇਕ ਕੁਇੰਟਲ ਕਣਕ, ਅੱਧਾ ਕੁਇੰਟਲ ਚਾਵਲ, ਕੰਬਲ, ਖੇਸ ਕਪੜੇ ਹੁੰਦੇ ਸਨ ਅਤੇ ਹਰ ਬੰਦੇ ਦੇ ਹਿੱਸੇ ਤਿੰਨ ਭਰੀਆਂ ਹੋਈਆਂ ਵਸਤਾਂ, ਦਾਣਿਆਂ ਦੀਆਂ ਪੰਡਾਂ ਆ ਜਾਇਆ ਕਰਦੀਆਂ ਸਨ, ਜਿਨ੍ਹਾਂ ਨੂੰ ਚੁੱਕ ਕੇ ਸਾਡੇ ਸਾਥੀ ਉਨ੍ਹਾਂ ਦੇ ਘਰ ਰੱਖ ਦਿੰਦੇ ਸਨ ਅਤੇ ਉਸ ਉਪਰ ਤਰਪਾਲ ਦੇ ਦਿੰਦੇ ਸਨ ਕਿ ਕਿਤੇ ਫੇਰ ਨਾ ਭਿੱਜ ਜਾਣ। ਸਕੂਲਾਂ ਦੀ ਮੁਰੰਮਤ ਕਰਾਈ, ਬੱਚਿਆਂ ਨੂੰ ਵਰਦੀਆਂ ਬੂਟ, ਪੁਸਤਕਾਂ, ਕਾਪੀਆਂ ਲੈ ਕੇ ਦਿਤੀਆਂ ਅਤੇ ਸਕੂਲਾਂ ਦੀ ਮੁਰੰਮਤ ਕਰਾ ਕੇ, **disinfect** ਕਰਾ ਕੇ ਵਿਚ ਪੜ੍ਹਾਈ ਸ਼ੁਰੂ ਕਰਾ ਦਿਤੀ ਅਤੇ ਇਹ ਕੰਮ ਸੰਤ ਮਹਾਰਾਜ ਜੀ ਨੇ ਦੇ

ਮਹਾਰਾਜ ਜੀ ਨੇ ਦੋ ਮਹੀਨੇ ਵਿਚ ਕਰ ਲਿਆ।

ਪੀੜਤ ਲੋਕਾਂ ਨੇ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦਾ ਧੰਨਵਾਦ ਕਰ ਰਹੇ ਸਨ ਪਰ ਸੰਤ ਮਹਾਰਾਜ ਹਮੇਸ਼ਾ ਇਹੀ ਕਹਿੰਦੇ ਸਨ ਕਿ ਮੈਂ ਕੁਝ ਵੀ ਨਹੀਂ ਕਰ ਰਿਹਾ, ਮੈਂ ਤਾਂ ਇਕ ਨਿਉਂਦਾ ਪਾਉਣ ਆਇਆ ਹਾਂ, ਅੱਜ ਅਸਮਾਨੀ ਆਫਤ ਤੁਹਾਡੇ ਤੇ ਪਈ ਹੈ, ਕਲ੍ਹ ਨੂੰ ਸਾਡਾ ਵੀ ਇਹ ਹਾਲ ਹੋ ਸਕਦਾ ਹੈ, ਫੇਰ ਤੁਸੀਂ ਅਸਾਡੀ ਮਦਦ ਕਰਨ ਆ ਜਾਣਾ। ਅਸੀਂ ਦਾਨ ਨਹੀਂ ਕਰ ਰਹੇ, ਤੁਹਾਡੀ ਮਦਦ ਕਰ ਰਹੇ ਹਾਂ ਜਾਂ ਐਉਂ ਕਹੋ ਅਸੀਂ ਆਪਣੀ ਮਦਦ ਕਰਾਉਣ ਲਈ ਇਕ ਨਿਉਂਦਾ ਪਾ ਰਹੇ ਹਾਂ। ਸੰਤ ਮਹਾਰਾਜ ਜੀ ਦੀ ਵੰਡ ਪ੍ਰਣਾਲੀ ਐਨੀ ਮਜ਼ਬੂਤ ਸੀ ਕਿ ਕੋਈ ਵੀ ਗੈਰ ਲੋੜਵੰਦ ਮੰਗਤਾ ਵਸਤੂਆਂ ਨਹੀਂ ਸੀ ਪ੍ਰਾਪਤ ਕਰ ਸਕਦਾ ਅਤੇ ਦੂਜੇ ਪਾਸੇ ਮੈਂ ਅਖ਼ਬਾਰ ਪੜ੍ਹਦਾ ਸੀ ਤਾਂ ਸਰਕਾਰ ਦੀਆਂ ਭਿੰਨ-ਭਿੰਨ ਬਿਆਨਬਾਜੀਆਂ ਹੁੰਦੀਆਂ ਸਨ ਪਰ ਜਿਨ੍ਹਾਂ ਵਿਚੋਂ ਇਕ ਵੀ ਸਰਕਾਰੀ ਬੰਦਾ ਨਹੀਂ ਸੀ ਪਹੁੰਚਿਆ। ਸਰਕਾਰ ਵਲੋਂ ਵੱਡੀਆਂ ਸਕੀਮਾਂ ਬਣੀਆਂ ਕਿਥੇ ਗਈਆਂ? ਕੀ ਹੋਇਆ? ਇਹ ਦੇਖਣਾ ਦੇਖਣਾ ਸੰਤ ਮਹਾਰਾਜ ਫਰਜ਼ ਨਹੀਂ ਸਮਝਦੇ।

2001 ਜਨਵਰੀ 26 ਦਾ ਮੰਦਭਾਗੀ ਦਿਹਾੜਾ ਖੁਸ਼ੀਆਂ ਦੀ ਥਾਂ ਤੇ ਤਬਾਹੀ ਲੈ ਕੇ ਪ੍ਰਗਟ ਹੋਇਆ। ਸਵੇਰੇ ਦੇ 9 ਵਜਣ ਵਾਲੇ ਹੀ ਸਨ, ਪੱਖੇ ਜ਼ੋਰ ਜ਼ੋਰ ਨਾਲ ਹਿੱਲ ਰਹੇ ਸਨ। ਪਹਿਲਾਂ ਉਹ ਉਤਰ ਤੇ ਦੱਖਣ ਵਲ ਨੂੰ ਫੇਰ ਇਕ ਦਮ ਪੂਰਬ ਤੇ ਪੱਛਮ ਵਲ ਨੂੰ ਹਿਲਣੇ ਸ਼ੁਰੂ ਹੋ ਗਏ। ਦੱਸ ਰਹੇ ਸਨ ਕਿ ਬਹੁਤ ਹੀ ਭਿਆਨਕ ਭੂਚਾਲ ਕਿਸੇ ਨਾ ਕਿਸੇ ਥਾਂ ਤੇ ਆਇਆ ਹੈ। ਇਸ ਬਰਬਾਦੀ ਨੇ ਗੁਜਰਾਤ ਦੇ ਸੂਬੇ ਨੂੰ ਛੂਹਿਆ, ਉਥੇ ਵੀ ਭੁੱਜ ਦੇ ਜ਼ਿਲੇ ਨੂੰ ਬੁਰੀ ਤਰ੍ਹਾਂ ਝੰਜੋੜ ਦਿਤਾ। ਹਜ਼ਾਰਾਂ ਪਰਿਵਾਰ ਮਿੱਟੀ ਵਿਚ ਦਬ ਗਏ, ਵੱਡੀਆਂ ਵੱਡੀਆਂ ਬਿਲਡਿੰਗਾਂ ਧਰਤੀ ਵਿਚ ਧੱਸ ਗਈਆਂ ਅਤੇ ਮਜ਼ਬੂਤ ਲੈਂਟਰ ਅਤੇ ਕਈ ਕਈ ਮੰਜ਼ਲੇ ਘਰ ਕਾਰਡ ਦੇ ਪੱਤਿਆਂ ਵਾਂਗੂ ਖਿੜ ਗਏ। ਕਿਸੇ ਨੂੰ ਕੁਝ ਪਤਾ ਨਹੀਂ ਸੀ ਲਗਦਾ ਕਿ ਕੀ ਹੋ ਗਿਆ ਹੈ ਕਿਉਂਕਿ ਉਹ ਲੋਕ ਪੁੱਛਣ ਤੇ ਦਸਦੇ ਹਨ ਕਿ ਪਹਿਲਾਂ ਇਕ ਗੜਗੜਾਹਟ ਦੀ ਆਵਾਜ਼ ਹੋਈ, ਉਸ ਪਿਛੋਂ ਧੂੜ ਉਡ ਕੇ ਅਸਮਾਨਾਂ ਨੂੰ ਚੜ੍ਹ ਗਈ, ਧਰਤੀ ਡੋਲੀ ਅਤੇ ਐਉਂ ਲਗਦਾ ਸੀ ਜਿਵੇਂ ਵਲ ਖਾਂਦਾ ਸੱਪ ਤੇਜ਼ੀ ਨਾਲ ਤੁਰ ਰਿਹਾ ਹੋਵੇ, ਕਿਸੇ ਆਦਮੀ ਵਿਚ ਇਹ ਸ਼ਕਤੀ ਨਹੀਂ ਸੀ ਕਿ ਇਸ ਡੋਲਦੀ ਧਰਤੀ ਉਪਰ ਉਹ ਭੱਜ ਦੌੜ ਕੇ ਕਿਸੇ ਪਾਸੇ ਚਲਿਆ ਜਾਵੇ, ਉਹ ਤਾਂ ਉਸੇ ਸਮੇਂ ਹੀ ਗਿਰ ਜਾਂਦਾ ਸੀ। ਇਹ ਸਾਰਾ ਕੰਮ ਤਕਰੀਬਨ ਅੱਧੇ ਮਿੰਟ ਵਿਚ ਹੋ ਗਿਆ। ਗੁਰਬਾਣੀ ਵਿਚ ਆਏ ਹੋਏ ਬਚਨ ਪ੍ਰਤੱਖ ਹੋ ਗਏ -







ਰਾਜਾਸ੍ਰਮ ਮਿਤਿ ਨਹੀਂ ਜਾਨੀ ਤੇਰੀ।। ਤੇਰੇ ਸੰਤਨ ਕੀ ਹਉ ਚੇਰੀ।। ਹਸਤੇ ਜਾਇ ਸੁ ਰੋਵਤੁ ਆਵੈ ਰੋਵਤੁ ਜਾਇ ਸੁ ਹਸੈ।। ਬਸਤੇ ਹੋਇ ਹੋਇ ਸੁ ਉਜਰੁ ਉਜਰੁ ਹੋਇ ਸੁ ਬਸੈ।। ਜਲ ਤੇ ਥਲ ਕਰਿ ਥਲ ਤੇ ਕੂਆ ਕੂਪ ਤੇ ਮੇਰੁ ਕਰਾਵੈ।।ਧਰਤੀ ਤੇ ਆਕਾਸਿ ਚਢਾਵੈ ਚਢੇ ਅਕਾਸਿ ਗਿਰਾਵੈ।। ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ।।ਖਲ ਮੂਰਖ ਤੇ ਪੰਡਿਤੁ ਕਰਿਬੋ ਪੰਡਿਤ ਤੇ ਮੁਗਧਾਰੀ।। ਨਾਰੀ ਤੇ ਜੇ ਪੁਰਖੁ ਕਰਾਵੈ ਪੁਰਖਨ ਤੇ ਜੇ ਨਾਰੀ।। ਕਹੁ

ਕਬੀਰ ਸਾਧੂ ਕੋ ਪ੍ਰੀਤਮੁ ਤਿਸੁ ਮੂਰਤਿ ਬਲਿਹਾਰੀ।। ਪੰਨਾ - ੧੨੫੨

ਅਤੇ

ਹਰਿ ਕੀ ਗਤਿ ਨਹਿ ਕੋਊ ਜਾਨੈ।। ਜੋਗੀ ਜਤੀ ਤਪੀ ਪਚਿ ਹਾਰੇ ਅਰੁ ਬਹੁ ਲੋਗ ਸਿਆਨੇ।। ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰਿ ਡਾਰੇ।। ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੋ।। ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ।। ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ।। ਅਗਨਤ ਅਪਾਰੁ ਅਲਖ ਨਿਰੰਜਨ ਜਿਹ ਸਭ ਜਗੁ ਭਰਮਾਇਓ।। ਸਗਲ ਭਰਮ ਤਜਿ ਨਾਨਕ ਪ੍ਰਾਣੀ ਚਰਨਿ ਤਾਹਿ ਚਿਤੁ ਲਾਇਓ।। ਪੰਨਾ - ੫੩੭

ਇਨ੍ਹਾਂ ਸ਼ਬਦਾਂ ਦੇ ਅਰਥ ਪ੍ਰਤੱਖ ਰੂਪ ਵਿਚ ਅੱਖਾਂ ਨੂੰ ਵੇਖਣ ਨੂੰ ਮਿਲੇ। ਇਸ ਅੱਗੇ ਕਿਸੇ ਦਾ ਕੋਈ ਜ਼ੋਰ ਨਾ ਚੱਲਿਆ। ਅੰਦਾਜ਼ੇ ਲਗਣੇ ਸ਼ੁਰੂ ਹੋ ਗਏ, ਕਿਸੇ ਨੇ ਕਿਹਾ ਇਕ ਹਜ਼ਾਰ ਬੰਦਾ ਮਾਰਿਆ ਗਿਆ, ਦੂਸਰੇ ਪਲ ਹੀ ਖ਼ਬਰ ਆਈ ਕਿ ਪੰਜ-ਸੱਤ ਹਜ਼ਾਰ ਬੰਦਾ ਮਰ ਗਿਆ, ਬਹੁਤ ਨੁਕਸਾਨ ਹੋਇਆ ਹੈ ਪਰ ਕਿਸੇ ਨੇ ਅਸਲੀ ਅੰਦਾਜ਼ਾ ਨਹੀਂ ਲਾਇਆ। ਭਾਰਤ ਵਰਸ਼ ਦੇ ਰੱਖਿਆ ਮੰਤਰੀ ਦਾ ਅੰਦਾਜ਼ਾ ਸੀ ਕਿ ਲੱਖਾਂ ਹੀ ਸਰੀਰ ਮਲਬੇ ਹੇਠ ਦਬ ਗਏ ਹਨ, ਜਿਨ੍ਹਾਂ ਵਿਚ ਐਸੇ ਹਜ਼ਾਰਾਂ ਸਨ ਕਿ ਜਿਨ੍ਹਾਂ ਉਪਰ ਪੂਰਾ ਮਲਬਾ ਨਹੀਂ ਸੀ ਗਿਰਿਆ, ਕੋਈ ਘਰ ਵਿਚ ਪਈਆਂ ਵੱਡੀਆਂ ਚੀਜ਼ਾਂ ਵਿਚ ਬਚਿਆ ਆਸ ਰਖਦਾ ਸੀ ਕਿ ਉਸਨੂੰ ਕੋਈ ਕੱਢ ਲਵੇ। ਪਰ ਇਹ ਆਸਾਂ ਨਿਰਾਸ਼ਤਾ ਵਿਚ ਬਦਲ ਗਈਆਂ ਕਿਉਂਕਿ ਅਸੀਂ ਪਹਿਲਾਂ ਤੋਂ ਅਜਿਹੀਆਂ ਕੁਦਰਤ ਦੀਆਂ ਥਪੇੜਾਂ ਨੂੰ ਸਹਿਨ ਲਈ ਕੋਈ ਤਿਆਰੀ ਨਹੀਂ ਕੀਤੀ ਹੋਈ ਸੀ।

ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੇ ਸਾਰੇ ਗੁਜਰਾਤ ਦੇ ਭੁਚਾਲ ਦਾ ਜਾਇਜ਼ਾ ਲੈ ਕੇ ਰਤਵਾੜਾ ਸਾਹਿਬ ਵੱਲੋਂ 48 ਟਰੱਕਾਂ ਵਿਚ ਭਰੀ ਸਮੱਗਰੀ 32 ਪਿੰਡਾਂ ਵਿਚ ਵੰਡ ਕੇ ਆਏ ਹਾਂ, ਜਿਹੜੇ ਪਿੰਡ ਟਰਸਟ ਰਤਵਾੜਾ ਸਾਹਿਬ ਨੂੰ ਸਉਂਪੇ ਗਏ ਉਹ ਵੱਡੇ ਪਿੰਡ ਸਨ, ਇਕ ਪਿੰਡ ਹੀ 1600 ਘਰ ਦਾ ਸੀ, 10,000 ਤੋਂ ਉਪਰ ਅਬਾਦੀ ਸੀ। ਲੰਗਰ ਚਲਾਏ ਗਏ ਜਿਨ੍ਹਾਂ ਵਿੱਚ 10 ਹਜ਼ਾਰ ਪ੍ਰੇਮੀ ਰੋਜ਼ ਲੰਗਰ ਛਕਦੇ ਸਨ ਕਿਉਂਕਿ ਸਾਡਾ ਕੈਂਪ ਵੱਡੀ ਸੜਕ ਦੇ ਕੰਢੇ ਸੀ, ਇਸ ਲਈ ਸਾਰੇ ਅਫਸਰ ਕਰਮਚਾਰੀ ਵਗੈਰਾ ਲੰਗਰ ਛਕ ਹੀ ਜਾਂਦੇ ਸਨ। ਇਹ ਲੰਗਰ ਦਿਨ ਰਾਤ ਚਲਦਾ ਸੀ। ਕਰੋੜਾਂ ਰੁਪਏ ਸਮੱਗਰੀ ਗੁਜਰਾਤ ਵਿਖੇ ਟਰਸਟ ਵੱਲੋਂ ਵੰਡੀ ਗਈ ਸੀ।



**ਤਾਮਿਲਨਾਡੂ ਵਿਖੇ ਆਏ ਹੜ੍ਹਾਂ ਸਮੇਂ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵੱਲੋਂ ਸੇਵਾ -**

ਦੱਖਣੀ ਭਾਰਤ ਤਾਮਿਲਨਾਡੂ ਦੇ ਇਲਾਕੇ ਵਿੱਚ ਚਕਰਵਾਤਾਂ ਰਾਹੀਂ ਵਰਸ ਰਹੀ ਬਰਸਾਤ ਨਾਲ ਬਹੁਤ ਹੀ ਤਬਾਹੀ ਮਚਾਈ ਗਈ। ਜਿਸ ਤੋਂ ਲੱਖਾਂ ਹੀ ਲੋਕ ਮੰਦਹਾਲੀ ਦਾ ਸ਼ਿਕਾਰ ਹੋ ਗਏ ਸਨ। ਜਿਵੇਂ ਕਿ ਪਿਛਲੇ ਸੁਨਾਮੀ ਸਮੇਂ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਵੱਲੋਂ ਲਗਾਤਾਰ 24 ਘੰਟੇ ਗੁਰੂ ਕੇ ਲੰਗਰ ਚਲਦੇ ਰਹੇ ਹਨ, ਉਸ ਤੋਂ ਸਥਾਨਕ ਵਾਸੀ ਬਹੁਤ ਹੀ ਪ੍ਰਭਾਵਤ ਹੋਏ ਸਨ ਕਿਉਂਕਿ ਗੁਰੂ ਕੇ ਲੰਗਰ ਦੀ ਮਹਾਨ ਪ੍ਰੰਪਰਾ ਨੂੰ ਉਸ ਇਲਾਕੇ ਦੇ ਲੋਕਾਂ ਨੇ ਪਹਿਲੀ ਵਾਰੀ ਦੇਖਿਆ ਸੀ। ਆਏ ਹੜ੍ਹ ਸਮੇਂ ਸਥਾਨਕ ਮਾਰਵਾੜੀ ਇਹ ਪਿਆਰ ਭਰੀ ਬੇਨਤੀ ਨੂੰ ਪ੍ਰਵਾਨ ਕਰਕੇ ਗੁ.

ਰਾਜਸਥਾਨੀ ਕਰੋੜਾਂ ਪਤੀ ਸ਼ਾਹੂਕਾਰਾਂ ਵੱਲੋਂ ਰਤਵਾੜਾ ਸਾਹਿਬ ਸੰਸਥਾ ਰਾਹੀਂ ਮਹਾਨ ਸੇਵਾ ਕੀਤੀ ਗਈ। ਉਨ੍ਹਾਂ ਨਿਸ਼ਕਾਮ ਸੇਵਾਦਾਰਾਂ ਅੰਦਰ ਬਹੁਤ ਹੀ ਪੀੜਤ ਦੁਖਿਆਰਿਆਂ ਵਾਸਤੇ ਬਹੁਤ ਹੀ ਹਮਦਰਦੀ ਸੀ, ਹਮਦਰਦੀ ਦਾ ਸਬੂਤ ਇਹ ਹੈ ਕਿ ਹੁਣ ਉਹ ਕਹਿੰਦੇ ਹਨ, ਕਿ ਪੰਜਾਬ ਤੋਂ ਰਾਹਤ ਸਮੱਗਰੀ ਬਿਨਾਂ ਹੀ ਲਿਆਉਣ ਤੋਂ ਰਤਵਾੜਾ ਸਾਹਿਬ ਦੇ ਸੇਵਾਦਾਰ ਆ ਕੇ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨ। ਉਨ੍ਹਾਂ ਦੀ ਇਹ ਪਿਆਰ ਭਰੀ ਬੇਨਤੀ ਨੂੰ ਪ੍ਰਵਾਨ ਕਰਕੇ ਗੁ. ਰਤਵਾੜਾ ਸਾਹਿਬ ਤੋਂ ਜਥੇ ਸਮੇਂ ਸੰਤ ਬਾਬਾ ਹਰਪਾਲ ਸਿੰਘ ਜੀ ਪਹੁੰਚੇ।

**ਜੰਮੂ ਅਤੇ ਕਸ਼ਮੀਰ ਵਿਖੇ ਭੂਚਾਲ ਪੀੜਤਾਂ ਦੀ ਸੇਵਾ** :- 8 ਅਕਤੂਬਰ 2005 ਦੀ ਸਵੇਰ ਆਮ ਵਾਂਗ ਸੂਰਜ ਉਦੇ ਹੋਣ ਤੇ ਕਾਰੋਬਾਰਾਂ ਦੀ ਸ਼ੁਰੂਆਤ ਹੋਣ ਲੱਗੀ ਅਤੇ ਸਮੇਂ ਨੇ ਐਸੀ ਕਰਵਟ ਬਦਲੀ ਕਿ ਇਹ ਸਵੇਰ ਹਰ ਰੋਜ਼ ਦੀ ਤਰ੍ਹਾਂ ਆਮ ਸਵੇਰ ਤੋਂ ਬਦਲਕੇ ਬਹੁਤ ਹੀ ਹਰੇਕ ਦੇ ਦਿਲ ਨੂੰ ਦਹਿਲਾਉਣ ਵਾਲੀ ਸੀ। ਪਾਕਿਸਤਾਨ ਅਤੇ ਹਿੰਦੂਸਤਾਨੀ ਕਸ਼ਮੀਰ ਵਿੱਚ ਬਹੁਤ ਹੀ ਭਿਆਨਕ ਭੂਚਾਲ ਨੇ ਲਗਭਗ 70,000 ਹਸਦੇ ਵਸਦੇ ਲੋਕਾਂ ਨੂੰ ਸਦਾ ਦੀ ਨੀਂਦ ਮੌਤ ਦੀ ਗੋਦੀ ਵਿਚ ਸੁਲ੍ਹਾ ਦਿਤਾ। ਦੁਖੀ ਲੋਕਾਂ ਦੀ ਕੂਕ ਪੁਕਾਰ ਸੁਣਨ ਵਾਲਾ ਸ਼ਾਇਦ ਹੀ ਮੌਕੇ ਤੇ ਕੋਈ ਪਹੁੰਚਿਆ ਹੋਵੇ। ਅਨੇਕਾਂ ਹੀ ਕੀਮਤੀ ਜਾਂਨਾ ਮਲਵੇ ਦੇ ਢੇਰ ਹੇਠ ਭੂਚਾਲ ਵਰਗੀ ਭਿਆਨਕ ਆਫਤ ਦਾ ਸ਼ਿਕਾਰ ਹੋ ਗਈਆਂ। ਭੂਚਾਲ ਤੋਂ ਬਾਅਦ ਪਾਕਿਸਤਾਨ ਅਤੇ ਹਿੰਦੂਸਤਾਨ ਦੀ ਨਿਰਅੰਤਰਣ ਰੇਖਾ ਅਤੇ ਸੀਮਾਂ ਉਪਰ ਹਜਾਰਾਂ ਕਰੋੜ ਦੀ ਲਾਗਤ ਨਾਲ ਬਣਾਈ ਗਈ ਫੈਨਸਿੰਗ (ਕੰਡਾ ਤਾਰ) ਦਾ ਵੀ ਕਬਾੜਾ ਹੋ ਗਿਆ। ਹਿੰਦੂਸਤਾਨੀ ਕਸ਼ਮੀਰ ਬਾਰਡਰ ਦੇ ਇਲਾਕਿਆਂ ਵਿੱਚ ਫੌਜ ਵੱਲੋਂ ਅਥਾਹ ਸੇਵਾ ਕਰਕੇ ਮਲਬਿਆਂ ਹੇਠ ਦਬੀਆਂ ਲਾਸ਼ਾਂ ਨੂੰ ਕੱਢਿਆ ਗਿਆ ਹੁਣ ਵੀ 68 ਦਿਨ ਬਾਅਦ ਇਕ ਅਦਭੁਤ ਕ੍ਰਿਸ਼ਮਾ ਵਰਤਿਆ ਕਿ ਇਕ ਬੀਬੀ ਦਾ ਜੀਵਤ ਸਰੀਰ ਪ੍ਰਾਪਤ ਹੋਇਆ ਜਿਸ ਦਾ ਇਲਾਜ ਹਸਪਤਾਲ ਵਿਚ ਚਲ ਰਿਹਾ ਸੀ। ਹੋਰ ਵੀ ਅਨੇਕਾਂ ਹੀ ਭਿਆਨਕ ਦ੍ਰਿਸ਼ ਦੇਖਣ ਨੂੰ ਪ੍ਰਾਪਤ ਹੋਏ। ਹੁਣ ਵੀ ਜਦੋਂ ਕਿ 8 ਅਕਤੂਬਰ 2005 ਨੂੰ ਪਾਕਿਸਤਾਨ ਹਿੰਦੂਸਤਾਨ ਦੀ ਹੱਦ ਉਪਰ ਕਸ਼ਮੀਰ ਦੇ ਇਲਾਕੇ ਬਾਰਾਮੁੱਲਾਂ, ਉੜੀ, ਆਦਿ ਆਏ ਭਿਆਨਕ ਭੂਚਾਲ ਦੀ ਤਰਾਸਦੀ ਸਮੇਂ ਗੁ. ਰਤਵਾੜਾ ਸਾਹਿਬ ਤੋਂ ਸੈਂਕੜ ਸੇਵਾਦਾਰ ਇਸ ਸੇਵਾ ਲਈ ਕਸ਼ਮੀਰ ਵਿਖੇ ਵਰ੍ਹਦੀ ਹੱਡ ਭੰਨਵੀਂ ਠੰਢ ਸਮੇਂ ਰਾਹਤ ਸਮੱਗਰੀ ਛੇ ਟਰੱਕਾਂ ਰਾਹੀਂ ਰਾਹਤ ਸਮੱਗਰੀ ਵੰਡ ਕੇ ਆਏ ਹਨ। ਇਸ ਮਹਾਨ ਸੇਵਾ ਵਿੱਚ ਸੰਤ ਪ੍ਰਦੀਪ ਸਿੰਘ ਬੋਰੇ ਵਾਲੇ ਗਊਸ਼ਾਲਾ ਬੱਧਨੀ ਕਲਾਂ ਵਾਲਿਆਂ ਵੱਲੋਂ ਇੱਕ ਵੱਡੇ ਟਰਾਲੇ ਅਤੇ ਗਊਸ਼ਾਲਾ ਟਰਸਟ ਭਗਤੂ ਭਾਈ ਕੇ ਵੱਲੋਂ ਵੀ ਰਾਹਤ ਸਮੱਗਰੀ ਰਤਵਾੜਾ ਸਾਹਿਬ ਦੇ ਸੇਵਾਦਾਰਾਂ ਰਾਹੀਂ ਭੇਜੀ ਗਈ। ਇਸੇ ਤਰ੍ਹਾਂ ਸੰਤ ਅਵਤਾਰ ਸਿੰਘ ਧੂਲਕੋਟ ਵਾਲਿਆਂ ਵੱਲੋਂ ਵੀ ਇੱਕ ਟਰੱਕ ਰਾਹਤ ਸਮੱਗਰੀ ਦਾ ਭੂਚਾਲ ਪੀੜਤ ਇਲਾਕੇ ਵਿੱਚ ਭੇਜਿਆ ਗਿਆ। ਇਹ ਰਾਹਤ ਸਮੱਗਰੀ ਵਿੱਚ ਰਜਾਈਆਂ, ਕੰਬਲਾਂ, ਜਰਸੀਆਂ, ਪਹਿਨਣ ਵਾਲੇ ਕੱਪੜੇ ਅਤੇ ਆਟਾ ਚਾਵਲ ਵਿਤਰਣ ਕੀਤੇ ਹਨ।



# ਦੇਸ਼ਾਂ ਵਿਦੇਸ਼ਾਂ ਅੰਦਰ ਬੈਠੀਆਂ ਸੰਗਤਾਂ ਨੂੰ ਦੀਨ ਦੁਖੀਆਂ ਦੀ ਸੇਵਾ ਵਾਸਤੇ ਦਰਦਨਾਕ ਅਪੀਲ



ਯੂ.ਪੀ. ਦੇ ਮੁਰਦਾਬਾਦ, ਅਫਜਲਗੜ੍ਹ, ਲਕਸਰ, ਹਰਿਦੁਆਰ, ਬਿਜਨੌਰ ਦੇ ਇਲਾਕੇ ਅੰਦਰ **177** ਪਿੰਡਾਂ ਅੰਦਰ ਭਾਰੀ ਹੜ੍ਹ ਆ ਜਾਣ ਕਾਰਨ ਬਹੁਤ ਨੁਕਸਾਨ ਹੋ ਚੁੱਕਾ ਹੈ। ਰਤਵਾੜਾ ਸਾਹਿਬ ਵੱਲੋਂ ਪਰਮ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਸੰਤ ਬਾਬਾ ਹਰਪਾਲ ਸਿੰਘ ਜੀ ਸਿੰਘਾਂ ਸਮੇਤ ਓਸ ਇਲਾਕੇ ਵਿੱਚ ਲੰਗਰ ਲੈ ਕੇ ਪਹੁੰਚੇ ਤਾਂ ਇਹ ਦਰਦ ਦੇਖ ਨਹੀਂ ਸੀ ਹੁੰਦਾ ਹਜ਼ਾਰਾਂ ਲੋਕਾਂ ਦੇ ਘਰ ਹੜ੍ਹ ਦੀ ਮਾਰ ਨੇ ਤਬਾਹ ਕਰ ਦਿਤੇ ਹਨ। ਜਾਨ, ਮਾਲ, ਡੰਗਰ ਦਾ ਭਾਰੀ ਨੁਕਸਾਨ ਹੋਇਆ ਹੈ ਘਰਾਂ ਅੰਦਰ ਪਿਆ ਸਮਾਨ ਪੂਰੀ ਤਰ੍ਹਾਂ ਨਸ਼ਟ ਹੋ ਚੁਕਿਆ ਹੈ। **10-12** ਫੁੱਟ ਪਾਣੀ ਪੂਰੇ ਜੋਰ ਨਾਲ ਘਰਾਂ ਦੇ ਅੰਦਰ ਦਾਖਲ ਹੋਇਆ ਜਿਸ ਨੇ ਲੋਕਾਈ ਦੀ ਜਿੰਦਗੀ ਤਬਾਹ ਕਰ ਕੇ ਰੱਖ ਦਿਤੀ ਹੈ। ਫਸਲਾਂ ਪੂਰੀ ਤਰਾਂ ਬਰਬਾਦ ਹੋ ਚੁੱਕੀਆਂ ਹਨ। ਲੋਕਾਂ ਨੂੰ 20 ਕਿਸ਼ਤੀਆਂ ਦੀ ਮਦਦ ਨਾਲ ਮਹਾਂਪੁਰਸ਼ਾਂ ਨੇ ਓਥੋਂ ਬਾਹਰ ਕੱਢਣ ਦੇ ਇੰਤਜਾਮ ਕੀਤੇ ਗਏ ਹਨ। ਹਜਾਰਾਂ ਬੰਦਿਆਂ ਦੀ ਜਿੰਦਗੀ ਇਸ ਪਾਣੀ ਦੀ ਲਪੇਟ ਅੰਦਰ ਆ ਕੇ ਸਮਾਪਤ ਹੋ ਚੁੱਕੀ ਹੈ। ਪਰ ਹਜੇ ਵੀ ਮੀਂਹ ਰੁਕਣ ਦਾ ਨਾਮ ਨਹੀਂ ਲੈ ਰਿਹਾ। ਲੋਕਾਈ ਸੜਕਾਂ ਤੇ ਉਤੱਰ ਆਈ ਹੈ ਰਹਿਣ ਲਈ ਸਿਰ ਢਕਣ ਲਈ ਅੱਜ ਉਨ੍ਹਾਂ ਕੋਲ ਕੋਈ ਜਗ੍ਹਾਂ ਨਹੀਂ ਰਹਿ ਗਈ। ਸਰਕਾਰ ਵੱਲੋਂ ਕੋਈ ਹਜੇ ਤੱਕ ਠੋਸ ਕਦਮ ਨਹੀਂ ਚੁੱਕੇ ਗਏ। ਦੇਖਣ ਵਿੱਚ ਆਇਆ ਹੈ ਅੱਜ ਲੋੜ੍ਹ ਹੈ ਉਨ੍ਹਾਂ ਨੂੰ ਆਪ ਜੀ ਦੇ




ਸਹਿਯੋਗ ਦੀ ਆਪ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਸਹਿਯੋਗ ਦੀ। ਟਰਸਟ ਕਰਤਾਰਾ ਸਾਹਿਬ ਵੱਲੋਂ ਪੂਰੇ ਨਾਲ ਸੇਵਾ ਹੋ ਰਹੀ ਹੈ। ਲੰਗਰਾਂ ਦੇ ਇੰਤਜ਼ਾਮ ਕੀਤੇ ਜਾ ਰਹੇ ਹਨ। ਰਹਿਣ ਵਾਸਤੇ ਤਰਪਾਲਾਂ ਤਨ ਢਕਣ ਵਾਸਤੇ ਕੱਪੜੇ ਘਰ ਵਿੱਚ ਅਨੇਕਾਂ ਕੰਮ ਆਉਣ ਵਾਲੀਆਂ ਚੀਜ਼ਾਂ ਦਿੱਤੀਆਂ ਜਾ ਰਹੀਆਂ ਹਨ। ਰਾਹਤ ਸਮੱਗਰੀ ਭੇਜਣ ਵਾਸਤੇ ਟਰਸਟ ਵੱਲੋਂ ਹੜ੍ਹਾਂ ਵਿੱਚ ਬਰਬਾਦ ਹੋਏ ਘਰਾਂ ਦੀਆਂ ਲਿਸਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ।
ਅੱਜ ਤੱਕ ਟਰਸਟ ਕਰਤਾਰਾ ਸਾਹਿਬ ਵੱਲੋਂ ਕਿਸੇ ਕੋਲੋਂ ਸਿਧੇ ਜਾਂ ਅਸਿਧੇ ਤੌਰ ਤੇ ਕੋਈ ਮਾਇਕ ਅਪੀਲ ਨਹੀਂ ਕੀਤੀ ਗਈ। ਇਸ ਸੰਪ੍ਰਦਾਇ ਦਾ ਇਹ ਅਸੂਲ ਮੁੱਢ ਤੋਂ ਹੀ ਰਿਹਾ ਕਿ ਮੰਗਣ ਨਹੀਂ ਜਾਣਾ ਪ੍ਰਾਲੱਬਧ ਅਨੁਸਾਰ ਜੋ ਆ ਜਾਂਦਾ ਹੈ ਉਸੇ ਮੁਤਾਬਿਕ ਹੀ ਵਰਤਣਾ ਹੈ। ਪਰ ਜਦੋਂ ਦੂਜੇ ਦਾ ਸਵਾਲ ਆ ਜਾਂਦਾ ਹੈ ਦੂਜੇ ਵਾਸਤੇ ਮੰਗਣ ਲਈ ਕੋਈ ਸੰਕੋਚ ਨਹੀਂ ਕੀਤਾ ਜਾਂਦਾ।
ਅਸੀਂ ਦੇਸ਼ਾਂ ਵਿਦੇਸ਼ਾਂ ਅੰਦਰ ਵਸਦੀਆਂ ਸੰਗਤਾਂ ਨੂੰ ਸਿਧੇ ਤੌਰ ਤੇ ਅਪੀਲ ਕਰਦੇ ਹਾਂ ਕਿ ਟਰਸਟ ਦਾ ਪੂਰਾ-ਪੂਰਾ ਸਹਿਯੋਗ ਦੇਣ ਦੀ ਕ੍ਰਿਪਾਲਤਾ ਕਰੋ ਜੀ। ਵਿੱਤ ਅਨੁਸਾਰ ਜਿੰਨੀ ਹੋ ਸਕੇ ਮਾਇਕ ਤੌਰ ਤੇ ਸੇਵਾ ਕਰਨ ਦੀ ਕ੍ਰਿਪਾਲਤਾ ਕਰੋ ਤਾਂ ਜੋ ਉਜੜੇ ਘਰਾਂ ਨੂੰ ਫਿਰ ਵਸਾਇਆ ਜਾ ਸਕੇ ਉਨ੍ਹਾਂ ਨੂੰ ਪਾਉਣ ਵਾਲੇ ਕੱਪੜਿਆਂ ਦੀ ਲੋੜ ਹੈ ਕੀ ਬੀਬੀਆਂ ਕੀ ਭਾਈ, ਬਜ਼ੁਰਗ, ਬੱਚੇ। ਅੱਗੇ ਠੰਢ ਦੀ ਰੁੱਤ ਆ ਰਹੀ ਹੈ ਜਿਸ ਵਾਸਤੇ ਕੰਬਲਾਂ ਦੀ ਲੋੜ ਪੈਣੀ ਹੈ।
ਆਪ ਜੀ ਵੱਲੋਂ ਭੇਜਿਆ ਰਿਲੀਫ਼ ਫੰਡ ਲੋੜ ਵੰਦ ਲੋਕਾਂ ਤੱਕ ਪੂਰੀ ਜ਼ਿੰਮੇਵਾਰੀ ਨਾਲ ਪਹੁੰਚਾਇਆ ਜਾਵੇਗਾ। "ਜਦੋਂ ਇਲਾਕੇ ਪਟਿਆਲੇ ਅੰਦਰ ਹੜ੍ਹ ਆਏ ਸੀ ਮਾਨ ਸੱਚਖੰਡਵਾਸੀ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ ਨੇ ਸੰਗਤਾਂ ਨੂੰ ਸਿੱਧੇ ਤੌਰ ਤੇ ਅਪੀਲ ਕੀਤੀ ਸੀ ਕਿ ਸਾਧ ਸੰਗਤ ਜੀ ਹੁਣ ਬੈਠਣ ਦਾ ਸਮਾਂ ਨਹੀਂ ਹੁਣ ਉਨ੍ਹਾਂ ਲੋਕਾਂ ਲੋੜ ਹੈ ਆਪਣੇ ਸਹਿਯੋਗ ਦੀ ਜਿੰਨੀ ਵਿੱਤ ਅਨੁਸਾਰ ਸੇਵਾ ਹੋ ਸਕਦੀ ਹੈ ਆਪ ਜੀ ਕਰੋ।
ਰਾਹਤ ਸਮੱਗਰੀ ਭੇਜਣ ਵਾਸਤੇ
-: ਸੰਪਰਕ ਨੰਬਰ :-
9417214378
9023604384

# Vishav Gurmat Roohani Mission Charitable Trust (Regd.)



Ratwara Sahib, P.o. Mullanpur Garibdas,
Teh. Kharar, Distt. Mohali (Pb.), Fax : 0160-2255009
Mobile - 9417214378, 84, 79, Email : atammarg1yahoo.co.in
Fax : 0160 - 2255009, Tel : 0160- 2255001



## ਟਰਸਟ ਰਤਵਾੜਾ ਸਾਹਿਬ ਦੇ ਜਰਨਲ ਇਜਲਾਸ ਸਬੰਧੀ

## ਖੁੱਲ੍ਹਾ ਸੱਦਾ ਪੱਤਰ

ੴ ਸਤਿਗੁਰ ਪ੍ਰਸਾਦਿ ॥

### ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਪਰਮ ਸਤਿਕਾਰਯੋਗ ਸਰਬਤ ਸਾਧ ਸੰਗਤ ਜੀਓ ।

ਆਪ ਜੀ ਦੇ ਸਿਨਮਰ ਚਰਨਾਂ ਵਿੱਚ ਨਿਮਰਤਾ ਸਹਿਤ ਅਤਿ ਅਧੀਨਗੀ ਨਾਲ ਬੇਨਤੀ ਹੈ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਨਾਲ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਖਾਂ ਦੀ ਨੌਵੀਂ ਬਰਸੀ ਸਬੰਧ ਵਿੱਚ ਮਹਾਨ ਗੁਰਮਤਿ ਰੂਹਾਨੀ ਸਮਾਗਮ **ਮਿਤੀ 28 ਤੋਂ 31 ਅਕਤੂਬਰ 2010** ਨੂੰ ਰਤਵਾੜਾ ਸਾਹਿਬ ਵਿਖੇ ਹੋ ਰਹੇ ਹਨ। ਜਿਸ ਵਿੱਚ ਸੰਪ੍ਰਦਾਇ ਰਤਵਾੜਾ ਸਾਹਿਬ ਨਾਲ ਸਬੰਧਤ ਜੱਥਿਆਂ ਤੋਂ ਇਲਾਵਾ ਹੋਰ ਵੀ ਸਾਧੂ ਸੰਤ ਸਵਾਮੀ ਯੋਗੀ ਆਪਣੇ ਕੀਰਤਨ, ਪ੍ਰਵਚਨਾਂ ਦੁਆਰਾ ਨਿਹਾਲ ਕਰਨਗੇ। ਦੇਸ਼ਾਂ ਵਿਦੇਸ਼ਾਂ ਅਤੇ ਇਲਾਕੇ ਦੀਆਂ ਸੰਗਤਾਂ ਅਤੇ ਮਹਾਂਪੁਰਸ਼ਾ ਦੇ ਪਿਆਰ ਵਾਲੇ ਪ੍ਰੇਮੀ ਤਨ ਮਨ ਧਨ ਨਾਲ ਸੇਵਾ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਦੇ ਹਨ। ਆਪ ਜੀ ਤੋਂ ਵੀ ਆਸ ਦੇ ਨਾਲ ਪੂਰਾ ਵਿਸ਼ਵਾਸ਼ ਹੈ ਕਿ ਜਿਥੇ ਤੁਸੀਂ ਤਾਂ ਆਪ ਸਮਾਗਮ ਵਿੱਚ ਹਾਜਰੀ ਭਰਨੀ ਹੀ ਹੈ ਹੋਰਨਾਂ ਨੂੰ ਵੀ ਗੁਰੂ ਬਖਸ਼ੀਆਂ ਸਵਾਰੀਆਂ ਟਰਾਲੀ, ਟਰੈਕਟਰ, ਜੀਪ, ਕਾਰ ਜਾਂ ਟਰੱਕ ਰਾਹੀਂ ਪ੍ਰੇਰ ਕੇ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ। ਸਮਾਗਮ ਦਾ ਸਮਾਂ ਸਵੇਰੇ **4.00 ਤੋਂ ਰਾਤ 10.00** ਵਜੇ ਤੱਕ ਹੋਵੇਗਾ। ਗੁਰੂ ਕੇ ਲੰਗਰ ਅਤੁੱਟ ਵਰਤਣਗੇ ਜੀ।

ਓਪਰੋਕਤ ਮਹਾਂਪੁਰਸ਼ਾਂ ਦੇ ਪਰਉਪਕਾਰੀ ਕਾਰਜਾਂ ਨੂੰ ਸਫਲਤਾ ਪੂਰਬਕ ਸੰਪੂਰਨ ਕਰਨ ਸਬੰਧੀ ਜਰਨਲ ਇਜਲਾਸ ਦੀ ਪਹਿਲੀ ਮੀਟਿੰਗ **10 ਅਕਤੂਬਰ ਦਿਨ ਐਤਵਾਰ** ਸਮਾਂ ਦੁਪਿਹਰ 1.00 ਵਜੇ ਅਤੇ ਦੂਜੀ ਮੀਟਿੰਗ **22 ਅਕਤੂਬਰ ਰਾਤ 10.00** ਵਜੇ ਸਤਿਸੰਗ ਦੀਵਾਨ ਹਾਲ ਗੁਰਦੁਆਰਾ ਰਤਵਾੜਾ ਸਾਹਿਬ ਵਿਖੇ ਹੋਣਗੇ। ਸਾਨੂੰ ਆਸ ਦੇ ਨਾਲ ਵਿਸ਼ਵਾਸ਼ ਹੈ ਕਿ ਟਰਸਟ ਦੀਆਂ ਜਰਨਲ ਮੀਟਿੰਗਾਂ ਵਿੱਚ ਜਿਥੇ ਆਪ ਜੀ ਨੇ ਆਉਣਾ ਹੀ ਹੈ ਹੋਰਨਾਂ ਨੂੰ ਵੀ ਲੈ ਕੇ ਅਉਣ ਦੀ ਕ੍ਰਿਪਾਲਤਾ ਕਰਨੀ ਜੀ

ਧੰਨਵਾਦ ਸਹਿਤ।

ਆਪ ਜੀ ਦੇ ਦਾਸ

ਸਕੱਤਰ

ਟਰਸਟ ਰਤਵਾੜਾ ਸਾਹਿਬ

(ਪੰਨਾ 28 ਦੀ ਬਾਕੀ)

***ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥***
***ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥***
***ਅੰਗ - ੨੧੮***

ਮੇਰੇ ਸਾਰੇ ਔਗੁਣ ਜਿਹੜਾ ਕੱਢ ਦੇਵੇ ਤੇ ਪਰਉਪਕਾਰ ਕਰੇ, ਮੈਨੂੰ ਨਾ ਦੇਖੇ ਕਿ ਮੈਂ ਕਿਹੋ ਜਿਹਾ ਹਾਂ।

***ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖਮੰਦਾ।***
***ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।***
***ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।***
***ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।***
***ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।***
***ਭਾਈ ਗੁਰਦਾਸ ਜੀ, ਵਾਰ ੩੬/੨੧***

ਐਨੇ ਔਗੁਣ ਮਿਟਾ ਕੇ ਜਿਹੜਾ ਮੈਨੂੰ 'ਨਾਮ' ਦੇ ਦੇਵੇ ਕਹਿੰਦੇ ਉਹ ਮਿੱਤਰ ਹੈ, ਸਾਜਨ ਹੈ। ਉਹ ਕੌਣ ਹੈ? ਉਹ ਗੁਰੂ ਹੈ। ਸੋ ਪਰਉਪਕਾਰ ਦੀ ਜ਼ਿੰਦਗੀ ਜਦੋਂ ਤੋਂ ਗੁਰੂ ਮਹਾਰਾਜ ਗੁਰੂ ਨਾਨਕ ਪਾਤਸ਼ਾਹ ਆਏ ਨੇ ਆਪ ਪਰਉਪਕਾਰ ਕਰਦੇ ਨੇ। ਆਪ ਜਾਣਦੇ ਸੀ ਕਿ ਦੀਪਾਲਪੁਰ ਦੇ ਅੰਦਰ ਇੱਕ ਕੋਹੜੀ ਦੀ ਆਤਮਾ ਕੁਰਲਾ ਰਹੀ ਹੈ। ਉਸ ਕੋਹੜੀ ਨੇ ਐਨੇ ਪਾਪ ਕੀਤੇ ਨੇ -

***ਖਸਮੁ ਵਿਸਾਰਿ ਕੀਏ ਰਸ ਭੋਗ ॥***
***ਤਾਂ ਤਨਿ ਉਠਿ ਖਲੋਏ ਰੋਗ ॥ ਅੰਗ - ੧੨੫੬***

ਰੋਗ ਆਉਂਦਾ ਹੀ ਤਾਂ ਹੈ ਸਾਧਸੰਗਤ ਜੀ ਜੇ ਪ੍ਰਮੇਸ਼ਰ ਨੂੰ ਭੁੱਲਦਾ ਹੈ। ਮਾੜੇ ਤੋਂ ਮਾੜੇ ਕੰਮ ਕਰਨ ਦੇ ਨਾਲ ਸਰੀਰ ਕੋਹੜੀ ਹੋ ਜਾਇਆ ਕਰਦਾ ਹੈ। ਗੁਰੂ ਨਾਨਕ ਪਾਤਸ਼ਾਹ ਉਸ ਸ਼ਹਿਰ 'ਚ ਆ ਜਾਂਦੇ ਨੇ। ਮਰਦਾਨਾ ਥਾਂ ਸੰਵਾਰਦਾ ਹੈ ਬੈਠਣ ਵਾਸਤੇ ਕਿ ਰਾਤ ਕੱਟ ਲਵਾਂਗੇ। ਜਦੋਂ ਝਾੜੂ ਦੇ ਚੁਕਦਾ ਹੈ, ਦੇਖਦੇ ਨੇ ਕਿ ਸਾਡੇ ਘਰ ਦੇ ਨੇੜੇ ਹੀ ਝਾੜੂ ਦਿੱਤਾ ਜਾ ਰਿਹਾ ਹੈ। ਜਦੋਂ ਖੋਲ੍ਹ ਕੇ ਵਿਛਾਉਣ ਲਗਦਾ ਹੈ ਮਹਾਰਾਜ ਦਾ ਆਸਣ, ਓਦੋਂ ਹੀ ਆ ਜਾਂਦੇ ਨੇ ਕਹਿੰਦੇ ਇਥੇ ਨਹੀਂ ਬੈਠਣਾ ਅੱਗੇ ਚੱਲੋ। ਕਰਦੇ-ਕਰਦੇ ਮਹਾਰਾਜ ਨੂੰ ਨੌਂ-ਦਸ ਵਜ ਗਏ ਰਾਤ ਦੇ। ਸਾਰੇ ਪਿੰਡ ਦੇ ਦੁਆਲੇ ਆਪ ਘੁੰਮੇ, ਕਿਸੇ ਨੇ ਬੈਠਣ ਨੂੰ ਥਾਂ ਨਾ ਦਿੱਤਾ, ਅਖੀਰ ਮਹਾਰਾਜ ਕਹਿਣ ਲੱਗੇ, ਕਿਉਂ ਬਈ ਪ੍ਰੇਮੀਓ! ਤੁਸੀਂ ਸਾਨੂੰ ਉਠਾਈ ਤਾਂ ਜਾਂਦੇ ਓਂ, ਕੋਈ ਪਿੰਡ ਤਾਂ ਵਸਦਾ ਹੈ, ਸ਼ਹਿਰ ਵਸਦਾ ਹੈ ਜਿੱਥੇ ਸੁਘੜ ਬੰਦੇ ਰਹਿੰਦੇ ਹੋਣ, ਹੁਣ ਸਿਆਣੇ ਬੰਦੇ ਰਹਿੰਦੇ ਹੋਣ, ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਕੋਈ ਰਾਹੀ ਆਏਗਾ, ਮੁਸਾਫਰ ਆਏਗਾ, ਮੁਸਾਫਰ ਆਏਗਾ, ਉਹਨੇ ਰਾਤ ਕੱਟਣੀ ਹੈ, ਤੁਹਾਡੇ ਸ਼ਹਿਰ ਦੇ ਅੰਦਰ ਕੋਈ ਥਾਂ ਨਹੀਂ ਐਸਾ ਜਿੱਥੇ ਕੋਈ ਆ ਕੇ ਅਭਿਆਗਤ, ਮੁਸਾਫਰ ਰਾਤ ਕੱਟ ਲੈਣ, ਸਾਧੂ ਮਹਾਂਪੁਰਸ਼ ਰਾਤ ਕੱਟ ਲੈਣ। ਕਹਿੰਦੇ ਹੈਗੀ, ਸਪੈਸ਼ਲ ਬਣਾਈ ਹੋਈ ਜਗ੍ਹਾ ਹੈ। ਸੀਸ ਮਹੱਲ ਬਣਾਇਆ ਹੋਇਆ ਹੈ ਤੁਹਾਡੇ ਵਾਸਤੇ। ਇਹੋ ਜਿਹੇ ਵੀ ਬੰਦੇ ਮਹਾਰਾਜ ਨੂੰ ਮਿਲੇ ਨੇ। ਮਹਾਰਾਜ ਕਹਿੰਦੇ ਫੇਰ ਓਸ ਸੀਸ ਮਹੱਲ ਦੀ ਦਸ ਪਾ ਦਿਓ ਅਸੀਂ ਉਥੇ ਚਲੇ ਜਾਂਦੇ ਹਾਂ। ਕਹਿੰਦੇ ਆਹ ਡੰਡੀ ਜਾਂਦੀ ਹੈ, ਸਿੱਧੇ ਚਲੇ ਜਾਇਓ ਨੱਕ ਦੀ ਸੇਧ 'ਚ। ਉਥੇ ਬਣਿਆ ਹੋਇਆ ਹੈ ਤੁਹਾਡੇ ਵਾਸਤੇ। ਕਹਿੰਦੇ, ਚੱਲ ਮਰਦਾਨਿਆਂ! ਜੋ ਨਿਰੰਕਾਰ ਦੀ ਆਗਿਆ। ਗੁਰੂ ਮਹਾਰਾਜ ਤੁਰੇ ਜਾਂਦੇ ਨੇ, ਜਦੋਂ ਨੇੜੇ ਆਏ, ਮਰਦਾਨਾ ਕਹਿਣ ਲੱਗਿਆ, ਮਹਾਰਾਜ! ਇੱਥੇ ਤਾਂ ਕੁਛ ਗਲਿਆ-ਸੜਿਆ ਪਿਆ ਹੈ। ਕਹਿੰਦੇ, ਮਰਦਾਨਿਆਂ ਆਹੀ ਸੀਸ ਮਹੱਲ ਹੈ ਜਿਥੇ ਆਪਾਂ ਨੂੰ ਕਿਹਾ ਹੈ ਆਉਣ ਵਾਸਤੇ। ਇੱਥੇ ਇੱਕ ਕੋਹੜੀ ਹੈ, ਉਹਦੀ ਜਿਹੜੀ ਰੂਹ ਹੈ ਉਹ ਕੁਰਲਾ ਰਹੀ ਹੈ ਨਿਰੰਕਾਰ ਦੇ ਫਰਿਆਦਾਂ ਕਰਦੀ ਹੈ। ਅੱਜ ਆਪਾਂ ਨੂੰ ਨਿਰੰਕਾਰ ਨੇ ਇੱਥੇ ਹੀ ਭੇਜਿਆ ਹੈ। ਸੋ ਮਹਾਰਾਜ ਉਥੇ ਆਸਣ ਲਾ ਦਿੰਦੇ ਨੇ। ਮਰਦਾਨਾ ਕਹਿੰਦਾ ਪਾਤਸ਼ਾਹ! ਮੇਰਾ ਤਾਂ ਨੱਕ ਨਹੀਂ ਸਹਿ ਸਕਦਾ, ਐਨੀ ਬਦਬੂ ਆ ਰਹੀ ਹੈ, ਕਹਿੰਦੇ ਕੋਈ ਨਾ ਮਰਦਾਨਿਆਂ! ਥੋੜ੍ਹੀ ਦੇਰ ਤੋਂ ਬਾਅਦ ਬਦਬੂ ਆਉਣ ਤੋਂ ਆਪੇ ਹੀ ਹਟ ਜਾਏਗੀ। ਨੱਕ ਦੇ ਵਿੱਚ ਖਾਸੀਅਤ ਹੁੰਦੀ ਹੈ, ਬਦਬੂ ਵਾਲੇ ਥਾਂ ਕਾਫੀ ਦੇਰ ਰਹੋ, ਬਦਬੂ ਆਉਣ ਤੋਂ ਹਟ ਜਾਂਦੀ ਹੈ। ਖੁਸ਼ਬੂਆਂ 'ਚ ਰਹਿਣਾ ਸ਼ੁਰੂ ਕਰ ਦਿਓ, ਖੁਸ਼ਬੂ ਆਉਣ ਤੋਂ ਹਟ ਜਾਂਦੀ ਹੈ। ਕਹਿੰਦੇ, ਤੂੰ ਹਰੀ ਦਾ ਜੱਸ ਕਰ। ਆਪਾਂ ਸਰੀਰ 'ਚ ਹੀ ਨਹੀਂ ਰਹਿੰਦੇ, ਸਰੀਰ ਤੋਂ ਉਤੇ ਰਹਾਂਗੇ। ਫੇਰ ਬਦਬੂ ਕੌਣ ਲਏਗਾ। ਸਾਰੇ ਇੰਦਰਿਆਂ ਨੂੰ ਪ੍ਰਮੇਸ਼ਰ ਦੇ ਵਲ ਲਾ ਦੇ। ਜਦੋਂ ਹਰੀ ਦਾ ਜਸ ਕੀਤਾ ਆਪ ਨੇ, ਉਹ ਹਾਇ-ਹਾਇ ਦੀ ਆਵਾਜ਼ ਬੰਦ ਹੋ ਗਈ। ਜਦੋਂ ਹਰੀ ਦਾ ਜਸ ਕੀਤਾ ਆਪ ਨੇ, ਉਹ ਹਾਇ-ਹਾਇ ਦੀ ਆਵਾਜ਼ ਬੰਦ ਹੋ ਗਈ। ਅੱਧੀ ਰਾਤ ਹੋ ਗਈ, ਮਹਾਰਾਜ ਨੇ ਉਸ ਦਿਨ ਬਿਸਰਾਮ ਨਹੀਂ ਕੀਤਾ। ਅੰਮ੍ਰਿਤ ਵੇਲੇ ਹੋ ਆਇਆ, ਕਹਿੰਦੇ ਮਰਦਾਨਿਆਂ! ਹਲਟ ਗੇੜੀਏ ਆਪਾਂ, ਨਹਾਈਏ ਭਾਈ। ਕੁੰਡ ਹੈ ਕੋਈ? ਕਹਿੰਦੇ, ਹਾਂ ਕੁੰਡ ਹੈਗੀ। ਕਹਿੰਦੇ, ਇਹ ਵੀ ਭਲਾ ਹੈ ਕਿਸੇ ਨੇ ਕਰਿਆ ਹੋਇਆ, ਕੁੰਡ ਤਾਂ ਬਣਾ ਦਿੱਤੀ ਖੂਹ ਦੇ ਉਤੇ ਕਿ ਕੋਈ ਇਸ਼ਨਾਨ ਹੀ ਕਰ ਲਏਗਾ। ਭਾਈ ਬਾਲਾ ਤੇ ਮਰਦਾਨਾ ਹਲਟ ਗੇੜਦੇ ਨੇ। ਕੁੰਡ ਭਰ ਲਈ, ਮਹਾਰਾਜ ਨੇ ਇਸ਼ਨਾਨ ਕਰਿਆ। ਦੋਹਾਂ ਨੇ ਕਰਿਆ। ਓਧਰੋਂ ਆਵਾਜ਼ਾਂ ਆਉਂਦੀਆਂ ਨੇ ਕਿ ਤੁਸੀਂ ਚੁੱਪ ਨਾ ਕਰੋ। ਤੁਹਾਡੀ ਤਾਂ ਕਲਾਮ ਦੇ ਅੰਦਰ ਕੋਈ ਤਾਸੀਰ ਸੀ, ਜਿਸਨੂੰ ਸੁਣ-ਸੁਣ ਕੇ ਮੇਰਾ ਦੁੱਖ ਦੂਰ ਹੋ ਗਿਆ, ਮੈਂ ਬਹੁਤ ਰਾਜ਼ੀ ਹੋ ਗਿਆ। ਉਸ ਤੋਂ ਬਾਅਦ ਮਹਾਰਾਜ ਜੀ, ਸਵੈ ਅਧਿਐਨ 'ਚ ਬੈਠੇ, ਆਸਾ ਜੀ ਦੀ ਵਾਰ ਦਾ ਕੀਰਤਨ ਹੋਇਆ, ਦਿਨ ਚੜ੍ਹ ਆਇਆ। ਰੁੜ੍ਹਦਾ-ਰੁੜ੍ਹਦਾ ਮਹਾਰਾਜ ਕੋਲ ਆ ਗਿਆ। ਕਹਿੰਦਾ, ਪਾਤਸ਼ਾਹ! ਇੱਥੇ ਤਾਂ ਮੇਰੇ ਨੇੜੇ-ਤੇੜੇ ਪੰਛੀ ਵੀ ਨਹੀਂ ਆਉਂਦਾ, ਕੋਈ ਤਰਸ ਕਰਕੇ ਮੈਨੂੰ ਰੋਟੀ ਦੇਵੇ ਤਾਂ ਬਾਂਸ ਨਾਲ ਬੰਨ੍ਹ ਕੇ ਡੱਬਾ ਟੀਨ ਦਾ ਉਹਦੇ 'ਚ ਰੱਖ ਜਾਂਦੇ ਨੇ, ਦੂਰੋਂ ਮਾਰਦੇ ਨੇ। ਮੇਰੇ ਤਾਂ ਕੋਲ ਕੋਈ ਨਹੀਂ ਆਉਂਦਾ। ਤੁਸੀਂ ਕਿੱਡੇ ਚੰਗੇ ਓਂ ਕਿ ਤੁਹਾਡੀ ਕਲਾਮ ਦੇ ਵਿਚ ਕਿੰਨਾ ਅਸਰ ਹੈ ਕਿ ਮੈਂ ਰਾਜ਼ੀ ਹੋ ਚੁੱਕਿਆ ਹਾਂ। ਕ੍ਰਿਪਾ ਕਰੋ, ਮੈਨੂੰ ਰਾਜ਼ੀ ਕਰ ਦਿਓ। ਮਹਾਰਾਜ ਕਹਿੰਦੇ, ਐਉਂ ਕਰ ਮਰਦਾਨਿਆਂ! ਕਪੜੇ ਲਾਹੋ ਇਹਦੇ, ਕਪੜੇ ਲਾਹੇ ਤੇ ਕੁੰਡ ਦੇ ਵਿਚ ਇਸ਼ਨਾਨ ਕਰਾਇਆ, ਮਹਾਰਾਜ ਜੀ ਨੇ ਜਿੱਥੇ ਆਪ ਇਸ਼ਨਾਨ ਕਰਿਆ ਸੀ। ਕੁੰਦਨ ਵਰਗਾ ਸਰੀਰ ਨਿਕਲ ਆਇਆ, ਖੂਬਸੂਰਤ ਸਰੀਰ ਨਿਕਲ ਆਇਆ। ਕਹਿੰਦੇ, ਜਾਹ ਹੁਣ ਸ਼ਹਿਰ ਵਿਚ ਜਾਹ। ਦਸ ਉਨ੍ਹਾਂ ਨੂੰ ਜਾ ਕੇ, ਸ਼ਹਿਰ ਵਿਚ ਜਾਂਦਾ ਹੈ, ਰੌਲਾ

ਪਾਉਂਦਾ ਫਿਰਦਾ ਹੈ ਕਿ ਔਹ ਜਿਹੜਾ ਫਕੀਰ ਤੁਸੀਂ ਰਾਤ ਨਠਾਏ ਸੀ ਨਾ ਬੈਠਣ ਨੂੰ ਥਾਂ ਨਹੀਂ ਦਿੱਤਾ। ਉਨ੍ਹਾਂ ਦੀ ਕਲਾਮ ਸੁਣ ਕੇ ਮੈਂ ਰਾਜ਼ੀ ਹੋ ਗਿਆ। ਔਗੁਣ ਤਾਂ ਮਹਾਰਾਜ ਨੇ ਵਿਚਾਰਿਆ ਨਹੀਂ ਕੋਈ ਵੀ ਉਹਦਾ ਕਿ ਇਹਨੇ ਪਾਪ ਕੀਤੇ ਨੇ। ਪਾਪਾਂ ਦਾ ਫਲ ਇਹਦਾ ਸਰੀਰ ਗਿਆ ਹੈ। ਸੋ ਇਹ ਸੇਵਾ ਹੈ ਪ੍ਰਮੇਸ਼ਰ ਦੀ, ਗੁਰੂਆਂ ਨੇ ਵੀ ਕੀਤੀ ਹੈ, ਗੁਰੂ ਘਰ ਦੇ ਅੰਦਰ ਪ੍ਰਵਾਨ ਹੈ -

***ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ ॥***
***ਅਉਗਣ ਸਭ ਮਿਟਾਇ ਕੈ ਪਰਉਪਕਾਰੁ ਕਰੇਇ ॥***

***ਅੰਗ - ੨੧੮***

ਗੁਰੂ ਦਸ਼ਮੇਸ਼ ਪਿਤਾ ਸਰਬ ਲੋਹ ਗ੍ਰੰਥ 'ਚ ਲਿਖਦੇ ਨੇ ਕਿ -

***ਆਇਆ ਤਾ ਕਾ ਸਫਲ ਹੈ ਪਰਉਪਕਾਰੀ ਹੋਇ।***
***ਦੁਖ ਸਹੈ ਸਿਰ ਆਪਨੇ ਸੁਖਲਾਈ ਸਭ ਕੋਇ।***

ਜਿਹੜਾ ਆਪਣੇ ਸਿਰ ਤੇ ਦੁਖ ਸਹਿ ਕੇ ਦੂਸਰਿਆਂ ਨੂੰ ਸੁਖ ਦਿੰਦਾ ਹੈ, ਕਹਿੰਦੇ ਉਹਦਾ ਆਉਣਾ ਸਫਲ ਹੁੰਦਾ ਹੈ। ਸੋ ਸਾਰ ਦੀ ਗੱਲ, ਤੱਤ ਦੀ ਗੱਲ ਲਿਖਦੇ ਨੇ ਸਾਰੀਆਂ ਚੀਜ਼ਾਂ ਦਾ ਸਾਰ ਹੈ ਕਿ ਸਿਮਰਨ ਕਰਨਾ। ਕੰਮ ਕਰਨ ਵਾਲੇ ਕੰਮਾਂ 'ਚੋਂ ਸਭ ਤੋਂ ਸ੍ਰੇਸ਼ਟ ਕੰਮ ਹੈ ਜਿਹੜਾ ਉਹ ਹੈ ਉਪਕਾਰ ਕਰਨਾ। ਇਨ੍ਹਾਂ ਦੋਨਾਂ ਤੋਂ ਬਗੈਰ ਜਿਹੜਾ ਮਨੁੱਖ ਦਾ ਤਨ ਹੈ, ਧਿਰਕਾਰਯੋਗ ਹੈ। ਪੂੰਛ ਤੇ ਸਿੰਗਾਂ ਤੋਂ ਬਗੈਰ ਉਹਦਾ ਜਨਮ ਜਿਹੜਾ ਹੈ ਉਹ ਮਨੁੱਖ ਦਾ ਨਹੀਂ ਹੈ, ਜਿਹੜਾ ਆਪਣੇ ਵਾਸਤੇ ਜੀਉਂਦਾ ਹੈ। ਕਹਿੰਦੇ ਉਹਦਾ ਜਨਮ ਜਿਹੜਾ ਹੈ ਉਹ ਮਨੁੱਖ ਦਾ ਨਹੀਂ ਹੈ, ਜਿਹੜਾ ਆਪਣੇ ਵਾਸਤੇ ਹੈ ਜੀਉਂਦਾ ਹੈ। ਕਹਿੰਦੇ ਉਹਦਾ ਜਨਮ ਜਿਹੜਾ ਹੈ ਪਸ਼ੂ ਦਾ ਜਨਮ ਹੈ। ਝਗੜੇ ਕਰਨ ਵਾਸਤੇ, ਫਜ਼ੂਲ ਗੱਲਾਂ, ਜਨਮ ਨੂੰ ਬਰਬਾਦ ਕਰਨ ਵਾਸਤੇ ਸੰਸਾਰ 'ਚ ਆਏ ਨੇ ਇਹ ਲੋਕ। ਕਹਿੰਦੇ ਘੁੱਟ ਕੇ ਫੜ ਲੈਣਾ ਹੈ ਜਮਦੂਤਾਂ ਨੇ ਅੰਤ ਵੇਲੇ, ਝੂਰਦਾ ਹੋਇਆ ਦੋਵੇਂ ਹੱਥ ਝਾੜਦਾ ਜਾਂਦਾ ਹੈ ਕਿ ਮੈਂ ਦੁਨੀਆਂ 'ਚ ਕੁਛ ਕਰਿਆ ਨਹੀਂ।

ਸੋ ਇਸ ਤਰ੍ਹਾਂ ਗੁਰੂ ਅੰਗਦ ਸਾਹਿਬ ਮਹਾਰਾਜ ਕਹਿਣ ਲੱਗੇ, ਭਾਈ ਗੁੱਜਰ! ਦੇਖ ਜਦੋਂ ਤੂੰ ਗਰੀਬ ਨੂੰ ਦੇਖੇਂ। ਗਰੀਬ ਨੂੰ ਦੇਖ ਕੇ ਉਹਦਾ ਕੰਮ ਮੁਫਤ ਹੀ ਕਰ ਦਿਆ ਕਰੀਂ। ਬਹੁਤਿਆਂ ਕੋਲ ਪੈਸਾ ਨਹੀਂ ਹੁੰਦਾ।

***ਪਿਖਹੁ ਗਰੀਬ ਕਾਜ ਕਰਿ ਦੀਜੈ।***
***ਨਹਿਂ ਤਿਸ ਨਿਕਟ ਮਜੂਰੀ ਲੀਜੈ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੪***

ਉਸ ਤੋਂ ਮਜੂਰੀ ਨਾ ਲਈਂ।

***ਗੁਰੂ ਨਮਿੱਤ ਕਰਹੁ ਜੁਤਿ ਪ੍ਰਤਿ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੪***

ਗੁਰੂ ਦੇ ਨਮਿੱਤ ਉਹਦਾ ਕੰਮ ਕਰ ਦੇਈਂ, ਸਾਡੇ ਕੋਲ ਉਹ ਪਹੁੰਚ ਜਾਏਗਾ, ਜਦੋਂ ਤੂੰ ਗਰੀਬ ਦਾ ਕੰਮ ਮੁਫਤ ਕਰੇਂਗਾ।

***ਦਯਾ ਕਰਹੁ ਦੀਨਨਿ ਪਰ ਨੀਤਿ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੪***

ਜਿਹੜੇ ਦੀਨ ਨੇ, ਦੁਖੀ ਨੇ ਉਨ੍ਹਾਂ ਦੇ ਉੱਤੇ ਦਇਆ ਕਰਿਆ ਕਰ।

***ਜੋ ਅਪਨੀ ਕਛੁ ਕਰਹੁ ਕਮਾਈ।***
***ਗੁਰ ਹਿਤ ਦਿਹੁ ਦਸਵੰਧ ਬਨਾਈ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੪***

ਜਿਹੜੀ ਤੂੰ ਆਪਣੀ ਕਮਾਈ ਕਰੇਂ, ਮਿਹਨਤ ਕਰਕੇ, ਉਹਦੇ ਵਿਚ ਗੁਰੂ ਦਾ ਦਸਵਾਂ ਹਿੱਸਾ ਹੁੰਦਾ ਹੈ। ਗੁਰੂ ਦੇ ਵਾਸਤੇ ਦਸਵੰਧ ਦੇ ਦਿਆ ਕਰ।

ਹੁਣ ਕਿਸਾਨ ਹੈ ਜਿਹੜਾ, ਜੇ ਸੌ ਰੁਪਏ ਦੀ ਜੇ ਚੀਜ਼ ਵੇਚਦਾ ਹੈ ਤਾਂ ਇੱਕ ਰੁਪਿਆ ਗੁਰੂ ਦੇ ਨਮਿੱਤ ਆਉਂਦਾ ਹੈ। ਕਿਉਂਕਿ ਦਸਵਾਂ ਹਿੱਸਾ ਉਹਨੂੰ ਬਚਦਾ ਹੈ, ਜਿਹੜਾ ਪੈਸਾ ਉਹਨੂੰ ਬਚਦਾ ਹੈ ਉਹਦੇ 'ਚ ਦਸਵਾਂ ਹਿੱਸਾ ਗੁਰੂ ਦਾ ਹੈ। ਦੁਕਾਨਦਾਰ ਹੈ, ਸੌ ਰੁਪਿਆ ਬਚਦਾ ਹੈ 25% ਮੁਨਾਫਾ ਲੈਂਦਾ ਹੈ ਆਮ ਤੌਰ 'ਤੇ, 35% ਵੀ ਲੈਂਦੇ ਨੇ, 50% ਵੀ ਲੈਂਦੇ ਨੇ, ਇੰਗਲੈਂਡ ਵਗੈਰਾ 'ਚ ਸੌ ਦਾ ਸੌ ਵੀ ਲੈਂਦੇ ਨੇ। ਖਰਚੇ ਕੱਢ ਕੇ ਉਸਨੂੰ 15% ਬਚਦਾ ਹੈ, ਡੇਢ ਰੁਪਿਆ ਦੁਕਾਨਦਾਰ ਦਾ ਗੁਰੂ ਨਮਿੱਤ ਸੌ ਰੁਪਏ ਦੀ ਵੱਟ 'ਚੋਂ ਬਣਦਾ ਹੈ। ਜਿਹੜੇ ਇਸ ਤਰ੍ਹਾਂ ਗੋਲਕਾਂ ਘਰਾਂ ਵਿਚ ਰੱਖਦੇ ਨੇ, ਉਹਦੇ ਘਰ 'ਚ ਵਾਧਾ ਹੁੰਦਾ ਹੈ। ਜਿਹੜੇ ਗੁਰੂ ਦਾ ਵੀ ਖਾ ਜਾਂਦੇ ਨੇ, ਉਨ੍ਹਾਂ ਦੇ ਘਰ ਵਿਚ ਹੌਲੀ-ਹੌਲੀ ਦਲਿੱਦਰ ਆ ਜਾਂਦਾ ਹੈ। ਫੇਰ ਤੁਰੇ ਫਿਰਦੇ ਨੇ ਕਿ ਬਾਬਾ ਜੀ! ਬਰਕਤ ਨਹੀਂ ਪੈਂਦੀ। ਓ ਭਾਈ! ਗੁਰੂ ਦਾ ਤਾਂ ਤੁਸੀਂ ਖਾਈ ਜਾਂਦੇ ਓਂ। ਬਰਕਤ ਕਿੱਥੋਂ ਆਏਗੀ।

***ਸਾਧਿਕ ਸਿੱਖ ਅਇ ਜੋ ਡੇਰੇ।***
***ਕਰਹੁ ਸੇਵ ਧਰਿ ਪ੍ਰੇਮ ਘਨੇਰੇ।***

***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੪***

ਜੋ ਕੋਈ ਬੰਦਗੀ ਕਰਨ ਵਾਲਾ ਡੇਰੇ ਆ ਜਾਵੇ, ਉਸ ਦੀ ਪ੍ਰੇਮ ਨਾਲ ਸੇਵਾ ਕਰੇ। ਜੇ ਉਹ ਦੇਰ ਨਾਲ ਵੀ ਆਇਆ ਹੈ, ਪ੍ਰਸ਼ਾਦਾ ਵੀ ਪੱਕ ਚੁੱਕਿਆ ਹੈ ਵਰਤ ਚੁੱਕਿਆ ਹੈ ਫੇਰ ਵੀ ਪ੍ਰਸ਼ਾਦਾ ਬਣਾ ਕੇ ਉਸ ਦੀ ਸੇਵਾ ਕਰੋ। ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਦੇਖੋ ਭਾਈ, ਧਰਮ ਦੀ ਕਿਰਤ ਕਰਨੀ ਹੈ, ਹਿਰਦੇ ਵਿਚ ਪ੍ਰੀਤੀ ਰੱਖਣੀ ਹੈ ਵਾਹਿਗੁਰੂ ਦੀ ਤੇ ਨਾਲ ਦੇ ਨਾਲ ਚਿੱਤ ਜੋੜਨਾ ਹੈ। ਹੱਥਾਂ ਪੈਰਾਂ ਨਾਲ ਕੰਮ ਕਰੋ ਤੇ ਚਿੱਤ ਪ੍ਰਮੇਸ਼ਰ ਦੇ ਨਾਮ ਨਾਲ ਲਾਓ -

***ਧਾਰਨਾ - ਚਿੱਤ ਹਰੀ ਦੇ ਨਾਮ ਨਾਲ ਲਾਈਏ,***
***ਹੱਥੀ ਪੈਰੀ ਕੰਮ ਕਰੀਏ।***

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥ ਅੰਗ - ੧੩੭੬***

ਸੋ ਭਾਈ ਗੁੱਜਰ! ਹੱਥਾਂ ਦੇ ਨਾਲ ਸੇਵਾ ਕਰਨੀ ਹੈ, ਧਰਮ ਦੀ ਕਿਰਤ ਕਰਨੀ ਹੈ ਤੇ ਮਨ ਦੇ ਅੰਦਰ ਪ੍ਰਮੇਸ਼ਰ ਦੀ ਯਾਦ ਹਰ ਵਕਤ ਜਾਰੀ ਰੱਖਣੀ ਹੈ। ਸੋ ਇਸ ਤਰ੍ਹਾਂ ਪਰਉਪਕਾਰ ਕਰਨਾ ਹੈ।

ਮਹਾਤਮਾ ਬੁੱਧ ਤੁਰੇ ਜਾਂਦੇ ਨੇ, ਦੇਖਿਆ ਕਿ ਰੂੜ੍ਹੀਆਂ ਦੇ ਉੱਥੇ ਵੇਸਵਾ ਸੁੱਟੀ ਪਈ ਹੈ ਓਹੀ। ਖੱਘਿਆ ਕੇ ਬੋਲੀ ਮਹਾਤਮਾ ਜੀ! ਮੇਰੇ ਕੋਲ ਵੀ ਆ ਜਾਓ। ਕਹਿੰਦੇ, ਲੈ ਬੀਬੀ! ਅਸੀਂ ਅੱਜ ਵਾਅਦਾ ਪੂਰਾ ਕਰਨਾ ਹੈ। ਅੱਜ ਤੇਰੇ ਕੋਲ ਆਉਣਾ ਹੈ। ਕਿਉਂਕਿ ਅੱਜ ਸਮਾਂ ਆ ਗਿਆ, ਸਾਡਾ ਤੇਰੇ ਕੋਲ ਆਉਣ ਦਾ। ਮਹਾਤਮਾ ਨੇ ਕੱਪੜੇ ਦੇ ਨਾਲ ਉਹਦੇ ਜ਼ਖਮ ਸਾਫ ਕਰੇ, ਨਾਲਦਿਆਂ ਨੂੰ ਕਿਹਾ ਕਿ ਵਸਤਰ ਦਿਓ ਇਹਦੇ ਉਤੇ। ਆਸ਼ਰਮ 'ਚ ਲੈ ਚੱਲੋ, ਜਾ ਕੇ ਸੇਵਾ ਕਰੀ ਓਹਦੀ। ਪ੍ਰਮੇਸ਼ਰ ਦੇ ਨਾਲ ਜੋੜੀ ਤੇ ਔਗੁਣ ਸਾਰੇ ਕੱਢ ਦਿੱਤੇ। ਐਸਾ ਇਤਿਹਾਸ 'ਚ ਆਉਂਦਾ ਹੈ ਕਿ ਓਸ ਵੇਸਵਾ ਨੇ ਐਨਾ ਬੁੱਧ ਧਰਮ ਦਾ ਪ੍ਰਚਾਰ ਕਰਿਆ ਕਿ ਨਾ ਦਿਨੇ ਟਿਕੇ, ਨਾ ਰਾਤ ਟਿਕੇ। ਉਹ ਪਰਉਪਕਾਰ ਕਰਕੇ ਅਧੂਰਾ ਨਹੀਂ ਛੱਡਦੇ ਪ੍ਰਮੇਸ਼ਰ ਵਲ ਲਾਉਂਦੇ ਨੇ।

ਸੋ ਇਸ ਤਰ੍ਹਾਂ ਦੇ ਨਾਲ ਮਹਾਰਾਜ ਕਹਿੰਦੇ ਐਸਾ ਜੀਵਨ ਗੁਰਸਿੱਖ ਬਤੀਤ ਕਰੇ, ਸਾਧੂਆਂ ਵਰਗਾ। ਸੋ ਮਹਾਰਾਜ ਜੀ ਨੇ ਫੁਰਮਾਨ ਕਰਿਆ ਕਿ ਇਸ ਤਰ੍ਹਾਂ ਦੇ ਨਾਲ ਤੁਸੀਂ ਰਹਿਣਾ। ਸਮਾਂ ਬੀਤਦਾ ਚਲਿਆ ਗਿਆ, ਸਤਿਸੰਗ 'ਚ ਆਉਂਦੇ ਨੇ, ਆ ਕੇ ਸੇਵਾ ਕਰਦੇ ਨੇ। ਗੁਰੂ ਮਹਾਰਾਜ ਦੇ ਬਚਨ ਸੁਣਦੇ ਨੇ, ਦਿਨੋ ਦਿਨ ਨਾਮ ਦੀ ਸੁਰਤ ਚੜ੍ਹਦੀ ਜਾਂਦੀ ਹੈ। ਰਸਨਾ ਦੇ ਨਾਲ ਨਾਮ ਜਪਦੇ-ਜਪਦੇ ਸਵਾਸ 'ਤੇ ਆਇਆ, ਸਵਾਸ ਦਾ ਨਾਮ ਹਿਰਦੇ 'ਚ ਗਿਆ। ਹਿਰਦੇ ਦਾ ਨਾਭੀ 'ਚ ਗਿਆ, ਨਾਭੀ ਦਾ ਆਗਿਆ ਚੱਕਰ 'ਚ ਹੈ। ਉਪਾਸ਼ਨਾ ਦੇ ਦਰਜੇ 'ਚ ਆ ਗਏ, ਇਸ ਤਰ੍ਹਾਂ ਸੁਰਤ ਚੜ੍ਹਦੀ ਜਾਂਦੀ ਹੈ। ਅੰਦਰੋਂ ਨਰੋਆਪਨ ਆ ਗਿਆ, ਮੈਲ ਕੱਟੀ ਗਈ। ਜ਼ਿੰਦਗੀ-ਮੌਤ ਦੀ ਸੋਝੀ ਆ ਗਈ ਕਿ ਗੁਰਸਿੱਖ ਤਾਂ ਮਰਿਆ ਹੀ ਨਹੀਂ ਕਰਦਾ। ਇੱਕ ਦਿਨ ਆਪ ਘਰ ਵਿਚ ਨੇ ਤੇ ਉਥੇ ਆਵਾਜ਼ ਆਈ ਬਾਹਰੋਂ ਕਿ ਭਾਈ ਗੁੱਜਰ! ਦਰਵਾਜ਼ਾ ਖੋਲ੍ਹੋ। ਦਰਵਾਜ਼ਾ ਖੋਲ੍ਹਿਆ ਤਾਂ ਕੀ ਦੇਖਦੇ ਨੇ ਕਿ ਦੋ ਭਲੇ ਪੁਰਸ਼! ਉਸੇ ਪਿੰਡ ਦੇ ਜੋ ਸਾਧੂ ਸੀਗੇ, ਦੋਵੇਂ ਖੜ੍ਹੇ ਨੇ, ਯਾਦ ਆ ਗਿਆ ਕਿ ਇਨ੍ਹਾਂ ਨੂੰ ਤਾਂ ਫੜ ਕੇ ਲੈ ਗਈ ਸੀ ਪੁਲਿਸ, ਉਨ੍ਹਾਂ ਵਲ ਧਿਆਨ ਨਾਲ ਦੇਖਿਆ ਕਿ ਮਹਾਂਪੁਰਸ਼ੋ! ਮੇਰੇ ਮਨ 'ਚ ਬੜਾ ਆਉਂਦਾ ਸੀ ਕਿ ਤੁਹਾਨੂੰ ਬੇਗੁਨਾਹਾਂ ਨੂੰ ਫੜ ਲਿਆ। ਕਹਿੰਦੇ, ਭਾਈ ਗੁੱਜਰ! ਤੂੰ ਗੁਰੂ ਦਾ ਸਿੱਖ ਹੈਂ, ਅਸੀਂ ਜੇਲ੍ਹ 'ਚੋਂ ਤਾਂ ਆ ਗਏ ਕਿਸੇ ਤਰ੍ਹਾਂ, ਪਰ ਸਾਡੇ ਹੱਥਾਂ ਪੈਰਾਂ ਨੂੰ ਬੇੜੀਆਂ, ਹੱਥਕੜੀਆਂ ਲੱਗੀਆਂ ਹੋਣ ਕਰਕੇ ਸਾਨੂੰ ਫੇਰ ਫੜ ਲਿਆ ਜਾਏਗਾ। ਸਾਡੇ ਆਹ ਬੰਧਨ ਤੂੰ ਕੱਟ ਦੇ, ਅਸੀਂ ਆਹ ਬਿਆਸਾ ਪਾਰ ਚਲੇ ਜਾਵਾਂਗੇ। ਤੈਨੂੰ ਤਾਂ ਪਤਾ ਹੈ ਨਾ ਅਸੀਂ ਬੇਕਸੂਰ ਹਾਂ। ਕਹਿੰਦਾ, ਹਾਂ ਮੈਨੂੰ ਪਤਾ ਹੈ ਤੁਸੀਂ ਬੇਕਸੂਰ ਹੋ। ਇਸ ਤਰ੍ਹਾਂ ਬੇਨਤੀ ਕਰਦੇ ਨੇ -

***ਧਾਰਨਾ - ਕੱਟ ਦੇ ਬੰਧਨ ਮੇਰੇ ਤੈਨੂੰ ਵਾਸਤਾ ਗੁਰਾਂ ਦਾ।***

ਕਹਿਣ ਲੱਗੇ, ਭਾਈ ਗੁੱਜਰ! ਅੱਜ ਨੇੜੇ ਤੇੜੇ ਕੋਈ ਬੰਦਾ ਨਹੀਂ ਜਿਹੜਾ ਇਹ ਹਿੰਮਤ ਕਰ ਸਕੇ ਕਿ ਸਾਡੀਆਂ ਹੱਥਕੜੀਆਂ ਤੇ ਬੇੜੀਆਂ ਕੱਟ ਦੇਵੇ।

***ਪ੍ਰਭੁ ਨਮਿੱਤ ਦਿਹੁ ਬੰਧਨ ਕਾਟਿ।***
***ਤੁਝ ਕੋ ਹੋਇ ਨ ਜਮ ਕੀ ਬਾਟ।***
***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫***

ਬੰਦਗੀ ਕਰਨ ਵਾਲੇ ਸੀ, ਪੂਰੇ ਮਹਾਂਪੁਰਸ਼ ਸੀ, ਕਹਿਣ ਲੱਗੇ, ਸਾਨੂੰ ਬੇਗੁਨਾਹਾਂ ਨੂੰ ਫੜ ਕੇ ਅੰਦਰ ਦੇ ਦਿੱਤਾ ਹੈ। ਸਾਡੇ ਬੰਧਨ ਕੱਟ ਦੇ, ਆਪਣੇ ਗੁਰੂ ਵਾਸਤੇ, ਆਪਣੇ ਵਾਹਿਗੁਰੂ ਵਾਸਤੇ ਕੱਟ ਦੇ। ਓਸ ਵੇਲੇ ਸੋਚਣਾ ਸ਼ੁਰੂ ਕਰ ਦਿੱਤਾ ਕਿ ਜੇ ਮੈਂ ਬੰਧਨ ਕੱਟ ਦਿੱਤੇ, ਰਾਜਾ ਬੜਾ ਜ਼ਾਲਮ ਹੈ, ਇਹ ਫੜ ਕੇ ਮੈਨੂੰ ਕਿੰਨੀ ਕੁ ਸਜ਼ਾ ਦਏਗਾ, ਕੋਈ ਅੰਦਾਜ਼ੇ ਤੋਂ ਬਾਹਰ ਹੈ। ਲੇਕਿਨ ਨਾਲ ਦੀ ਨਾਲ ਹੌਂਸਲਾ ਕਰਦੇ ਨੇ ਕਿ ਮਨਾਂ! ਗੁਰੂ ਨੇ ਤਾਂ ਕਿਹਾ ਕਿ ਪਰਉਪਕਾਰ ਕਰੀਂ ਤੇ ਫੇਰ ਇਹ ਬੇਗੁਨਾਹ ਬੰਦੇ ਨੇ, ਇਹ ਦੋ ਨੇ, ਜੇ ਇਨ੍ਹਾਂ ਦੋਹਾਂ ਦੀ ਖਾਤਰ ਮੈਨੂੰ ਕੁਛ ਹੋ ਗਿਆ ਤਾਂ ਮੈਂ ਗੁਰੂ ਦੇ ਬਚਨ ਵਾਸਤੇ ਆਪਣਾ ਆਪ ਵਾਰਾਂਗਾ, ਐਸ ਤਰ੍ਹਾਂ ਮਨ ਨਾਲ ਗੱਲ ਕਰਦੇ ਨੇ -

***ਧਾਰਨਾ - ਕਿਤੇ ਡੋਲ ਨਾ ਜਾਈਂ ਓ ਮਨਾਂ ਮੇਰਿਆ,***
***ਬਚਨ ਕਮਾ ਲੈ ਗੁਰਾਂ ਦਾ।***

ਸੋਚਦੇ ਨੇ ਮਨ ਦੇ ਅੰਦਰ ਕਿ ਜੇ ਮੈਂ ਹੱਥਕੜੀ ਤੇ ਬੇੜੀ ਕੱਟ ਦਿੱਤੀ, ਕੱਲ੍ਹ ਨੂੰ ਪੁਲਿਸ ਨੂੰ ਲਗ ਗਿਆ ਪਤਾ ਤਾਂ ਫੇਰ ਕੀ ਹੋਏਗਾ ਮੇਰੇ ਨਾਲ? ਮੈਂ ਕਾਰਾਗਾਰ 'ਚ ਹੋਵਾਂਗਾ ਤੇ ਬੱਚਿਆਂ ਸਮੇਤ ਹੋਵਾਂਗਾ। ਦੂਸਰੇ ਪਾਸੇ ਗੁਰੂ ਦਾ ਬਚਨ ਖੜ੍ਹਾ ਹੈ ਕਿ ਬੇਗੁਨਾਹ ਦੀ ਮਦਦ ਕਰੀਂ। ਆਪਣੇ ਆਪ ਨੂੰ ਵਿਗਾੜ ਕੇ ਵੀ, ਦੂਸਰੇ ਦਾ ਜੇ ਠੀਕ ਹੁੰਦਾ ਹੈ, ਇਹ ਵੀ ਕੰਮ ਕਰ ਲੈਣਾ ਚਾਹੀਦਾ ਹੈ।

***ਸੁਨਿ ਕਰਿ ਸੁਕਚਯੋ ਰਿਦੇ ਬਿਸਾਲਾ।***
***ਜੇ ਮੁਝ ਜਾਨ ਲੇਹਿ ਮਹਿਪਾਲਾ।***
***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫***

ਜੇ ਜਾਣ ਗਿਆ ਰਾਜਾ ਕਿ ਮੈਂ ਕੱਟੀਆਂ ਨੇ ਹੱਥਕੜੀਆਂ ਤੇ ਬੇੜੀਆਂ, ਸਾਰੇ ਪਰਿਵਾਰ, ਬਾਲ-ਬੱਚਿਆਂ ਨੂੰ, ਛੋਟੇ-ਛੋਟਿਆਂ ਨੂੰ, ਸਾਰਿਆਂ ਨੂੰ ਉਹਨੇ ਤਾਂ ਫੜ ਕੇ ਲੈ ਜਾਣਾ ਹੈ।

***ਗਹਿ ਲੈਹੈ ਸਗਰੋ ਪਰਵਾਰਾ।***
***ਜ਼ਾਲਮ ਬਡੋ ਕਰਾਵਹਿ ਮਾਰਾ।***
***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫***

ਐਨੀ ਮਾਰ ਕਰਾਏਗਾ ਕਿ ਹੱਡੀਆਂ ਤੋੜ ਦਏਗਾ। ਚੁੱਪ ਕਰ ਗਏ, ਲੇਕਿਨ ਅੰਦਰੋਂ ਆਵਾਜ਼ ਆਈ ਕਿ ਇਹ ਤਨ ਸਦਾ ਨਹੀਂ ਰਹਿਣਾ, ਇਹਨੂੰ ਕਿਸੇ ਲੇਖੇ ਵਿਚ ਲਾ ਲੈ। ਫੇਰ ਅੰਦਰੋਂ ਤਕੜਾ ਹੋਇਆ -

***ਤ੍ਰਾਸ ਪਾਇ ਕਰਿ ਬਹੁਤ ਬਿਚਾਰਾ।***
***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫***

ਪਹਿਲਾਂ ਡਰ ਗਿਆ ਫੇਰ ਵਿਚਾਰ ਕਰੀ -

***ਗੁਰੂ ਮੁਝ ਪ੍ਰਤਿ ਉਪਦੇਸ਼ ਉਚਾਰਾ।***
***ਪ੍ਰਭੁ ਨਮਿੱਤ ਕਾਰਜ ਕਰਿ ਦੀਜੈ।***
***ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫***

ਮੈਨੂੰ ਤਾਂ ਗੁਰੂ ਅੰਗਦ ਪਾਤਸ਼ਾਹ ਨੇ ਉਪਦੇਸ਼ ਦਿੱਤਾ ਸੀ ਜੇ ਮੈਂ ਉਨ੍ਹਾਂ ਦਾ ਬਚਨ ਨਹੀਂ ਕਮਾਉਂਦਾ, ਸਰੀਰ ਛੁੱਟ ਜਾਣਾ ਤਾਂ ਕੋਈ ਗੱਲ ਨਹੀਂ, ਫੇਰ ਤਾਂ ਮੈਂ ਦਰਗਾਹ 'ਚ ਜਾ ਕੇ ਝੂਠਾ ਹੋ

ਜਾਵਾਂਗਾ, ਧੱਕਿਆ ਜਾਵਾਂਗਾ ਗੁਰੂ ਦੀ ਦਰਗਾਹ 'ਚ ਕਿਉਂਕਿ ਮੈਂ ਬਚਨ ਨਹੀਂ ਕਮਾਇਆ।

*ਪ੍ਰਭੁ ਨਮਿੱਤ ਕਾਰਜ ਕਰਿ ਦੀਜੈ।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫*

ਪ੍ਰਭੂ ਦੇ ਨਮਿੱਤ ਇਸ ਕੰਮ ਨੂੰ ਕਰ ਦੇ ਇਹ ਤੂੰ।

*ਨਹੀ ਬਿਲੰਬ ਕਿਸੀ ਬਿਧਿ ਕੀਜੈ।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫*

ਹੁਣ ਤੂੰ ਦੇਰ ਨਾ ਕਰ, ਕੀ ਪਤਾ ਮਗਰ ਪੁਲਿਸ ਲੱਗੀ ਆਉਂਦੀ ਹੋਵੇ ਤੇ ਇੱਥੇ ਹੀ ਫੜੇ ਜਾਣ ਵਿਚਾਰੇ। ਹੋ ਜਾਵੇ ਜਿਹੜਾ ਕੁਛ ਹੋਣਾ ਹੈ -

*ਧਾਰਨਾ - ਜੋ ਹੋਣਾ ਸੋ ਹੋਵੇ ਜੀ*
*ਸਿਦਕੋਂ ਨਾ ਤੂੰ ਡੋਲ੍ਹੀਂ ਮਨਾ ਓਏ।*

ਵਿਚਾਰ ਕਰਦਾ ਹੈ ਕਿ ਇੱਕ ਪਾਸੇ ਮੇਰੇ ਸਤਿਗੁਰੂ ਦਾ, ਦੀਨ ਦੁਨੀਆਂ ਦੇ ਮਾਲਕ ਦਾ ਹੁਕਮ ਹੈ, ਇੱਕ ਪਾਸੇ ਇੱਕ ਨਿੱਕੇ ਜਿਹੇ ਰਾਜੇ ਦਾ ਹੁਕਮ ਹੈ ਤੇ ਦੋਹਾਂ ਵਿਚੋ ਮੈਂ ਕੀਹਦਾ ਹੁਕਮ ਮੰਨਾਂ। ਮੇਰਾ ਗੁਰੂ ਕਹਿੰਦਾ ਹੈ, ਗਰੀਬ ਦਾ ਕੰਮ ਕਰ ਦੇਈਂ, ਬੇਗੁਨਾਹਾਂ ਦੀ ਮਦਦ ਕਰੀਂ ਤੇਰਾ ਚਾਹੇ ਕੁਛ ਵਿਗੜ ਹੀ ਜਾਵੇ।

*ਸੋ ਨਹਿਂ ਛੋਡੋਂ, ਹੋਇ ਸੁ ਹੋਇ।*
*ਸੰਤ ਕਹੇ ਲੋਕਨ ਸੁਖ ਦੋਇ।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫*

ਸੰਤ ਇਹ ਬਚਨ ਕਰਦੇ ਨੇ ਪੂਰੇ ਮਹਾਤਮਾ ਕਿ ਇੱਥੇ ਵੀ ਸੁਖੀ ਰਹੇਂਗਾ, ਦਰਗਾਹ ਵਿਚ ਵੀ ਸੁਖੀ ਰਹੇਂਗਾ।

*ਇਮ ਬਿਚਾਰਿ ਕਰਿ ਬਿਲਮ ਨ ਕੀਨ।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫*

ਇਹ ਵਿਚਾਰ ਆਉਂਦੇ ਸਾਰ, ਉਸ ਵੇਲੇ ਹਥੌੜੀ ਲੈ ਲਈ, ਛੈਣੀ ਲੈ ਲਈ -

*ਉਠਿ ਤਤਕਾਲ ਕਾਟ ਕਰਿ ਦੀਨ।*
*ਆਸ਼ਿਖ ਦੇਤਿ ਗਏ ਨਿਜ ਦੇਸ਼।*
*ਉਪਜਯੋ ਇਸਕੇ ਗਯਾਨ ਵਿਸ਼ੇਸ਼।*

*ਸ੍ਰੀ ਗੁ. ਪ੍ਰ. ਸੂਰਜ ਗ੍ਰੰਥ - ਪੰਨਾ - ੧੩੫੫*

ਸਤਿਲੁਜ ਤੋਂ ਪਾਰ ਦੇ ਸਾਧੂ ਸੀਗੇ ਉਹ। ਅਸੀਸਾਂ ਦਿੰਦੇ ਹੋਏ, ਕਿ ਧੰਨ ਹੈਂ ਗੁਰਸਿੱਖਾ ਜਿਹਨੇ ਗੁਰੂ ਦਾ ਬਚਨ ਕਮਾ ਲਿਆ। ਗੁਰਸਿੱਖੀ ਧੰਨ ਹੈ, ਤੇਰਾ ਗੁਰੂ ਧੰਨ ਹੈ ਜਿਹੜਾ ਸੰਸਾਰ ਦੇ ਅੰਦਰ ਇਹ ਮਤ ਦਿੰਦਾ ਹੈ ਕਿ ਗਰੀਬ ਦੀ ਮਦਦ ਕਰੋ, ਲਾਚਾਰ ਦੀ ਮਦਦ ਕਰੋ, ਆਪਣਾ ਵੀ ਵਿਗਾੜ ਕੇ ਦੂਸਰੇ ਦਾ ਸੰਵਾਰੋ। ਧੰਨ ਹੈਂ ਤੂੰ। ਇਸ ਤਰ੍ਹਾਂ ਅਸੀਸਾਂ ਦਿੰਦੇ ਹੋਏ ਉਹ ਚਲੇ ਗਏ।

ਸੋ ਸਾਧਸੰਗਤ ਜੀ! ਇਹ ਗੱਲ ਬੜੀ ਔਖੀ ਹੈ, ਸੁਖਾਲੀ ਨਹੀਂ ਹੈ। ਮਹਾਰਾਜ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਡੇਰਾ ਨੀਂ ਜਿੰਦੇ*
*ਸਿਰ ਤੋਂ ਪਰ੍ਹੇ ਹੈ ਪ੍ਰੇਮ ਵਾਲਾ।*

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ - ੧੪੧੨*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ - ੧੧੦੨*

ਗੁਰੂ ਸੱਤਵੇਂ ਪਾਤਸ਼ਾਹ ਮਹਾਰਾਜ ਦਰਬਾਰ ਲੱਗਿਆ ਹੋਇਆ ਹੈ ਆਪ ਦਾ। ਦੂਰ-ਦਰਾਜ਼ ਤੋਂ ਸੰਗਤਾਂ ਆਈਆਂ ਹੋਈਆਂ ਨੇ। ਧੀਰਮੱਲ, ਵੱਡੇ-ਵੱਡੇ ਗੁਰਸਿੱਖ, ਹੋਰ ਮਸੰਦ ਵੀ ਦੀਵਾਨ ਵਿੱਚ ਆ ਕੇ ਬੈਠੇ ਨੇ। ਵਿਚਾਰ ਚੱਲ ਰਹੀ ਹੈ ਪਰਉਪਕਾਰ ਦੀ ਕਿ ਪਰਉਪਕਾਰ ਸਿੱਖੀ ਵਿਚ ਬਹੁਤ ਵੱਡੀ ਚੀਜ਼ ਹੈ। ਮਹਾਰਾਜ ਬੈਠੇ ਸੁਣ ਰਹੇ ਨੇ, ਆਪਣੇ ਆਪ ਬਚਨ ਹੋ ਰਹੇ ਨੇ ਤੇ ਏਨੇ ਨੂੰ ਖਬਰ ਆਈ ਕਿ ਕਿਸੇ ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ ਤੇ ਉਹ ਬ੍ਰਾਹਮਣ ਆਪਣੇ ਮਰੇ ਹੋਏ ਲੜਕੇ ਨੂੰ ਲੈ ਕੇ ਦੀਵਾਨ ਦੇ ਸਾਮ੍ਹਣੇ ਬੈਠਾ ਹੈ ਤੇ ਮਹਾਰਾਜ ਕੋਲ ਬੇਨਤੀਆਂ ਕਰਦਾ ਹੈ ਕਿ ਜੀਉਂਦਾ ਕਰ ਦਿਓ। ਪਰਉਪਕਾਰ ਦੀ ਬਾਤ ਚੱਲ ਰਹੀ ਸੀ ਤੇ ਉਹ ਜਿਹੜੇ ਵੱਡੇ-ਵੱਡੇ ਮੁਖੀ ਸੀ, ਉਹ ਕਹਿਣ ਲੱਗੇ, ਸੱਚੇ ਪਾਤਸ਼ਾਹ! ਬ੍ਰਾਹਮਣ ਦਾ ਲੜਕਾ ਚੜ੍ਹਾਈ ਕਰ ਗਿਆ ਤੇ ਉਹ ਇਹ ਗੱਲ ਕਹਿੰਦਾ ਹੈ ਕਿ ਜੀਉਂਦਾ ਕਰ ਦਿਓ। ਮਹਾਰਾਜ ਜੀ ਚੁੱਪ ਨੇ। ਉਨ੍ਹਾਂ ਦੇ ਮਨ ਦੇ ਅੰਦਰ ਦੂਸਰੀ ਗੱਲ ਚੱਲ ਰਹੀ ਹੈ ਕਿ ਇੱਥੇ ਧੀਰਮੱਲ ਆਇਆ ਹੋਇਆ ਹੈ ਤੇ ਇਹਨੂੰ ਵੀ ਪਤਾ ਲੱਗੇਗਾ ਕਿ ਗੁਰੂ ਮਹਾਰਾਜ ਕਿੰਨੇ ਸਮਰੱਥ ਨੇ। ਆਹ ਮਨ ਵਿਚ ਗੱਲ ਚੱਲ ਰਹੀ ਹੈ ਪਰਉਪਕਾਰ ਵਾਲੀ ਗੱਲ ਤਾਂ ਦੂਸਰੇ ਪਾਸੇ ਰਹਿ ਗਈ। ਬਾਰ-ਬਾਰ ਜ਼ਿਕਰ ਕਰ ਰਹੇ ਨੇ, ਮਹਾਰਾਜ ਕਹਿੰਦੇ ਪ੍ਰੇਮੀਓ! ਜੇ ਇਸ ਤਰ੍ਹਾਂ ਆਪਾਂ ਜੀਉਂਦੇ ਕਰਨ ਦਾ ਕੰਮ ਸ਼ੁਰੂ ਕਰ ਲਿਆ ਤਾਂ ਇੱਥੇ ਰਾਜਿਆਂ ਰਾਣਿਆਂ ਨੇ ਮਰਨਾ ਹੈ, ਇਹ ਤਾਂ ਗਰੀਬ ਬ੍ਰਾਹਮਣ ਹੈ ਲੈ ਆਇਆ। ਉਹ ਤਾਂ ਇੱਥੇ ਹੀ ਬਹਿ ਜਾਣਗੇ ਕੈਂਪ ਲਾ ਕੇ, ਫੇਰ ਰੱਬ ਦੇ ਸ਼ਰੀਕ ਬਣ ਗਏ ਆਪਾਂ, ਮਰੀ ਜਾਣਗੇ ਆਪਾਂ ਜੀਉਂਦੇ ਕਰੀ ਜਾਵਾਂਗੇ। ਇਹ ਕੰਮ ਨਹੀਂ ਕਰਨਾ, ਅਟੱਲ ਰਾਇ ਜੀ ਨੇ ਕਰਿਆ ਸੀ ਉਨ੍ਹਾਂ ਨੂੰ ਆਪਣਾ ਸਰੀਰ ਦੇਣਾ ਪਿਆ। ਸਾਡੇ ਪਿਤਾ ਜੀ ਨੇ ਗਊ ਜੀਉਂਦੀ ਕਰੀ ਸੀ ਉਨ੍ਹਾਂ ਨੂੰ ਆਪਣਾ ਸਰੀਰ ਜਾ ਕੇ ਦੇਣਾ ਪਿਆ। ਸੋ ਇਹ ਪ੍ਰਵਾਨ ਨਹੀਂ ਹੈ ਗੁਰੂ ਘਰ ਦੇ ਅੰਦਰ, ਭਾਣੇ ਦੇ ਵਿੱਚ ਦਖਲ ਅੰਦਾਜ਼ੀ ਹੈ।

ਕਹਿੰਦੇ, ਨਹੀਂ, ਸੱਚੇ ਪਾਤਸ਼ਾਹ! ਤੁਸੀਂ ਤਾਂ ਆਪ ਪ੍ਰਮੇਸ਼ਰ ਓਂ, ਤੁਹਾਡੇ ਵਿਚ ਤੇ ਪ੍ਰਮੇਸ਼ਰ ਵਿਚ ਤਾਂ ਫਰਕ ਹੀ ਨਹੀਂ ਕੋਈ। ਸੁਖਾਲੀ ਜਿਹੀ ਗੱਲ ਕਹਿ ਦਿੰਦੇ ਨੇ, ਗੱਲ ਪਛਾਣਨੀ ਹੈ ਨਹੀਂ, ਗੱਲ ਕਹਿ ਦਿੰਦੇ ਨੇ।

ਪਿਆਰ ਤਾਂ ਓਹੀ ਹੁੰਦਾ ਹੈ ਕਿ ਉਸਦੀ ਮਰਜ਼ੀ 'ਚ ਰਹੋ

ਜਿਹਨੂੰ ਪਿਆਰ ਕਰਦੇ ਹਾਂ। ਜੇ ਆਪਣੀ ਮਰਜ਼ੀ ਚੱਲਣੀ ਹੈ ਫੇਰ ਪਿਆਰ ਨਹੀਂ ਹੁੰਦਾ, ਫੇਰ ਐਵੇਂ ਹੀ ਹੋਇਆ ਕਰਦੀਆਂ ਨੇ ਗੱਲਾਂ। ਸੋ ਮਹਾਰਾਜ ਦੇ ਉੱਤੇ ਆਪਣੀ ਮਰਜ਼ੀ ਥੋਪ ਰਹੇ ਨੇ। ਕਿ ਮਹਾਰਾਜ! ਜੀਉਂਦਾ ਕਰ ਦਿਓ, ਤੁਸੀਂ ਤਾਂ ਆਪ ਹੀ ਪ੍ਰਮੇਸ਼ਰ ਓਂ, ਤੁਹਾਨੂੰ ਤਾਂ ਕੋਈ ਦੋਸ਼ ਹੀ ਨਹੀਂ। ਤੁਸੀਂ ਹੀ ਦੁਨੀਆਂ ਨੂੰ ਪੈਦਾ ਕਰਦੇ ਓਂ, ਤੁਸੀਂ ਹੀ ਮਾਰਦੇ ਓਂ। ਮਹਾਰਾਜ ਕਹਿੰਦੇ, ਸਭ ਐਵੇਂ ਗੱਲਾਂ ਕਰ ਰਹੇ ਨੇ, ਅੰਦਰੋਂ ਜਾਣ ਗਏ। ਉਪਰੋਂ ਗੱਲਾਂ ਕਰ ਰਹੇ ਨੇ, ਵਿਚੋਂ ਅਸਲੀਅਤ ਨਹੀਂ ਹੈ। ਜਦੋਂ ਹਟੇ ਹੀ ਨਾ ਕਹਿਣ ਤੋਂ, ਕਹਿੰਦੇ ਫੇਰ ਐਉਂ ਕਰੋ, ਤੁਹਾਡੇ ਵਿਚੋਂ ਜਿਹੜਾ ਬਹੁਤਾ ਕਹਿੰਦਾ ਹੈ ਨਾ ਉਹ ਆਪਣਾ ਸਰੀਰ ਛੱਡ ਦਿਓ, ਉਹਦੇ ਬਦਲੇ ਇਹਨੂੰ ਜੀਉਂਦਾ ਕਰ ਦੇਵਾਂਗੇ। ਹੁਣ ਕੋਈ ਆਵਾਜ਼ ਹੀ ਨਹੀਂ ਆਉਂਦੀ, ਬੋਲਦਾ ਹੀ ਨਹੀਂ ਕੋਈ। ਮਹਾਰਾਜ ਕਹਿੰਦੇ ਦੇਖੋ, ਜੇ ਗੁਰੂ ਦੇ ਨਮਿੱਤ ਕੋਈ ਆਪਣਾ ਸੀਸ ਵਾਰਦਾ ਹੈ ਉਹ ਗੁਰੂ ਦੀ ਪ੍ਰਸੰਨਤਾ ਹਾਸਲ ਕਰਦਾ ਹੈ ਤੇ ਸੇਵਕ ਤਾਂ ਕਹਿੰਦੇ ਹੀ ਉਹਨੂੰ ਨੇ –

*ਧਾਰਨਾ - ਸੇਵਕ ਸੋਈ ਆਖੀਐ ਜੋ ਸਿਰੁ ਧਰੈ ਉਤਾਰਿ।*

*ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ ॥*
*ਸਤਿਗੁਰ ਕਾ ਭਾਣਾ ਮੰਨਿ ਲਏ*

*ਸਬਦੁ ਰਖੈ ਉਰ ਧਾਰਿ ॥ ਅੰਗ - ੧੨੪੭*

*ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥*
*ਗੁਰ ਕੀ ਆਗਿਆ ਮਨ ਮਹਿ ਸਹੈ ॥*
*ਆਪਸ ਕਉ ਕਰਿ ਕਛੁ ਨ ਜਨਾਵੈ ॥*
*ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥*
*ਮਨੁ ਬੇਚੈ ਸਤਿਗੁਰ ਕੈ ਪਾਸਿ ॥*
*ਤਿਸੁ ਸੇਵਕ ਕੇ ਕਾਰਜ ਰਾਸਿ ॥*
*ਸੇਵਾ ਕਰਤ ਹੋਇ ਨਿਹਕਾਮੀ ॥*
*ਤਿਸ ਕਉ ਹੋਤ ਪਰਾਪਤਿ ਸੁਆਮੀ ॥*
*ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥*
*ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥*

*ਅੰਗ - ੨੮੭*

ਸੋ ਕਹਿੰਦੇ ਸੇਵਕ ਤਾਂ ਓਹੀ ਹੈ ਭਾਈ ਪ੍ਰੇਮੀਓਂ, ਜਿਹੜਾ ਹੁਣ ਸੀਸ ਦੇ ਕੇ ਆਪਣਾ, ਉਹਨੂੰ ਜਿੰਦਾ ਕਰ ਦੇਵੇ। ਸਾਰੇ ਚੁੱਪ ਕਰ ਗਏ, ਕੋਈ ਨਹੀਂ ਬੋਲਦਾ। ਹੁਣ ਕਹਿੰਦੇ ਹੀ ਨਹੀਂ ਕਿ ਮਹਾਰਾਜ ਉਹਨੂੰ ਜੀਉਂਦਾ ਕਰ ਦਿਓ। ਕਾਫੀ ਦੇਰ ਬਾਅਦ ਮਹਾਰਾਜ ਕਹਿੰਦੇ ਕੀ ਗੱਲ ਹੁਣ ਤੁਸੀਂ ਕਹਿੰਦੇ ਹੀ ਨਹੀਂ। ਸਾਡੀ ਪ੍ਰਸੰਨਤਾ ਲਓ ਨਾ ਤੁਸੀਂ। ਉਨ੍ਹਾਂ ਨੂੰ ਸੰਬੋਧਨ ਕਰ ਰਹੇ ਸੀ ਲੇਕਿਨ ਦੀਵਾਨ ਦੇ ਪਿਛਲੇ ਪਾਸੇ ਭਾਈ ਭਗਤੂ ਜੀ ਦੇ ਬ੍ਰਹਮਗਿਆਨੀ ਛੋਟੇ ਲੜਕੇ, ਆਪ ਬੈਠੇ ਸੀ, ਭਾਈ ਜੀਵਨ ਜੀ, ਉਨ੍ਹਾਂ ਨੇ ਸੁਣਿਆ ਕਿ ਮਹਾਰਾਜ ਇਸ ਤਰ੍ਹਾਂ ਕਹਿੰਦੇ ਨੇ ਕਿ ਇਸ ਤੋਂ ਚੰਗਾ ਗੁਰੂ ਨੂੰ ਖੁਸ਼ ਕਰਨ ਦਾ ਕਿਹੜਾ ਮੌਕਾ ਹੋਏਗਾ?

*ਧਾਰਨਾ - ਗੁਰਾਂ ਨੂੰ ਮਨਾ ਲਈਏ, ਤਨ ਮਨ ਧਨ ਦੇ ਕੇ।*

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥ ਅੰਗ - ੯੧੮*
*ਹੁਕਮਿ ਮੰਨਿਐ ਹੋਵੈ ਪਰਵਾਣੁ*
*ਤਾ ਖਸਮੈ ਕਾ ਮਹਲੁ ਪਾਇਸੀ ॥ ਅੰਗ - ੪੭੧*

ਕਹਿਣ ਲੱਗੇ ਮਨਾ! ਇਸ ਤੋਂ ਵੱਧ ਵੀ ਕੋਈ ਮੌਕਾ ਮਿਲਣਾ ਹੈ। ਚੁੱਪ ਕਰਕੇ ਕਪੜਾ ਲਿਆ, ਉਠ ਕੇ ਬਾਹਰ ਚਲੇ ਗਏ, ਕੁਸ਼ਾ ਦਾ ਆਸਣ ਵਿਛਾਇਆ ਤੇ ਐਉਂ ਸਰੀਰ ਛੱਡ ਗਏ ਜਿਵੇਂ ਸੱਪ ਕੁੰਜ ਨੂੰ ਛੱਡ ਜਾਇਆ ਕਰਦਾ ਹੈ। ਜਿਹੜੇ ਗੁਰਮੁਖ ਹੁੰਦੇ ਨੇ ਉਨ੍ਹਾਂ ਬਾਰੇ ਮਹਾਰਾਜ ਨੇ ਇਸ ਤਰ੍ਹਾਂ ਫੁਰਮਾਨ ਕਰਿਆ ਹੈ –

*ਧਾਰਨਾ - ਆਵੈ ਜਾਏ ਨਿਸੰਗ*
*ਗੁਰਮੁਖ ਪਿਆਰਾ-ਗੁਰਮੁਖ ਪਿਆਰਾ।*

ਸੋ ਆਪ ਨੇ ਲੰਮੇ ਪੈ ਕੇ ਸਰੀਰ ਛੱਡ ਦਿੱਤਾ। ਛੱਡਣ ਦੀ ਦੇਰ ਸੀ, ਓਧਰ ਜੈਕਾਰੇ ਬੋਲਣੇ ਸ਼ੁਰੂ ਹੋ ਗਏ ਕਿ ਬ੍ਰਾਹਮਣ ਦਾ ਬੱਚਾ ਜੀਉਂਦਾ ਹੋ ਗਿਆ। ਮਹਾਰਾਜ ਜੀ ਨੇ ਕ੍ਰਿਪਾ ਕਰ ਦਿੱਤੀ। ਮਹਾਰਾਜ ਕਹਿਣ ਲੱਗੇ ਕਿ ਦੇਖੋ ਜਾ ਕੇ ਮੇਰੇ ਕਿਹੜੇ ਪਿਆਰੇ ਗੁਰਸਿੱਖ ਨੇ ਆਪਣਾ ਸਰੀਰ ਦਿੱਤਾ ਹੈ? ਸਾਰੇ ਦੇਖਿਆ, ਕਹਿੰਦੇ ਮਹਾਰਾਜ! ਇੱਥੇ ਭਾਈ ਜੀਵਨ ਬੈਠੇ ਸੀ। ਬਾਹਰ ਦਰਖਤ ਦੇ ਥੱਲੇ ਜਾ ਕੇ ਦੇਖਿਆ ਕਿ ਕੱਪੜਾ ਲਈਂ ਕੋਈ ਪਿਆ ਹੈ। ਕੋਲ ਜਾ ਕੇ ਦੇਖਿਆ, ਭਾਈ ਜੀਵਨ ਚੇਤਨ ਕਲਾ ਦੇ ਵਿਚੋਂ ਨਿਕਲ ਚੁੱਕੇ ਨੇ। ਮਹਾਰਾਜ ਕਹਿੰਦੇ, ਕਿਉਂ ਪ੍ਰੇਮੀਓ! ਮਹਾਰਾਜ ਦੇ ਨੇਤਰਾਂ 'ਚ ਜਲ ਆ ਗਿਆ। ਕਹਿੰਦੇ, ਮੇਰਾ ਪੁੱਤਰ ਮਾਰ ਕੇ ਤੁਸੀਂ ਦੂਸਰੇ ਦਾ ਪੁੱਤਰ ਜੀਉਂਦਾ ਕਰਿਆ ਹੈ ਨਾ। ਮੇਰੇ ਪੁੱਤਰ ਨੇ ਆਪਣੇ ਪ੍ਰਾਣ ਦਿੱਤੇ। ਸੋ ਐਸਾ ਜੋ ਸਿੱਖ ਹੁੰਦਾ ਹੈ ਉਹਦੇ ਬਾਰੇ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ –

*ਧਾਰਨਾ - ਧੰਨ ਗੁਰਸਿੱਖ ਪਿਆਰਾ,*
*ਮੰਨਿਆ ਹੁਕਮ ਗੁਰਾਂ ਦਾ।*

ਕਹਿਣ ਲੱਗੇ, ਪ੍ਰੇਮੀਓ! ਫੇਰ ਮੇਰੇ ਪਿਆਰੇ ਪੁੱਤਰ ਨੇ ਹੀ ਮੇਰਾ ਹੁਕਮ ਮੰਨਿਆ। ਐਡਾ ਬ੍ਰਹਮਗਿਆਨੀ ਸੂਝ ਵਾਲਾ, ਜਿਹੜਾ ਆਪ ਨਾਮ ਜਪਦਾ ਸੀ, ਸਾਰੇ ਮਾਲਵੇ ਵਿੱਚ ਨਾਮ ਜਪਾ ਰਿਹਾ ਸੀ ਉਸ ਦੇ ਬਦਲੇ ਤੁਸੀਂ ਬ੍ਰਾਹਮਣ ਦਾ ਪੁੱਤਰ ਜੀਉਂਦਾ ਕਰਿਆ? ਤੁਸੀਂ ਤਾਂ ਆਪ ਕੁਛ ਨਾ ਕਰਿਆ।

*ਸੋ ਸੇਵਕੁ ਹਰਿ ਆਖੀਐ*
*ਜੋ ਹਰਿ ਰਾਖੈ ਉਰਿ ਧਾਰਿ ॥*
*ਮਨੁ ਤਨੁ ਸਉਪੇ ਆਗੈ ਧਰੇ ਹਉਮੈ ਵਿਚਹੁ ਮਾਰਿ ॥*
*ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥*

*ਅੰਗ - ੨੮*

ਆਪਣੇ ਪ੍ਰਾਣ ਦੇ ਕੇ ਪਰਉਕਾਰ ਕਰ ਦਿੱਤਾ। ਸਿੱਖ ਇਤਿਹਾਸ ਤਾਂ ਭਰਿਆ ਪਿਆ ਹੈ, ਪ੍ਰਾਣ ਦੇ ਦੇ ਕੇ ਦੂਸਰਿਆਂ ਨੂੰ ਬਚਾਉਣ ਵਾਸਤੇ। ਸੋ ਇਸ ਤਰ੍ਹਾਂ ਦੇ ਨਾਲ ਪਰਉਪਕਾਰ ਕਰਕੇ

ਗੁਰੂ ਨੂੰ ਪ੍ਰਸੰਨ ਕਰ ਲਿਆ।

ਓਧਰ ਭਾਈ ਗੁੱਜਰ ਘਟ-ਘਟ ਦੇ ਜਾਨਣਹਾਰ, ਗੁਰੂ ਅੰਗਦ ਸਾਹਿਬ ਜੀ ਦੇ ਪਾਸ ਜਦੋਂ ਆਪ ਜਾਂਦੇ ਨੇ ਤਾਂ ਦੱਸਣ ਦੀ ਓਸ ਵੇਲੇ ਲੋੜ ਨਹੀਂ ਸੀ ਕਿ ਇਨ੍ਹਾਂ ਨੇ ਆਹ ਕਰਮ ਕਰਿਆ ਹੈ। ਸਾਧੂਆਂ ਦੇ ਬੰਧਨ ਕੱਟੇ ਨੇ ਤੇ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ। ਗੁਰੂ ਮਹਾਰਾਜ ਜੀ ਦੇ ਚਰਨ ਸ਼ਰਨ ਜਦੋਂ ਆਏ, ਮਹਾਰਾਜ ਜੀ ਬੜੇ ਹੀ ਪ੍ਰਸੰਨ, ਭਾਈ ਗੁੱਜਰ ਤੂੰ ਧੰਨ ਹੈਂ ਧੰਨ ਹੈਂ। ਐਨਾ ਕਹਿੰਦੇ ਆਪ ਨੇ ਆਪਣਾ ਪਵਿੱਤਰ ਹੱਥ ਉੱਚਾ ਕਰਿਆ ਤੇ ਸੀਸ ਦੇ ਉਤੇ ਰੱਖ ਦਿੱਤਾ। ਰਖਦੇ ਸਾਰ, ਅੰਦਰਲੇ ਨੈਣ ਖੋਲ੍ਹ ਦਿੱਤੇ। ਬ੍ਰਹਮਗਿਆਨ ਦੀ ਦਾਤ ਬਖਸ਼ ਦਿੱਤੀ। ਰਿੱਧੀਆਂ-ਸਿੱਧੀਆਂ ਬਚਨ ਦੀ ਸਤਤਾ, ਬੇਅੰਤ ਸ਼ਕਤੀਆਂ ਆਪ ਨੇ ਬਖਸ਼ ਕੇ ਕ੍ਰਿਪਾ ਕੀਤੀ ਤੇ ਇਨ੍ਹਾਂ ਨੇਤਰਾਂ ਨਾਲ ਪ੍ਰਭੂ ਦੇ ਦਰਸ਼ਨ ਕਰਾ ਦਿੱਤੇ। ਇਸ ਤਰ੍ਹਾਂ ਨਾਲ ਫੁਰਮਾਨ ਆਉਂਦਾ ਹੈ -

***ਧਾਰਨਾ - ਅੱਖਾਂ ਨਾਲ ਓ ਵੇਖ ਲਿਆ,***
***ਜਿਹੜਾ ਰੱਬ ਨਾ ਕਿਸੇ ਨੂੰ ਦਿਸਦਾ।***

***ਹਰਿ ਕੇ ਸੰਤ ਸੁਣਹੁ ਜਨ ਭਾਈ***
***ਹਰਿ ਸਤਿਗੁਰ ਕੀ ਇਕ ਸਾਖੀ ॥***
***ਜਿਸੁ ਧੁਰਿ ਭਾਗੁ ਹੋਵੈ ਮੁਖਿ ਮਸਤਕਿ***
***ਤਿਨਿ ਜਨਿ ਲੈ ਹਿਰਦੈ ਰਾਖੀ ॥***
***ਹਰਿ ਅੰਮ੍ਰਿਤ ਕਥਾ ਸਰੇਸਟ***
***ਊਤਮ ਗੁਰ ਬਚਨੀ ਸਹਜੇ ਚਾਖੀ ॥***
***ਤਹ ਭਇਆ ਪ੍ਰਗਾਸੁ ਮਿਟਿਆ ਅੰਧਿਆਰਾ***
***ਜਿਉ ਸੂਰਜ ਰੈਣਿ ਕਿਰਾਖੀ ॥***
***ਅਦਿਸਟੁ ਅਗੋਚਰੁ ਅਲਖੁ ਨਿਰੰਜਨੁ***
***ਸੋ ਦੇਖਿਆ ਗੁਰਮੁਖਿ ਆਖੀ ॥ ਅੰਗ - ੮੭***

ਜਿਵੇਂ ਸੂਰਜ ਚੜ੍ਹੇ 'ਤੇ ਰਾਤ ਦਾ ਖਾਤਮਾ ਹੋ ਜਾਂਦਾ ਹੈ, ਰਾਤ ਦਾ, ਗੁਰੂ ਦੇ ਰਾਹੀਂ, ਅੱਖਾਂ ਦੇ ਨਾਲ ਓਸ ਪ੍ਰਮੇਸ਼ਰ ਦੇ ਦਰਸ਼ਨ ਕਰ ਲਏ ਅਤੇ ਧੰਨ ਹੋ ਗਿਆ ਭਾਈ ਗੁੱਜਰ। ਗੁਰੂ ਮਹਾਰਾਜ ਪ੍ਰਸੰਨ ਹੋ ਗਏ, ਭਾਈ ਗੁੱਜਰ ਤੂੰ ਧੰਨ ਹੈਂ। ਤੂੰ ਉਨ੍ਹਾ ਸੰਤਾਂ ਦੇ ਬੰਧਨ ਨਹੀਂ ਕੱਟੇ, ਤੂੰ ਮੇਰੇ ਬੰਧਨ ਕੱਟੇ ਸੀ। ਤੂੰ ਧੰਨ ਹੈਂ ਜਿਸਨੇ ਸਿੱਖੀ ਨੂੰ ਕਮਾ ਲਿਆ। ਸੋ ਰਿੱਧੀਆਂ-ਸਿੱਧੀਆਂ, ਬ੍ਰਹਮਗਿਆਨ ਦੇ ਕੇ ਕਹਿਣ ਲੱਗੇ, ਹੁਣ ਐਉਂ ਕਰ ਆਪ ਵੀ ਨਾਮ ਜਪ ਤੇ ਸੰਸਾਰ ਨੂੰ ਨਾਮ ਜਪਾ। ਬੜੀ ਦੇਰ ਤਕ ਆਪ ਨੇ ਗੁਰਸਿੱਖੀ ਦਾ ਪ੍ਰਚਾਰ ਕਰਿਆ ਤੇ ਪਦਵੀ ਕਿੱਡੀ ਪ੍ਰਾਪਤ ਕੀਤੀ -

***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥***
***ਅੰਗ - ੩੦੬***

ਸੋ ਗੁਰੂ ਦੇ ਬਚਨ ਕਮਾਉਣ ਦੇ ਨਾਲ, ਇਕ ਮਾਮੂਲੀ ਕਿੱਤਾ ਕਰਨ ਵਾਲਾ ਲੁਹਾਰ ਜੋ ਦਾਤੀਆਂ, ਖੁਰਪੇ, ਕਹੀਆਂ, ਵਗੈਰਾ ਬਣਾਉਂਦਾ ਸੀ। ਬ੍ਰਹਮਗਿਆਨੀਆਂ ਦੀ ਲਿਸਟ ਵਿਚ ਆ ਕੇ ਸਦਾ ਵਾਸਤੇ ਅਮਰ ਹੋ ਗਿਆ, ਸਾਡੇ ਵਾਸਤੇ ਜੀਵਨ ਦੇ ਅੰਦਰ ਗੁਰੂ ਮਹਾਰਾਜ ਨੇ ਜੋ ਫੁਰਮਾਨ ਕੀਤਾ ਹੈ। ਮੰਦਾ ਕੰਮ ਨਹੀਂ ਕਰਨਾ ਦਰਗਾਹ 'ਚ ਜਾ ਕੇ ਜਿਹਦਾ ਪਛਤਾਵਾ ਹੋ ਜਾਵੇ। ਸਮਾਜਿਕ ਕਾਨੂੰਨ ਵੀ ਨੇ ਚੰਗੇ ਹੀ ਨੇ, ਮਾੜੇ ਨਹੀਂ ਹੈਗੇ। ਦੂਸਰਾ ਬਾਣੀ ਪੜ੍ਹੋ, ਪੜ੍ਹ ਕੇ ਵਿਚਾਰੋ, ਫੇਰ ਮੰਨੋ, ਮੰਨ ਕੇ ਕਮਾਓ। ਕਮਾ ਕੇ ਬਾਣੀ ਦੇ ਮੁਤਾਬਿਕ ਆਪਣਾ ਜੀਵਨ ਬਣਾਓ। ਤੀਸਰਾ ਹੈ ਪਰਉਪਕਾਰ ਦਾ ਜੀਵਨ, ਆਪਣੇ ਵਾਸਤੇ ਦੁਨੀਆਂ ਜੀਉਂਦੀ ਚਲੀ ਗਈ, ਪੂਰਾਂ ਦੇ ਪੂਰ ਲੰਘ ਗਏ ਏਥੋਂ, ਲੇਕਿਨ ਜਿਹੜਾ ਬੰਦਾ ਹੈ ਗੁਰੂ ਦਾ ਪਿਆਰਾ, ਉਹ ਆਪਣੇ ਵਾਸਤੇ ਨਹੀਂ ਜੀਉਂਦਾ ਪ੍ਰਮੇਸ਼ਰ ਵਾਸਤੇ ਜੀਉਂਦਾ ਹੈ। ਪ੍ਰਮੇਸ਼ਰ ਦੇ ਪਿਆਰਿਆਂ ਵਾਸਤੇ, ਪ੍ਰਮੇਸ਼ਰ ਦੀ ਦੁਨੀਆਂ ਵਾਸਤੇ ਜੀਉਂਦਾ ਹੈ। ਗੁਰੂ ਦਸਵੇਂ ਪਾਤਸ਼ਾਹ ਆਪਣੇ ਵਾਸਤੇ ਜੀਉਂਦੇ ਤਾਂ ਸਾਹਿਬਜ਼ਾਦਿਆਂ ਨੂੰ ਜ਼ਰੂਰ ਪਹਿਲਾਂ-ਪਹਿਲਾਂ ਸੁਰੱਖਿਸ਼ਿਤ ਥਾਵਾਂ 'ਤੇ ਭੇਜ ਦਿੰਦੇ। ਬੇਅੰਤ ਸਿੱਖੀ ਸੀ, ਕਾਬਲ ਵਿਚ ਸੀ, ਕੰਧਾਰ ਵਿਚ ਸੀ, ਈਰਾਨ ਵਿਚ ਸੀ, ਉਥੇ ਭੇਜ ਦਿੰਦੇ ਚਾਰੇ ਸਾਹਿਬਜ਼ਾਦਿਆਂ ਨੂੰ। ਦੱਖਣ ਵਿਚ ਭੇਜ ਦਿੰਦੇ। ਉਹ ਤਾਂ ਜੀਵਨ ਹੀ ਦੂਸਰਿਆਂ ਦੇ ਨਮਿੱਤ ਲਾਉਣ ਵਾਸਤੇ ਆਏ ਸੀ। ਸੋ ਸਿੱਖ ਦਾ ਜੋ ਜੀਵਨ ਹੈ ਆਪ ਨਾਮ ਜਪਣਾ, ਦੁਨੀਆਂ ਦੇ ਅੰਦਰ ਸ਼ਾਂਤੀ ਕਾਇਮ ਕਰਨੀ, ਧੱਕੇ-ਧੋੜੇ ਨੂੰ ਹਟਾਉਣਾ, ਹਾਅ ਦਾ ਨਾਅਰਾ ਮਾਰਨਾ।

***ਜੈਸਾ ਬਿਤੁ ਤੈਸਾ ਹੋਇ ਵਰਤੈ***
***ਅਪੁਨਾ ਬਲੁ ਨਹੀ ਹਾਰੈ ॥ ਅੰਗ - ੬੭੯***

ਜਿੰਨੀ ਕੁ ਸ਼ਕਤੀ ਪ੍ਰਮੇਸ਼ਰ ਨੇ ਬੋਲਣ ਦੀ ਦਿੱਤੀ ਹੈ, ਬੋਲੇ; ਪ੍ਰਸ਼ਾਦਾ ਦੇਣ ਦੀ ਦਿੱਤੀ ਹੈ ਪ੍ਰਸ਼ਾਦਾ ਦੇਵੇ; ਸੰਗਤ ਦੀ ਸੇਵਾ ਕਰੇ। ਜਿੱਥੇ ਪ੍ਰਮੇਸ਼ਰ ਦਾ ਜਸ ਚੱਲ ਰਿਹਾ ਹੈ ਸੇਵਾ ਕਰੇ। ਤਾਂ ਹਨ੍ਹੇਰਾ ਜੋ ਸੰਸਾਰ 'ਤੇ ਪਿਆ ਹੋਇਆ ਹੈ, ਗੁਰੂ ਨਾਨਕ ਦੀ ਬਾਣੀ ਦਾ ਪ੍ਰਕਾਸ਼ ਸੰਸਾਰ ਵਿਚ ਹੋਵੇ, ਇਹਦੇ ਨਾਲ ਹਨ੍ਹੇਰਾ ਕੱਟ ਹੋਵੇ, ਸੰਸਾਰ ਵਿਚ ਸ਼ਾਂਤੀ ਆਵੇ।

ਤੀਸਰਾ ਮਹਾਰਾਜ ਜੀ ਨੇ ਕਿਹਾ ਹੈ ਕਿ ਪਰਉਪਕਾਰ ਕਰੋ ਤੇ ਗੁਰੂ ਦਾ ਸਭ ਕੁਛ ਸਮਝੋ, ਬੰਦਗੀ ਕਰੋ, ਉਸ ਵੇਲੇ ਗੁਰੂ ਪ੍ਰਸੰਨ ਹੋਣ ਜਾਂਦਾ ਹੈ। ਪ੍ਰਸੰਨ ਹੋ ਕੇ ਸਾਡਾ ਇਸ ਥਾਂ 'ਤੇ ਆਉਣਾ ਸਫਲ ਹੁੰਦਾ ਹੈ, ਨਹੀਂ ਤਾਂ ਸਾਡਾ -

***ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥***
***ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥***
***ਅੰਗ - ੧੫੬***

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਸਾਰੇ ਪ੍ਰੇਮੀ ਅਨੰਦ ਸਾਹਿਬ ਵਿਚ ਬੋਲੋ, ਗੁਰਸਤੋਤਰ, ਅਰਦਾਸ, ਹੁਕਮਨਾਮਾ।

(----------)

# ਅਰਦਾਸ ਸ਼ਕਤੀ

*ਰਘਬੀਰ ਸਿੰਘ 'ਬੀਰ'*

## ਸਿਦਕ ਭਰੀ ਅਰਦਾਸ ਦੀ ਸ਼ਾਨ

ਜਿਸ ਤਰ੍ਹਾਂ ਵਾਹਿਗੁਰੂ ਜੀ ਸਦਾ ਸਲਾਮਤ ਹਨ ਅਤੇ ਸਭ ਸਮਿਆਂ ਤੇ ਸਭ ਥਾਵਾਂ ਤੇ ਬੰਦਿਆਂ ਦੀ ਅਰਦਾਸ ਸੁਣਦੇ ਰਹੇ ਹਨ, ਉਸੇ ਤਰ੍ਹਾਂ ਵਾਹਿਗੁਰੂ ਜੀ ਦੇ ਸਿਦਕੀ ਪਿਆਰੇ ਵੀ ਸਭ ਸਮਿਆਂ ਵਿਚ ਅਤੇ ਸਭ ਥਾਵਾਂ ਤੇ ਸੱਚੀਆਂ ਤੇ ਦਿਲੀ ਅਰਦਾਸਾਂ ਕਰ ਕਰ ਕੇ ਵਾਹਿਗੁਰੂ ਜੀ ਤੋਂ ਸਦਾ ਆਪਣੇ ਵਿਗੜੇ ਅਤੇ ਮੁਸ਼ਕਲ ਕਾਰਜ ਰਾਸ ਕਰਵਾਂਦੇ ਰਹੇ ਹਨ। ਵਾਹਿਗੁਰੂ ਜੀ ਦੇ ਪਿਆਰੇ ਤੋਂ ਸਾਡੀ ਮੁਰਾਦ ਉਸ ਪੁਰਸ਼ ਦੀ ਹੈ ਜੋ ਵਾਹਿਗੁਰੂ ਜੀ ਨੂੰ ਸੱਚੇ ਦਿਲੋਂ ਅੰਗ ਸੰਗ ਅਤੇ ਸਰਬਸ਼ਕਤੀਮਾਨ ਮੰਨਦਾ ਹੈ। ਐਸਾ ਪੁਰਸ਼ ਮੁਸੀਬਤਾਂ ਤੇ ਮੁਸ਼ਕਲਾਂ ਵਿਚ ਆਪਣਾ ਇਨਸਾਨੀ ਫਰਜ਼ ਵੀ ਪੂਰਾ ਕਰਦਾ ਹੈ, ਪਰ ਆਪਣੀਆਂ ਕੋਸ਼ਿਸ਼ਾਂ ਨੂੰ ਕਾਫੀ ਨਾ ਸਮਝਦਾ ਹੋਇਆ, ਸਫਲਾ ਵਾਸਤੇ ਨਿਰਮਾਣ ਅਤੇ ਭਰੋਸੇ-ਯੋਗ ਅਰਦਾਸ ਦਾ ਆਸਰਾ ਵੀ ਲੈਂਦਾ ਹੈ। ਐਸੇ ਪੁਰਸ਼ ਸਭ ਸਮਿਆਂ, ਸਭ ਕੌਮਾਂ ਅਤੇ ਸਭ ਦੇਸ਼ਾਂ ਵਿਚ ਪੈਦਾ ਹੁੰਦੇ ਆਏ ਹਨ। ਇਸ ਲੇਖ ਦੁਆਰਾ ਅਸੀਂ ਆਤਮ ਸਾਇੰਸ ਲਹਿਰ ਦੇ ਮੈਂਬਰਾਂ ਨੂੰ ਇੱਕ ਸੱਚੇ ਈਸਾਈ ਲੈਫਟੀਨੈਂਟ ਜਰਨਲ ਸਰ ਵਿਲੀਅਮ ਡੌਬੀ ਦੇ ਦਰਸ਼ਨ ਕਰਾਣਾ ਚਾਹੁੰਦੇ ਹਾਂ। ਆਪ 1879 ਵਿਖੇ ਮਦਰਾਸ ਅੰਦਰ ਪੈਦਾ ਹੋਏ, ਫੌਜ ਵਿਚ ਭਰਤੀ ਹੋ ਕੇ ਬੂਅਰ ਜੰਗ ਅਤੇ ਸੰਸਾਰ ਦੀ ਪਹਿਲੀ ਜੰਗ ਵਿਖੇ ਵੱਡੇ ਜ਼ਿੰਮੇਵਾਰੀ ਦੇ ਅਹੁਦਿਆਂ ਤੇ ਰਹਿ ਕੇ ਯੁੱਧ ਵਿਚ ਆਪ ਨੇ ਹਿੱਸਾ ਲੀਤਾ ਅਤੇ 1940 ਤੋਂ 1942 ਤਕ ਮਾਲਟਾ ਦੇ ਗਵਰਨਰ ਰਹੇ। ਆਪ ਇਕ ਅੰਗਰੇਜ਼ੀ ਦੇ ਲੇਖ ਵਿਚ ਆਪਣੇ ਅੰਦਰੂਨੀ ਨਿਸ਼ਚਿਆਂ ਬਾਬਤ ਇਸ ਪ੍ਰਕਾਰ ਲਿਖਦੇ ਹਨ -

The chief and most far reaching lesson I have drawn from my experience of life is undoubtedly the reality of God. When I speak of the reality of God I don't mean some Abstract idea which some people may call God nor a vague conception such as the prime cause, not fate nor any of the other indefinite and impersonal experience by which men sometimes seek to describe Him. But I mean that I have learned that He is intensely personel Being, with whom one may become acuainted and be in close relationship and who is interested in me and my affairs, who desires my well-being and plans to use me to fulfil His purposes. This Being has been intensely real to me. His reality has been so truly part and parcel of my life that it has exerted a controlling influence on me.

An illustration of the way to which I have seen His guiding hand may be helpful. For instance, my entrance into the Army may be quoted as a case in point. As most of my relatives and forbears had been in the Army, I naturally desired to follow their steps. But when I was a boy, it was discoverd that my eyesight was not too good, and it was considered very unlikely that I would pass the medical examination for the Army. Consequently my studies were planned to enable me to enter the Indian Civil Service, But it was considered that the experience of a public examination would be beneficial to me and in consequence I sat for the entrance examination to the Royal Militry Academy with that object in view and none other. To my surprise and that of my parents, I passed the Medical test, But to my further surprise a number of candidates above me were rejected on medical grounds and in due course I was admitted to the Royal Military Academy. Since my parents and I had made the choice of my career a definite matter of earnest prayer, we had no doubt that God answered these prayers in this quite unexpected way and that it His purpose for me that I should follow a military career and my subsequent consideration of the matter in the light of experience has so far as I am concerned, fully confirmed that original opinion.

**ਉਲਥਾ** : ਜ਼ਿੰਦਗੀ ਦੇ ਤਜਰਬੇ ਤੋਂ ਸਭ ਤੋਂ ਵੱਡਾ ਅਤੇ ਜ਼ਰੂਰੀ ਸਬਕ ਜੋ ਮੈਂ ਪ੍ਰਾਪਤ ਕੀਤਾ ਹੈ, ਉਹ ਹੈ ਵਾਹਿਗੁਰੂ ਜੀ ਦੀ ਹਸਤੀ ਵਿਚ ਦ੍ਰਿੜ੍ਹ ਵਿਸ਼ਵਾਸ਼। ਜਦ ਮੈਂ ਵਾਹਿਗੁਰੂ ਜੀ ਦੀ ਹੋਂਦ ਬਾਰੇ ਆਖਦਾ ਹਾਂ, ਤਾਂ ਮੇਰਾ ਮਤਲਬ ਕਿਸੇ ਐਸੇ ਨਿਰੰਕਾਰ, ਖਿਆਲੀ ਆਦਿ ਕਾਰਨ ਕਿਸਮਤ ਆਦਿ ਦੇ ਗੋਲ ਮੋਲ ਅਧੂਰੇ ਲਕਸ਼ਣਾਂ ਵਾਲੇ ਵਾਹਿਗੁਰੂ ਤੋਂ ਨਹੀਂ, ਜਿਹਾ ਕਿ ਕਈ ਆਦਮੀ ਵਾਹਿਗੁਰੂ ਸਬੰਧੀ ਆਖਿਆ ਕਰਦੇ ਹਨ, ਸਗੋਂ ਜਿਸ ਵਾਹਿਗੁਰੂ ਦੀ ਅਸਲੀਅਤ ਦਾ ਮੈਨੂੰ ਤਜਰਬਾ ਹੋਇਆ ਉਹ ਸਾਕਾਰ, ਸੱਚਾ ਅੰਗ ਸੰਗ ਰਹਿਣ ਵਾਲਾ ਵਾਹਿਗੁਰੂ ਹੈ, ਜਿਸ ਨਾਲ ਕਿ ਜਾਣ-ਪਛਾਣ ਕਰਾਈ ਜਾ ਸਕਦੀ ਹੈ ਅਤੇ ਜਿਸਦੇ ਨਜ਼ਦੀਕ ਰਿਹਾ ਜਾ ਸਕਦਾ ਹੈ ਅਤੇ ਜੋ ਮੇਰੇ ਮਾਮਲਿਆਂ ਵਿਚ ਪੂਰੀ ਦਿਲਚਸਪੀ ਲੈਂਦਾ ਹੈ, ਮੇਰਾ ਵਾਹਿਗੁਰੂ ਮੇਰਾ ਸੱਚਾ ਸ਼ੁਭਚਿੰਤਕ ਹੈ ਅਤੇ ਆਪਣੇ ਕਾਰਜਾਂ ਲਈ ਮੈਥੋਂ ਸੇਵਾ ਲੈਣ ਦੀ ਵਿਉਂਤ ਬਣਾਂਦਾ ਹੈ। ਵਾਹਿਗੁਰੂ

ਦੀ ਐਸੀ ਅਸਲੀਅਤ ਮੇਰੇ ਅਤੀ ਨਜ਼ਦੀਕ ਰਹੀ ਹੈ। ਵਾਹਿਗੁਰੂ ਦੀ ਹਸਤੀ ਦਾ ਮੇਰੇ ਅਤੇ ਮੇਰੇ ਜੀਵਨ ਉਤੇ ਇਤਨਾ ਪ੍ਰਭਾਵ ਰਿਹਾ ਹੈ ਕਿ ਮੇਰੇ ਸਰਬ-ਕਾਰਜ ਇਸ ਪ੍ਰਭਾਵ ਦੇ ਅਧੀਨ ਹੁੰਦੇ ਰਹੇ ਹਨ।

ਵਾਹਿਗੁਰੂ ਦੀ ਅਗਵਾਈ ਜੋ ਮੈਂ ਆਪਣੇ ਜੀਵਨ ਵਿਖੇ ਸਦਾ ਦੇਖੀ ਹੈ, ਉਸ ਨੂੰ ਮਿਸਾਲ ਦੇ ਕੇ ਦੱਸਣਾ ਪਾਠਕਾਂ ਲਈ ਲਾਭਵੰਦ ਹੋਵੇਗਾ। ਮੇਰਾ ਫੌਜ ਵਿਚ ਭਰਤੀ ਹੋਣਾ ਵੀ ਵਾਹਿਗੁਰੂ ਦੀ ਅਗਵਾਈ ਦਾ ਨਤੀਜਾ ਸੀ। ਕਿਉਂਕਿ ਮੇਰੇ ਬਜ਼ੁਰਗ ਅਤੇ ਰਿਸ਼ਤੇਦਾਰ ਵਧੇਰੇ ਫੌਜ ਵਿਚ ਸਨ, ਇਸ ਕਰਕੇ ਕੁਦਰਤੀ ਤੌਰ ਤੇ ਮੇਰਾ ਵੀ ਫੌਜ ਵਿਚ ਜਾਣ ਦਾ ਖਿਆਲ ਸੀ। ਪਰ ਜਦ ਮੈਂ ਬੱਚਾ ਹੀ ਸੀ ਤਾਂ ਇਹ ਪਤਾ ਲਗ ਗਿਆ ਸੀ ਕਿ ਮੇਰੀ ਨਜ਼ਰ ਇਤਨੀ ਕਮਜ਼ੋਰ ਸੀ ਕਿ ਮੇਰਾ ਫੌਜ ਵਿਚ ਭਰਤੀ ਹੋਣਾ ਮੁਸ਼ਕਲ ਹੋਵੇਗਾ। ਇਸੇ ਕਰਕੇ ਮੇਰੀ ਤਾਲੀਮ ਐਸੀ ਤਜਵੀਜ਼ ਕੀਤੀ ਗਈ ਕਿ ਮੈਂ ਹਿੰਦ ਸਿਵਲ ਸਰਵਿਸ ਵਿਚ ਸ਼ਾਮਲ ਹੋ ਸਕਾਂ। ਪਰ ਇਸ ਖਿਆਲ ਨਾਲ ਕਿ ਪਬਲਿਕ ਪਰੀਖਿਆ ਵਿਚ ਬੈਠਣ ਨਾਲ ਮੈਨੂੰ ਲਾਭ ਪੁਜੇਗਾ, ਮੈਨੂੰ ਰਾਇਲ ਮਿਲਟਰੀ ਅਕੈਡਮੀ ਦੇ ਦਾਖਲੇ ਦੇ ਇਮਤਿਹਾਨ ਵਿਚ ਬਿਠਾਇਆ ਗਿਆ। ਮੈਨੂੰ ਮੇਰੇ ਮਾਪਿਆਂ ਨੂੰ ਇਹ ਦੇਖ ਕੇ ਬੜੀ ਹੈਰਾਨੀ ਹੋਈ ਕਿ ਮੈਂ ਡਾਕਟਰੀ ਇਮਤਿਹਾਨ ਵਿਚ ਪਾਸ ਨਿਕਲਿਆ। ਇਸ ਤੋਂ ਮਗਰੋਂ ਮੇਰਾ ਮੁੜ ਕੇ ਵੱਡਾ ਡਾਕਟਰੀ ਇਮਤਿਹਾਨ ਹੋਇਆ ਜਿਸ ਵਿਚ ਮੇਰੇ ਤੋਂ ਚੰਗੇ ਕਈ ਲੜਕੇ ਫੇਲ੍ਹ ਕੀਤੇ ਗਏ ਪਰ ਮੈਂ ਪਾਸ ਨਿਕਲਿਆ ਅਤੇ ਸਮਾਂ ਆਉਣ ਉਤੇ ਮੈਨੂੰ ਰਾਇਲ ਮਿਲਟਰੀ ਕਾਲਜ ਵਿਚ ਦਾਖਲ ਕੀਤਾ ਗਿਆ। ਕਿਉਂਕਿ ਮੇਰੇ ਦਾਖਲ ਹੋਣ ਬਾਰੇ ਮੈਨੂੰ ਅਤੇ ਮੇਰੇ ਮਾਪਿਆਂ ਨੂੰ ਕੇਵਲ ਅਰਦਾਸ ਦਾ ਹੀ ਸਹਾਰਾ ਸੀ, ਹੁਣ ਸਾਨੂੰ ਯਕੀਨ ਆ ਗਿਆ ਕਿ ਵਾਹਿਗੁਰੂ ਨੇ ਸਾਡੀ ਅਰਦਾਸ ਸੁਣੀ ਅਤੇ ਮਨਜ਼ੂਰ ਕੀਤੀ ਹੈ। ਮੇਰਾ ਯਕੀਨ ਸੀ ਕਿ ਫੌਜੀ ਜੀਵਨ ਦੇ ਜ਼ਰੀਏ ਵਾਹਿਗੁਰੂ ਮੈਥੋਂ ਆਪਣੀ ਸੇਵਾ ਲੈਣੀ ਚਾਹੁੰਦਾ ਹੈ ਅਤੇ ਮੇਰਾ ਇਹ ਯਕੀਨ ਜਦ ਵੀ ਮੈਂ ਪਿਛੋਂ ਵਿਚਾਰ ਕੀਤਾ, ਸੋਲਾਂ ਆਨੇ ਠੀਕ ਸਾਬਤ ਹੁੰਦਾ ਰਿਹਾ ਹੈ।

ਸ੍ਰੀ ਮਾਨ ਵਿਲੀਅਮ ਡੋਬੀ ਅਰਦਾਸ ਬਾਬਤ ਆਪਣੇ ਨਿਸਚੇ ਨੂੰ ਇਸ ਪ੍ਰਕਾਰ ਲਿਖਦੇ ਹਨ -

In 1929, I was commanding the Cairo Brigade, serious disturbance broke out in Palestine where the situation threatened to get completely out of hand. Troops and naval detachments were rushed to Palestine from Egypt and elsewhere and I was sent up to take cammand of the forces of the three figeting services of the country. Before the full reinforcements had arrived and when the troops in Palestine were full extended. I received a report in my headquarters at Jeruslem that a large force (said to be 5000) of armed Bedouin was moving on towards Gaza from the South-East. In Gaza there were many defenceless people including a British mission hospital with nurses and families. I knew that if the Bedauin force, enflamed as it was with false propaganda, got into Gaza, the place might become a shambles, But I had no avilable force to send there, all at my disposal being already very fully employed. I sent an engine with two trucks in which a couple of Lewis guns were mounted to patrol the railway to the east of the city though I realized that the effect they could have would be microscopic. I also ordered some aircrafts to go out locate the Bedouin and drop bombs in front of them; in the hope of heading them off. They, however, returned at disk, having been unable to locate the Bedouin, who presumably took over in the wadis with which the country is intersected. But I continued after that to get information from other sources that the Bedouin continued to move towards Gaza until they were extremely close. The situation to me seemed preety desparate, so I did what I had Frequently done before in difficult cricumstances and sought God's help. I remember Kneeling down in my office in Jerusalem and using some such words as these 'Oh God! I have come to the end of my resources, If the Bedouin got into Gaza it seems that there will be a massacre I cannot stop them. Please intervene. I continued to get information for a short time that the Bedouin were continuing to approach Gaza i.e. in a south Western direction. Then suddenly heard that they had changed direction by a right in the open country and did no harm to anyone. Early next morning H.M.S. courageous arrived at Jafa with a battalion was immediately sent to Gaza and the situation was saved. A British Govt. Official also succeeded in getting in touch with bedouin and after some difficulty managed to convince them that they had been misled and persuaded them ro return to their homes. I tried to find out afterwards what has caused the sudden change of direction but no satisfactory explanation was found. I have never doubted that it was a case where God inter-

vened in answer to humble prayer.

**ਉਲਥਾ** : 1929 ਵਿਚ ਜਦ ਮੈਂ ਕਾਇਰੋ ਬਰਗੇਡ ਦੀ ਕਮਾਂਡ ਕਰਦਾ ਸੀ, ਪੈਲਿਸਟੀਲ ਵਿਚ ਬੜੇ ਫਸਾਦ ਹੋਏ ਅਤੇ ਹਾਲਤ ਬਿਲਕੁਲ ਕਾਬੂ ਤੋਂ ਬਾਹਰ ਹੋ ਗਈ। ਮਿਸਰ ਤੋਂ ਖੁਸ਼ਕੀ ਤੇ ਸਮੁੰਦਰੀ ਫੌਜ ਪੈਲਿਸਟੀਨ ਭੇਜੀ ਗਈ ਅਤੇ ਮੈਨੂੰ ਤਿੰਨੇ (ਖੁਸ਼ਕੀ, ਸਮੁੰਦਰੀ ਤੇ ਹਵਾਈ) ਫੌਜਾਂ ਦਾ ਅਫਸਰ ਬਣਾ ਕੇ ਭੇਜਿਆ ਗਿਆ। ਇਸ ਤੋਂ ਪਹਿਲੇ ਕਿ ਮਦਦ ਦੀਆਂ ਫੌਜਾਂ ਪੂਰੀਆਂ ਪਹੁੰਚਦੀਆਂ, ਮੈਨੂੰ ਜ਼ੈਰੋਸ਼ਲਮ ਦੇ ਹੈਡਕਵਾਟਰ ਵਿਚ ਇਕ ਰੀਪੋਰਟ ਆਈ ਕਿ ਪੰਜ ਹਜ਼ਾਰ ਸ਼ਸਤਰਧਾਰੀ ਬੱਦੂ ਪੂਰਬ ਦੱਖਣ ਦੇ ਪਾਸਿਉਂ ਗਾਜ਼ਾ ਸ਼ਹਿਰ ਤੇ ਹਮਲਾ ਕਰਨ ਆ ਰਹੇ ਹਨ। ਗਾਜ਼ਾ ਵਿਖੇ ਬਹੁਤੇ ਮਾਸੂਮ ਤੇ ਨਿਹੱਥੇ ਲੋਕ ਰਹਿੰਦੇ ਸਨ, ਜਿਨ੍ਹਾਂ ਵਿਚ ਇਕ ਬਰਤਾਨਵੀ ਮਿਸ਼ਨ ਹਸਪਤਾਲ ਵੀ ਸੀ, ਜਿਸ ਵਿਚ ਬਹੁਤ ਨਰਸਾਂ ਤੇ ਕਈ ਕਬੀਲੇ ਸਨ। ਮੈਨੂੰ ਪਤਾ ਸੀ ਕਿ ਸਾਡੇ ਖਿਲਾਫ ਭੜਕਾਏ ਹੋਏ ਬੱਦੂ ਜੇ ਗਾਜ਼ਾ ਸ਼ਹਿਰ ਵਿਚ ਦਾਖਲ ਹੋ ਗਏ ਤਾਂ ਉਹ ਸ਼ਹਿਰ ਬਿਲਕੁਲ ਤਬਾਹ ਹੋ ਜਾਵੇਗਾ, ਪਰ ਮੇਰੇ ਪਾਸ ਕੋਈ ਫਾਲਤੂ ਫੌਜ ਨਹੀਂ ਸੀ ਜਿਸ ਨੂੰ ਗਾਜ਼ਾ ਮਦਦ ਵਾਸਤੇ ਭੇਜ ਸਕਦਾ। ਇਕ ਇੰਜਨ ਜਿਸ ਦੇ ਨਾਲ ਦੋ ਟਰੱਕ ਲੱਦੇ ਹੋਏ ਸਨ, ਸ਼ਹਿਰ ਦੇ ਪੂਰਬੀ ਪਾਸੇ ਦੀ ਰੇਲਵੇ ਲਾਈਨ ਦੀ ਦੇਖਭਾਲ ਲਈ ਭੇਜੇ ਗਏ। ਟਰੱਕਾਂ ਵਿਚ ਕੁਝ ਲੂਈਸ ਗਨਾਂ ਫਿਟ ਸਨ। ਪਰ ਮੈਂ ਜਾਣਦਾ ਸਾਂ ਕਿ ਇਨ੍ਹਾਂ ਦਾ ਕੋਈ ਅਸਰ ਨਹੀਂ ਹੋਣਾ। ਕੁਝ ਹਵਾਈ ਜਹਾਜ਼ ਵੀ ਭੇਜੇ ਗਏ ਤਾਕਿ ਬੱਦੂਆਂ ਨੂੰ ਲੱਭ ਕੇ ਉਨਹਾਂ ਉਤੇ ਬੰਬ ਸੁੱਟਣ, ਮਤਾਂ ਉਹ ਵਾਪਸ ਮੁੜ ਜਾਣ। ਹਵਾਈ ਜਹਾਜ਼ਾਂ ਨੂੰ ਬੱਦੂਆਂ ਦਾ ਕੋਈ ਪਤਾ ਹੀ ਨਾ ਲੱਗਾ ਅਤੇ ਸ਼ਾਮ ਨੂੰ ਵਾਪਸ ਆ ਗਏ। ਇਸ ਤੋਂ ਪਿਛੋਂ ਮੈਨੂੰ ਰੋਜ਼ ਖਬਰ ਪਹੁੰਚਦੀ ਰਹੀ ਕਿ ਬੱਦੂ ਗਾਜ਼ਾ ਸ਼ਹਿਰ ਦੇ ਬਿਲਕੁਲ ਨਜ਼ਦੀਕ ਪਹੁੰਚ ਗਏ ਹਨ। ਹਾਲਤ ਬੜੀ ਖਰਾਬ ਨਜ਼ਰ ਪਈ ਆਉਂਦੀ ਸੀ। ਉਸ ਵੇਲੇ ਮੈਂ ਉਹੋ ਕੁਝ ਕੀਤਾ ਜੋ ਕਿ ਮੁਸ਼ਕਲਾਂ ਅਤੇ ਮੁਸੀਬਤਾਂ ਵੇਲੇ ਮੈਂ ਬਹੁਤ ਵਾਰੀ ਅੱਗੇ ਕਰ ਚੁੱਕਿਆ ਸੀ। ਆਪਣੇ ਦਫਤਰ ਵਿਚ ਹੀ ਮੈਂ ਗੋਡਿਆਂ ਪਰਨੇ ਹੋ ਕੇ ਨਿਰਮਾਣ ਹਿਰਦੇ ਨਾਲ ਕੁਝ ਇਸ ਪ੍ਰਕਾਰ ਅਰਦਾਸ ਕੀਤੀ ਹੇ ਖੁਦਾਵੰਦ, ਮੇਰੇ ਇਨਸਾਨੀ ਵਸੀਲੇ ਬਿਲਕੁਲ ਖਤਮ ਹੋ ਗਏ ਹਨ। ਜੇ ਹੁਣ ਬੱਦੂ, ਗਾਜ਼ਾ ਸ਼ਹਿਰ ਵਿਖੇ ਦਾਖਲ ਹੋ ਗਏ ਤਾਂ ਮਾਸੂਮਾਂ ਦਾ ਕਤਲਿਆਮ ਹੋਣਾ ਜ਼ਰੂਰੀ ਹੈ। ਮੈਂ ਬੱਦੂਆਂ ਨੂੰ ਨਹੀਂ ਰੋਕ ਸਕਦਾ। ਕ੍ਰਿਪਾ ਕਰ ਕੇ ਹੁਣ ਤੂੰ ਦਖਲ ਦੇਹ ਅਤੇ ਸਹਾਇਤਾ ਕਰ। ਨਤੀਜਾ ਬੜਾ ਅਸਚਰਜ ਨਿਕਲਿਆ ਕੁਝ ਚਿਰ ਤਾਂ ਇਹ ਖਬਰ ਮਿਲਦੀ ਰਹੀ ਕਿ ਬੱਦੂ ਸ਼ਹਿਰ ਦੇ ਨਜ਼ਦੀਕ ਪਹੁੰਚ ਰਹੇ ਹਨ। ਉਪਰੰਤ ਅਚਾਨਕ ਹੀ ਇਹ ਖਬਰ ਆਉਣ ਲਗ ਪਈ ਕਿ ਬੱਦੂਆਂ ਨੇ ਉਹ ਰਸਤਾ ਛੱਡ ਕੇ ਦੂਸਰੇ ਪਾਸੇ ਰੁਖ ਕਰ ਲਿਆ ਹੈ। ਹੁਣ ਉਹ ਉਤਰ ਪੂਰਬ ਵਲ ਮੂੰਹ ਕਰੀ ਜਾ ਰਹੇ ਸਨ। ਸਾਰੀ ਰਾਤ ਬੱਦੂਆਂ ਨੇ ਖੁਲ੍ਹੇ ਮੈਦਾਨ ਵਿਚ ਕਿਆਮ ਕੀਤਾ ਪਰ ਕਿਸੇ ਇਕ ਆਦਮੀ ਨੂੰ ਵੀ ਉਨ੍ਹਾਂ ਨੁਕਸਾਨ ਨਾ ਪੁਚਾਇਆ। ਅਗਲੀ ਸਵੇਰ ਹੀ ਜੰਗੀ ਜਹਾਜ਼ ਕਰੇਜਿਅਸ ਫੌਜ ਸਮੇਤ ਜਾਫਾ ਪਹੁੰਚ ਗਿਆ। ਫੌਜ ਦਾ ਕੁਝ ਹਿੱਸਾ ਫੌਰਨ ਹੀ ਗਾਜ਼ਾ ਭੇਜਿਆ ਗਿਆ ਅਤੇ ਉਹ ਸ਼ਹਿਰ ਤਬਾਹ ਹੋਣੋਂ ਬਚ ਗਿਆ। ਬਰਤਾਨੀਆਂ ਗਵਰਨਮੈਂਟ ਦਾ ਇਕ ਅਫਸਰ ਬੱਦੂਆਂ ਤਕ ਪਹੁਚ ਕੇ ਉਨ੍ਹਾਂ ਨੂੰ ਇਹ ਸਮਝਾਣ ਵਿਚ ਵੀ ਸਫਲ ਹੋ ਗਿਆ ਕਿ ਉਨ੍ਹਾਂ ਨੂੰ ਦੁਸ਼ਮਨਾਂ ਵਲੋਂ ਐਵੇਂ ਭੜਕਾਇਆ ਗਿਆ ਸੀ। ਬੱਦੂਆਂ ਨੇ ਵਾਪਸ ਮੁੜ ਜਾਣਾ ਪ੍ਰਵਾਨ ਕਰ ਲੀਤਾ। ਪਿਛੋਂ ਮੈਂ ਇਹ ਪਤਾ ਲਗਾਣ ਦੀ ਬੜੀ ਕੋਸ਼ਿਸ਼ ਕੀਤੀ ਕਿ ਕਿਉਂ ਬੱਦੂਆਂ ਨੇ ਅਚਾਨਕ ਹੀ ਆਪਣਾ ਰੁਖ ਬਦਲ ਲੀਤਾ, ਪਰ ਮੈਨੂੰ ਕੋਈ ਤਸੱਲੀਬਖਸ਼ ਕਾਰਣ ਨਾ ਲੱਭ ਸਕਿਆ। ਮੇਰਾ ਇਹ ਬਿਨਾ-ਸ਼ੱਕ ਪੱਕਾ ਵਿਸ਼ਵਾਸ਼ ਹੈ ਕਿ ਇਸ ਮੌਕੇ ਤੇ ਖੁਦਾਵੰਦ ਨੇ ਮੇਰੀ ਨਿਰਮਾਣ ਅਰਦਾਸ ਸੁਣ ਕੇ ਗਾਜ਼ਾ ਸ਼ਹਿਰ ਨੂੰ ਹੱਥ ਦੇ ਕੇ ਬਚਾਇਆ।

ਇਸ ਅੰਗਰੇਜ਼ੀ ਦੇ ਲੇਖ ਵਿਚ ਸਰ-ਵਿਲੀਅਮ ਡੋਬੀ ਆਪਣੇ ਜੀਵਨ ਦੇ ਹੋਰ ਵੀ ਕਈ ਵਾਕਿਆਤ ਲਿਖਦੇ ਹਨ ਜਦ ਕਿ ਵਾਹਿਗੁਰੂ ਨੇ ਨਿਰਮਾਣ ਅਰਦਾਸ ਸੁਣੀ ਅੱਗੇ ਔਖੇ ਸਮਿਆਂ ਵਿਚ ਰਖਿਆ ਕੀਤੀ। ਅੰਤ ਵਿਚ ਸਰ-ਵਿਲੀਅਮ ਡੋਬੀ ਲਿਖਦੇ ਹਨ ਕਿ ਜਿਨ੍ਹਾਂ ਨੂੰ ਅਕਾਲ ਪੁਰਖ ਦੀ ਅਟੱਲ ਹਸਤੀ ਵਿਚ ਵਿਸ਼ਵਾਸ਼ ਹੈ ਅਤੇ ਉਸਦੀ ਮੌਜੂਦਗੀ ਨੂੰ ਸਦਾ ਅੰਗ ਸੰਗ ਪ੍ਰਤੀਤ ਕਰਦੇ ਹਨ ਉਹ ਭਿਆਨਕ ਤੋਂ ਭਿਆਨਕ ਮੁਸੀਬਤ ਦਾ ਵਾਹਿਗੁਰੂ ਆਸਰੇ ਡਟ ਕੇ ਮੁਕਾਬਲਾ ਕਰ ਸਕਦੇ ਹਨ।

## ਆਸਵੰਦ ਰਹਿਣਾ

ਆਤਮ ਸਾਇੰਸ ਦੇ ਅਸੂਲਾਂ ਵਿਚੋਂ ਇਕ ਬੜਾ ਅਸੂਲ, ਅਰਦਾਸ ਜਾਂ ਬੇਨਤੀ ਕਰਨ ਮਗਰੋਂ ਆਸਵੰਦ ਰਹਿਣਾ ਹੈ। ਜਿਸ ਵਸਤੂ ਦੀ ਪ੍ਰਾਪਤੀ ਲਈ ਅਰਦਾਸ ਕੀਤੀ ਜਾਵੇ, ਅਰਦਾਸ ਮਗਰੋਂ ਉਸ ਵਸਤੂ ਦੇ ਪ੍ਰਾਪਤ ਹੋਣ ਦੀ ਪੂਰੀ ਆਸ ਹੋਣੀ ਚਾਹੀਦੀ ਹੈ। ਗੁਰਸਿੱਖ ਨੂੰ ਜਦ ਆਪਣੀ ਅਰਦਾਸ ਵਿਚ ਵਿਸ਼ਵਾਸ਼ ਹੋਵੇ ਤਾ ਜ਼ਰੂਰੀ ਹੈ ਕਿ ਅਰਦਾਸ ਮਗਰੋਂ ਉਹ ਆਪਣੀ ਅਰਦਾਸ ਦੇ ਪੂਰਿਆਂ ਹੋਣ ਦੀ ਆਸ ਕਰੇ। ਸਾਡੀਆਂ ਬਹੁਤ ਸਾਰੀਆਂ ਅਰਦਾਸਾਂ ਇਸੇ ਲਈ ਪੂਰੀਆਂ ਨਹੀਂ ਹੁੰਦੀਆਂ ਕਿ ਸਾਨੂੰ ਆਪਣੀ ਅਰਦਾਸ ਦੇ ਪੂਰਿਆਂ ਹੋਣ ਦੀ ਆਸ ਨਹੀਂ ਹੁੰਦੀ।

ਬ੍ਰਹਮ, ਜੀਵ ਦੇ ਫੁਰਨਿਆਂ ਨੂੰ ਸਾਖਸ਼ਾਤ ਕਰਦਾ ਰਹਿੰਦਾ ਹੈ। ਜੀਵ ਦੇ ਹਰ ਦ੍ਰਿੜ੍ਹ ਸੰਕਲਪ ਨੂੰ ਬ੍ਰਹਮ, ਆਪਣੀ ਸਤਿਆ ਦੇ ਕੇ ਦ੍ਰਿਸ਼ਟਮਾਨ ਜਗਤ ਵਿਚ ਪ੍ਰਗਟ ਕਰਦਾ ਹੈ। ਜਿਵੇਂ ਸਿਨਮਾਂ ਫਿਲਮ ਨੂੰ ਰੋਸ਼ਨੀ ਅੱਗੇ ਰੱਖਿਆ ਜਾਵੇ ਤਾਂ ਰੌਸ਼ਨੀ ਉਸ ਫਿਲਮ ਨੂੰ ਸਾਖਸ਼ਾਤ ਰੂਪ ਵਿਚ ਪਰਦੇ ਤੇ ਜ਼ਾਹਿਰ ਕਰਦੀ ਹੈ, ਇਸੇ ਤਰ੍ਹਾਂ ਜੀਵ ਦੇ ਸੰਕਲਪਾਂ ਨੂੰ ਬ੍ਰਹਮ ਆਪਣੀ ਸਤਿਆ ਨਾਲ ਦ੍ਰਿਸ਼ਟਮਾਨ ਜਗਤ ਅੰਦਰ ਪ੍ਰਗਟ ਕਰਦਾ ਰਹਿੰਦਾ ਹੈ। ਦ੍ਰਿੜ ਸੰਕਲਪ ਉਹ ਹੁੰਦਾ ਹੈ, ਜਿਸ ਦੇ ਪੂਰਿਆਂ ਹੋਣ ਦੀ ਜੀਵ ਨੂੰ ਪੱਕੀ ਆਸ ਹੋਵੇ। ਜਿਸ ਸੰਕਲਪ ਜਾਂ ਇਛਿਆ ਦੇ ਪਿਛੇ ਆਸ ਨਹੀਂ, ਉਤਸ਼ਾਹ ਨਹੀਂ, ਉਹ ਬ੍ਰਹਮ ਤੋਂ ਆਪਣੀ ਜ਼ਰੂਰਤ ਅਨੁਸਾਰ ਸ਼ਕਤੀ ਨਹੀਂ ਖਿੱਚ ਸਕਦੀ, ਦ੍ਰਿਸ਼ਟਮਾਨ ਜਗਤ ਵਿਚ ਪ੍ਰਗਟ ਹੋ ਕੇ ਨਜ਼ਰ ਨਹੀਂ ਆ ਸਕਦੀ।

ਇਸ ਆਤਮਕ ਭੇਦ ਦਾ ਪਤਾ ਕਸ਼ਮੀਰ ਦੀ ਉਸ ਬੁੱਢੀ ਮਾਈ ਨੂੰ ਸੀ, ਜਿਸਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅੱਗੇ ਘਰ ਆ ਕੇ ਦਰਸ਼ਨ ਦੇਣ ਦੀ ਅਰਦਾਸ ਕਰਨ ਮਗਰੋਂ, ਇਹ ਤਿਆਰੀ ਆਰੰਭ ਦਿਤੀ ਕਿ ਜਦ ਮੀਰੀ ਪੀਰੀ ਦਾ ਮਾਲਕ ਮੈਨੂੰ ਦਰਸ਼ਨ ਦੇਣ ਆਵੇਗਾ ਤਾਂ ਮੈਂ ਉਸ ਨੂੰ ਆਪਣੇ ਹੱਥਾਂ ਨਾਲ ਕੱਤ ਕੇ ਤਿਆਰ ਕੀਤਾ ਚੋਗਾ ਪਾਵਾਂਗੀ। ਮਾਈ ਚੋਗੇ ਲਈ ਰੂੰ ਕੱਤਦੀ ਸੀ ਤੇ ਲੋਕੀ ਮਾਈ ਦੀ ਮੂਰਖਤਾਈ ਤੇ ਹਸਦੇ ਸੀ। ਮਾਈ ਨੇ ਚਾਈਂ ਚਾਈਂ ਚੋਗਾ ਤਿਆਰ ਕਰ ਲਿਆ ਪਰ ਲੋਕਾਂ ਨੇ ਠਠੇ ਮਖੌਲ ਕਰਨੇ ਨਾ ਛੱਡੇ। ਲੋਕ ਆਖਦੇ ਸਨ ਕਿ ਇਸ ਗਰੀਬੜੀ

ਮਾਈ ਦਾ ਮਾਮੂਲੀ ਚੋਗਾ ਪਾਣ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ, ਦੀਨ-ਦੁਨੀਆਂ ਦੇ ਮਾਲਕ, ਪਾਤਸ਼ਾਹਾਂ ਦੇ ਸੱਚੇ ਪਾਤਸ਼ਾਹ ਕਿਉਂ ਪੰਜਾਬ ਤੋਂ ਤੁਰ ਕੇ ਆਵਣਗੇ? ਉਨ੍ਹਾਂ ਨੂੰ ਕੀ ਚੋਗਿਆਂ ਦਾ ਅਤੇ ਕੀਮਤੀ ਰੇਸ਼ਮੀ ਅਤਲਸੀ ਕੱਪੜਿਆਂ ਦਾ ਪੰਜਾਬ ਵਿਚ ਘਾਟਾ ਹੈ? ਇਸ ਲਈ ਆਤਮਕ ਰਮਜ਼ ਨੂੰ ਕੋਈ ਨਹੀਂ ਸੀ ਜਾਣਦਾ ਕਿ ਮਾਈ ਬੁੱਢੀ ਦਾ ਛੇਵੇਂ ਪਾਤਸ਼ਾਹ ਦੇ ਦਰਸ਼ਨਾਂ ਲਈ ਦ੍ਰਿੜ੍ਹ ਤੇ ਅਹਿਲ ਸੰਕਲਪ ਬ੍ਰਹਮ ਨੂੰ ਮਜ਼ਬੂਰ ਕਰ ਰਿਹਾ ਹੈ ਕਿ ਆਪਣੀ ਜੋਤ ਨੂੰ ਪਰੇਰ ਕੇ ਪੰਜਾਬ ਤੋਂ ਕਸ਼ਮੀਰ ਲੈ ਜਾਵੇ। ਜਦ ਸੱਚੀਂ ਮੁਚੀਂ ਗੁਰੂ ਹਰਿਗੋਬਿੰਦ ਸਾਹਿਬ ਮਾਈ ਬੁੱਢੀ ਦੇ ਵਿਹੜੇ ਵਿਚ ਆਣ ਖਲੋਤੇ ਤਾਂ ਲੋਕੀ ਦੰਗ ਸਨ ਕਿ ਇਹ ਕੀ ਹੋਇਆ? ਇਹ ਕਿਉਂ ਹੋਇਆ? ਪਰ ਮਾਈ ਬੁੱਢੀ ਦਾ ਆਸਵੰਦ ਮਨ ਉਸ ਨੂੰ ਵਧਾਈ ਦੇ ਰਿਹਾ ਸੀ ਅਤੇ ਆਖ ਰਿਹਾ ਸੀ, ਵੇਖ ਤੇਰੇ ਸੱਚੇ ਉਤਸ਼ਾਹ ਅਤੇ ਆਸਵੰਦ ਨਿਸ਼ਚੇ ਨੂੰ ਅਕਾਲ ਪੁਰਖ ਨੇ ਕਿਵੇਂ ਨਿਹਾਲ ਕੀਤਾ ਹੈ ਕਿਵੇਂ ਇਸ ਬੇਨਿਆਜ਼ ਹਸਤੀ ਨੂੰ ਪੰਜਾਬ ਤੋਂ ਤੋਰ ਕੇ ਤੇਰੇ ਵਿਹੜੇ ਵਿਚ ਆਣ ਖੜ੍ਹਾ ਕੀਤਾ ਹੈ।

ਆਪਣੀ ਸ਼ੁਭ ਕਾਮਨਾ ਦੇ ਪੂਰਿਆਂ ਹੋਣ ਦੀ ਆਸ ਵਿਚ ਅਡੋਲ ਹੋ ਕੇ ਭਰੋਸੇ ਵਿਚ ਖਲੋਣ ਨੂੰ ਹੰਕਾਰ ਜਾਂ ਮਾਣ ਨਹੀਂ ਸਮਝਣਾ ਚਾਹੀਦਾ। ਹੰਕਾਰੀ ਜਾਂ ਅਭਿਮਾਨੀ ਮਨ ਕਰਤਾਰ ਦੇ ਆਸਰੇ ਉਤੇ ਅਡੋਲ ਖਲੋ ਹੀ ਨਹੀਂ ਸਕਦਾ। ਮਨ ਉਦੋਂ ਕਰਤਾਰ ਦੇ ਆਸਰੇ ਉਤੇ ਖਲੋਂਦਾ ਹੈ ਜਦ ਇਹ ਕਰਤਾਰ ਨਾਲ ਜੁੜਿਆ ਹੋਵੇ, ਕਰਤਾਰ ਦੇ ਅਤੀ ਨੇੜੇ ਪਹੁੰਚਿਆ ਹੋਵੇ। ਕਰਤਾਰ ਵਿਚ ਹੰਕਾਰ ਦੀ ਰਿਜਮ ਨਹੀਂ ਇਸ ਲਈ ਕਰਤਾਰ ਨਾਲ ਮਨ ਜੋੜਨ ਲਈ ਜ਼ਰੂਰੀ ਹੈ ਕਿ ਮਨ ਨੂੰ ਹੰਕਾਰ ਜਾਂ ਤਕੱਬਰ ਤੋਂ ਖਾਲੀ ਕੀਤਾ ਜਾਵੇ। ਜਿਵੇਂ ਮੰਦਰ ਜਾਂ ਗੁਰਦਵਾਰੇ ਵਿਚ ਵੜਨ ਲੱਗਿਆਂ ਜੁੱਤੀਆਂ ਬਾਹਰ ਲਾਹ ਕੇ ਜਾਣਾ ਜ਼ਰੂਰੀ ਹੁੰਦਾ ਹੈ, ਉਸੇ ਤਰ੍ਹਾਂ ਅੰਦਰਲੇ ਗੁਰਦਵਾਰੇ ਵਿਚ ਜਿਥੇ ਸਿਰਜਣਹਾਰ ਦਾ ਨਿਵਾਸ ਹੈ ਉਥੇ ਹੰਕਾਰ ਜਾਂ ਹਉਮੈ ਦੀ ਜੁੱਤੀ ਨੂੰ ਉਤਾਰ ਕੇ ਹੀ ਦਾਖਲ ਹੋ ਸਕੀਦਾ ਹੈ।

ਇਸੇ ਛੇਵੇਂ ਪਾਤਸ਼ਾਹ ਨੂੰ ਇਕ ਗਰੀਬ, ਅਨਜਾਣ ਤੇ ਅੱਲ੍ਹੜ ਮੁੰਡਾ ਆਪਣੀਆਂ ਪੈਲੀਆਂ ਵਿਚ ਪਿਆਰ ਨਾਲ ਵਾਜਾਂ ਮਾਰਨ ਲਗ ਪਿਆ। ਇਸ ਮੁੰਡੇ ਨੂੰ ਆਪਣੀ ਮਾਤਾ ਤੋਂ ਕੇਵਲ ਇਤਨਾ ਪਤਾ ਮਿਲਿਆ ਸੀ ਕਿ ਜੇਕਰ ਮੀਰੀ ਪੀਰੀ ਦੇ ਮਾਲਕ ਨੂੰ ਪਿਆਰ ਨਾਲ ਸੱਚੇ ਦਿਲੋਂ ਵਾਜਾਂ ਮਾਰੀਏ, ਤਾਂ ਉਹ ਆ ਕੇ ਜ਼ਰੂਰ ਦਰਸ਼ਨ ਦਿੰਦਾ ਹੁੰਦਾ ਹੈ। ਇਹ ਗੱਲ ਸੁਣ ਕੇ ਮੁੰਡੇ ਨੇ ਮਾਂ ਨੂੰ ਪੁੱਛਿਆ ਸੀ ਕਿ ਜਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਦਰਸ਼ਨ ਹੋਣ ਤਾਂ ਉਨ੍ਹਾਂ ਦੀ ਭੇਟ ਕੀ ਕਰਨਾ ਹੋਵੇਗਾ। ਮਾਂ ਨੇ ਕਿਹਾ ਕਿ ਉਨ੍ਹਾਂ ਦੀ ਭੇਟਾ ਇਕ ਰੁਪਿਆ ਅਤੇ ਗੁੜ ਦੀ ਰੋੜੀ ਕਰਨੀ ਹੋਵੇਗੀ।

ਇਸ ਮੁੰਡੇ ਦੇ ਆਸਵੰਦ ਤੇ ਉਤਸ਼ਾਹੀ ਦਿਲ ਨੇ ਫਿਰ ਆਖਿਆ ਕਿ ਮੈਨੂੰ ਤੂੰ ਗੁੜ ਦੀ ਰੋੜੀ ਅਤੇ ਰੁਪਿਆ ਹੁਣੇ ਹੀ ਦੇ ਦੇ, ਮੈਂ ਪੱਲੇ ਬੰਨ੍ਹ ਕੇ ਹੀ ਗੁਰੂ ਜੀ ਨੂੰ ਵਾਜਾਂ ਮਾਰਾਂਗਾ ਕਿਉਂਕਿ ਜਦ ਉਹ ਮੇਰੀਆਂ ਆਵਾਜ਼ਾਂ ਸੁਣ ਕੇ ਆ ਗਏ ਤਾਂ ਉਸ ਵੇਲੇ ਮੈਂ ਤੈਥੋਂ ਰੁਪਿਆ ਅਤੇ ਗੁੜ ਦੀ ਰੋੜੀ ਲੈਣ ਕਿਵੇਂ ਆ ਸਕਾਂਗਾ? ਮਾਤਾ ਨੇ ਹੱਸ ਕੇ ਬੱਚੇ ਨੂੰ ਨਿਰਾਸ ਨਾ ਕਰਨ ਦੇ ਖਿਆਲ ਨਾਲ, ਰੁਪਿਆ ਤੇ ਗੁੜ ਦੀ ਰੋੜੀ ਮੁੰਡੇ ਦੇ ਪਲੇ ਬੰਨ੍ਹ ਦਿਤੀ। ਇਹ ਮੁੰਡਾ ਕਈ ਮਹੀਨੇ ਰੁਪਿਆ ਤੇ ਗੜਿ ਦੀ ਰੋੜੀ ਪੱਲੇ ਹੀ ਬੰਨ੍ਹੀ ਫਿਰਦਾ ਰਿਹਾ ਅਤੇ ਜਦ ਕੋਈ ਦੋਸਤ ਮਿਤਰ ਪੁਛੇ ਤਾਂ ਆਖਦਾ ਮੈਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਆ ਕੇ ਦਰਸ਼ਨ ਦੇਣੇ ਹਨ ਅਤੇ ਇਹ ਰੁਪਿਆ ਤੇ ਗੁੜ ਦੀ ਰੋੜੀ ਮੈਂ ਉਨ੍ਹਾਂ ਦੀ ਭੇਟ ਕਰਨੀ ਹੈ।ਪਿੰਡ ਦੇ ਬਾਲਕਾਂ ਅਤੇ ਹੋਰ ਲੋਕਾਂ ਨੇ ਇਸ ਮੁੰਡੇ ਦੀ ਇਹ ਗੱਲ ਸੁਣ ਕੇ ਮਖੌਲ ਵਜੋਂ ਉਸ ਦਾ ਨਾਮ ਹੀ 'ਪੱਲਾ' ਰਖ ਦਿਤਾ ਹੋਇਆ ਸੀ। ਉਸ ਨੂੰ ਜੋ ਬੁਲਾਂਦਾ 'ਪਲਿਆ' ਕਹਿ ਕੇ ਬੁਲਾਂਦਾ ਸੀ।

ਫਿਰ ਕੀ ਹੋਇਆ? ਇਤਿਹਾਸ ਵਿਚ ਲਿਖਿਆ ਹੈ ਕਿ ਇਸ ਮੁੰਡੇ ਦੇ ਆਸਵੰਦ ਅਤੇ ਉਤਸ਼ਾਹੀ ਪਿਆਰ ਨੇ ਇਕ ਦਿਨ ਸ੍ਰੀ ਗੁਰੂ ਹਰਿਗੋਬਿੰਦ ਨੂੰ ਸੱਚੀ-ਮੁਚੀ ਆਪਣੀਆਂ ਪੈਲੀਆਂ ਵਿਚ ਲਿਆ ਖੜ੍ਹੇ ਕੀਤਾ। ਮੁੰਡੇ ਨੇ ਕਈ ਮਹੀਨਿਆਂ ਦੀ ਪੱਲੇ ਨੂੰ ਦਿਤੀ ਗੰਢ ਖੋਹਲੀ ਅਤੇ ਰੁਪਿਆ ਤੇ ਗੁੜ ਦੀ ਰੋੜੀ ਸਾਹਿਬਾਂ ਦੇ ਚਰਨਾਂ ਵਿਚ ਰਖੀ।

ਆਮ ਲੋਕ ਆਖਣਗੇ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਉਸ ਮੁੰਡੇ ਤੇ ਤੁਠੇ, ਮਿਹਰਬਾਨ ਹੋਏ ਅਤੇ ਕ੍ਰਿਪਾਲਤਾ ਵਿਚ ਆ ਕੇ ਉਸ ਨੂੰ ਦਰਸ਼ਨ ਦਿਤੇ। ਪਰ ਇਹ ਤਸਵੀਰ ਦਾ ਇਕ ਐਸਾ ਪਹਿਲੂ ਹੈ ਜੋ ਸਾਨੂੰ ਬਾਹਰਲੇ ਪਾਸਿਉਂ ਬਗੈਰ ਖੇਚਲ ਕਰਨ ਦੇ ਦਿਸਦਾ ਹੈ। ਇਸੇ ਤਸਵੀਰ ਦਾ, ਇਸੇ ਇਤਿਹਾਸਕ ਘਟਨਾ ਦਾ ਇਕ ਹੋਰ ਪਾਸਾ ਹੈ ਜੋ ਕਿ ਵਿਚਾਰ ਦੀ ਅੱਖ ਨੂੰ ਨਜ਼ਰ ਆਉਂਦਾ ਅਤੇ ਵਿਚਾਰਵਾਨ ਹਿਰਦੇ ਨੂੰ ਸਦਾ ਲਈ ਗੁਝਾ ਆਤਮਕ ਭੇਦ ਸਮਝਾ ਦਿੰਦਾ ਹੈ।

ਗੁਰੂ ਹਰਿਗੋਬਿੰਦ ਸਾਹਿਬ ਸਭ ਲਈ ਇਕੋ ਜਿਹੀ ਦ੍ਰਿਸ਼ਟੀ ਤੇ ਇਕੋ ਜੇਹਾ ਪਿਆਰ ਰਖਦੇ ਹਨ। ਹਜ਼ੂਰ ਦੀ ਨਜ਼ਰ ਵਿਚ ਵਿਤਕਰਾ ਜਾਂ ਲਿਹਾਜ਼ ਨਹੀਂ ਸੀ। ਹਜ਼ੂਰ ਲਈ ਸਭ ਸਿਖ ਇਕੋ ਜਿਹੇ ਸਨ। ਹਜ਼ੂਰ ਹਰ ਇਕ ਸਿੱਖ ਨੂੰ ਦਰਸ਼ਨ ਦੇਣ ਲਈ ਤਿਆਰ ਸਨ ਪਰ ਦਰਸ਼ਨ ਕੇਵਲ ਉਨ੍ਹਾਂ ਨੂੰ ਹੀ ਨਸੀਬ ਹੋਏ ਜਿਨ੍ਹਾਂ ਨੂੰ ਆਪਣੀ ਅਰਦਾਸ ਦੇ ਪੂਰਿਆਂ ਹੋਣ ਦਾ ਪੂਰਨ ਭਰੋਸਾ ਤੇ ਅਹਿਲ ਵਿਸ਼ਵਾਸ ਸੀ। ਇਸ ਭਾਈ 'ਪਲੇ' ਨੂੰ ਆਪਣੀਆਂ ਪਿਆਰ ਨਾਲ ਮਾਰੀਆਂ ਆਵਾਜ਼ਾਂ ਦੇ ਅਸਰ ਸਬੰਧੀ ਕੋਈ ਸ਼ੱਕ ਹੀ ਨਹੀਂ ਸੀ। ਉਸ ਦੇ ਦਿਲ ਵਿਚ ਅਹਿਲ ਵਿਸ਼ਵਾਸ਼ ਸੀ ਕਿ ਮੇਰੀਆਂ ਪਿਆਰ ਤੇ ਉਤਸ਼ਾਹ ਭਰੀਆਂ ਆਵਾਜ਼ਾਂ ਨੂੰ ਸੁਣ ਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਜ਼ਰੂਰ ਆਵਣਾ ਹੈ। ਇਸੇ ਲਈ ਤਾਂ ਉਹ ਰੁਪਿਆ ਤੇ ਗੁੜ ਦੀ ਰੋੜੀ ਕਈ ਮਹੀਨੇ ਪਲੇ ਬੰਨ੍ਹੀ ਫਿਰਿਆ।

ਅੱਜ ਵੀ ਹਰ ਸਿੱਖ ਆਪਣੇ ਗੁਰੂ ਨੂੰ ਜਿਥੇ ਜੀਅ ਕਰੇ ਪਿਆਰ ਨਾਲ ਯਾਦ ਕਰ ਕੇ ਬੁਲਾ ਸਕਦਾ ਹੈ। ਲੋੜ ਹੈ ਤਾਂ ਕੇਵਲ ਭਰੋਸੇ ਦੀ ਸਿਦਕ ਦੀ ਆਸਵੰਦ ਰਹਿਣ ਦੀ ਅਤੇ ਆਪਣੇ ਪੱਲੇ ਰੁਪਿਆ ਤੇ ਰੋੜੀ ਬੰਨ੍ਹੀ ਫਿਰਨ ਦੀ।

### *ਅਉਖੀ ਘੜੀ ਨਾ ਦੇਖਣ ਦੇਈ ਅਪਨਾ ਬਿਰਦੁ ਸਮਾਲੇ।*

ਮੇਰੀ ਲੜਕੀ ਨੂੰ ਬੱਚਾ ਹੋਣ ਵਾਲਾ ਸੀ। ਪਹਿਲਾ ਬੱਚਾ ਹੋਣ ਕਰ ਕੇ ਤਕਲੀਫ ਦਾ ਡਰ ਸੀ। ਨੌਵੇਂ ਮਹੀਨੇ ਤਕ ਲੜਕੀ ਦੀ ਸਿਹਤ ਅੱਛੀ ਰਹੀ। ਪਰ ਨੌਵੇਂ ਮਹੀਨੇ ਦੇ ਅਖੀਰ ਵਿਚ ਬਦਨ ਉਤੇ ਸੋਜਾਂ ਪੈ ਗਈਆਂ। ਹੋਰ ਵੀ ਕੁਝ ਕਾਰਨਾਂ ਕਰਕੇ ਡਾਕਟਰਾਂ ਦਾ ਖਿਆਲ ਸੀ ਕਿ ਕੇਸ ਨਾਰਮਲ ਨਹੀਂ ਰਿਹਾ। ਜਨਮ ਸਮੇਂ ਜ਼ਰੂਰ ਓਪਰੇਸ਼ਨ ਕਰਨਾ ਪਵੇਗਾ।

ਜਦ ਵੱਡੇ ਡਾਕਟਰ ਨੂੰ ਮੈਂ ਕਿਹਾ ਕਿ ਮੇਰੇ ਘਰ ਵਿਚ

ਬਹੁਤ ਚਿਰ ਤੋਂ ਸਭ ਕੰਮ ਨਾਰਮਲ (ਠੀਕ) ਹੁੰਦੇ ਆ ਰਹੇ ਅਤੇ ਈਸ਼ਵਰ ਨੇ ਮੈਨੂੰ ਕਦੀ ਨਿਰਾਸ ਨਹੀਂ ਕੀਤਾ ਤਾਂ ਉਹ ਹੱਸ ਪਿਆ ਅਤੇ ਦੂਸਰੇ ਡਾਕਟਰਾਂ ਨੂੰ ਬੁਲਾ ਕੇ ਆਖਣ ਲੱਗਾ - ਦੇਖੋ, ਮਿਸਟਰ ਸਿੰਘ ਦਾ ਵਿਸ਼ਵਾਸ਼ ਹੈ ਕਿ ਬੱਚਾ ਕੁਦਰਤੀ ਹਾਲਤ ਵਿਚ ਪੈਦਾ ਹੋਵੇਗਾ। ਦੂਸਰੇ ਡਾਕਟਰਾਂ ਨੇ ਆਖਿਆ ਕਿ ਮਿਸਟਰ ਸਿੰਘ ਅਸੀਂ ਵੀ ਚਾਹੁੰਦੇ ਤਾਂ ਇਹੀ ਹਾਂ ਕਿ ਬੱਚਾ ਗੈਰ-ਕੁਦਰਤੀ ਤਰੀਕੇ ਵਿਚ ਪੈਦਾ ਨਾ ਹੋਵੇ ਲੇਕਿਨ ਆਸਾਰ ਇਸ ਦੇ ਖਿਲਾਫ ਹਨ ਅਤੇ ਸਾਨੂੰ ਆਪਣੀ ਰਾਏ ਦੇ ਅਨੁਸਾਰ ਓਪਰੇਸ਼ਨ ਦੀ ਪੂਰੀ ਤਿਆਰੀ ਕਰਨੀ ਹੋਵੇਗੀ।

ਵਕਤ ਆਉਣ ਉਤੇ ਲੜਕੀ ਨੂੰ ਨਰਸਿੰਗ ਹੋਮ (ਪ੍ਰਾਈਵੇਟ ਹਸਪਤਾਲ) ਵਿਖੇ ਲੈ ਜਾਇਆ ਗਿਆ। ਸਾਰਾ ਦਿਨ ਬੜੀ ਤਕਲੀਫ ਰਹੀ ਅਤੇ ਰਾਤ ਯਾਰਾਂ ਵਜੇ ਡਾਕਟਰਾਂ ਨੇ ਆਖਿਆ ਕਿ ਰਾਤ ਬੀਤਣ ਉਤੇ ਸਵੇਰ ਸਾਰ ਚਾਰ-ਪੰਜ ਵਜੇ ਬੱਚਾ ਪੈਦਾ ਹੋਣ ਦੀ ਆਸ ਹੈ ਇਸ ਲਈ ਤੁਸੀਂ ਘਰ ਚਲੇ ਜਾਓ। ਸਵੇਰੇ ਚਾਰ ਵਜੇ ਤੁਹਾਨੂੰ ਟੈਲੀਫੋਨ ਕਰ ਕੇ ਬੁਲਾ ਲਵਾਂਗੇ।

ਸਾਰਾ ਦਿਨ ਤਕਲੀਫ ਰਹਿਣ ਕਰਕੇ ਲੜਕੀ ਬੜੀ ਕਮਜ਼ੋਰ ਹੋ ਗਈ ਸੀ। ਉਸ ਨੇ ਮੈਨੂੰ ਬੁਲਾ ਕੇ ਕਿਹਾ ਮੇਰੇ ਵਿਚ ਤਾਂ ਅਰਦਾਸ ਕਰਨ ਦੀ ਵੀ ਸ਼ਕਤੀ ਨਹੀਂ, ਤੁਸੀਂ ਅਰਦਾਸ ਕਰੋ ਕਿ ਮੇਰੀ ਤਕਲੀਫ ਜਲਦੀ ਖਤਮ ਹੋਵੇ। ਮੈਥੋਂ ਵਧੇਰੇ ਤਕਲੀਫ ਸਹਾਰੀ ਨਹੀਂ ਜਾਵੇਗੀ। ਮੈਂ ਖੁਦ ਹੈਰਾਨ ਸੀ ਕਿ ਕੀ ਕਰਾਂ? ਸਾਰਾ ਦਿਨ ਬੱਚੀ ਦਾ ਤਕਲੀਫ ਵਿਚ ਗੁਜ਼ਰਿਆ ਹੈ ਅਤੇ ਡਾਕਟਰ ਆਖਦੇ ਹਨ ਕਿ ਅਜੇ ਸਾਰੀ ਰਾਤ ਗੁਜ਼ਰਨ ਤੇ ਪ੍ਰਭਾਤ ਵੇਲੇ ਜਾ ਕੇ ਬੱਚਾ ਪੈਦਾ ਹੋਵੇਗਾ। ਲੜਕੀ ਦੀ ਹਾਲਤ ਬੜੀ ਬੇਚੈਨ ਤੇ ਨਾਜ਼ੁਕ ਹੁੰਦੀ ਜਾ ਰਹੀ ਸੀ।

ਡਾਕਟਰਾਂ ਦੇ ਬਾਰ-ਬਾਰ ਕਹਿਣ ਉਤੇ ਮੈਂ ਯਾਰਾਂ ਵਜੇ ਰਾਤ ਦੇ ਘਰ ਨੂੰ ਮੁੜਿਆ ਤਾਕਿ ਘਰ ਚਲ ਕੇ, ਮਨ ਜੋੜ ਕੇ ਮਹਾਰਾਜ ਦਾ ਦਰਵਾਜ਼ਾ ਖਟ-ਖਟਾਇਆ ਜਾਵੇ। ਆਉਣ ਤੋਂ ਪਹਿਲੇ ਨਰਸਿੰਗ ਹੋਮ ਦੇ ਲੇਬਰ ਰੂਮ (ਉਸ ਕਮਰੇ ਵਿਚ ਜਿਥੇ ਬੱਚੇ ਪੈਦਾ ਹੁੰਦੇ ਹਨ) ਮੈਂ ਜਾ ਕੇ ਅਰਦਾਸ ਕੀਤੀ ਅਤੇ 'ਤਾਤੀ ਵਾਉ ਨ ਲਗਈ ਪਾਰਬ੍ਰਹਮ ਸਰਣਾਈ। ਚਉਗਿਰਦ ਹਮਾਰੈ ਰਾਮ ਕਾਰ ਦੁਖੁ ਲਗੈ ਨ ਭਾਈ।" ਦਾ ਪੂਰਾ ਸ਼ਬਦ ਸਿਦਕ ਵਿਚ ਆ ਕੇ ਪੜ੍ਹਿਆ। ਮੇਰੀ ਵੱਡੀ ਲੜਕੀ ਅਤੇ ਮੇਰੀ ਸੁਪਤਨੀ ਨਰਸਿੰਗ ਹੋਮ ਵਿਚ ਹੀ ਰਹੀਆਂ।

ਮੋਟਰਕਾਰ ਵਿਚ ਘਰ ਪਹੁੰਚਦਿਆਂ ਦਸ ਮਿੰਟ ਲੱਗੇ। ਯਾਰਾਂ ਵਜ ਕੇ ਦਸ ਮਿੰਟ ਉਤੇ ਹਥ ਜੋੜ ਕੇ ਅਰਦਾਸ ਕੀਤੀ। ਮੇਰਾ ਖਿਆਲ ਸੀ ਕਿ ਨੀਂਦਰ ਤਾਂ ਆਉਣੀ ਨਹੀਂ, ਸਾਰੀ ਰਾਤ ਬੈਠ ਕੇ ਅਰਦਾਸਾਂ ਅਤੇ ਸਿਮਰਨ ਕਰਦਾ ਰਹਾਂਗਾ।

ਇਸ ਅਰਦਾਸ ਵਿਚ ਮੈਂ ਜੋ ਕੁਝ ਵੇਖਿਆ ਅਤੇ ਜਿਸ ਆਤਮਕ ਤਜਰਬੇ ਥਾਣੀਂ ਮੈਨੂੰ ਲੰਘਣਾ ਪਿਆ ਉਹ ਮੈਂ ਪੂਰੀ ਤਰ੍ਹਾਂ ਸ਼ਾਇਦ ਬਿਆਨ ਨਾ ਕਰ ਸਕਾਂ, ਪਰ 'ਆਤਮ-ਮਾਰਗ' ਦੇ ਪਾਠਕਾਂ ਦੀ ਦਿਲਚਸਪੀ ਲਈ ਕੋਸ਼ਿਸ਼ ਜ਼ਰੂਰੀ ਕਰਦਾ ਹਾਂ -

ਇਸ ਅਰਦਾਸ ਦੇ ਸ਼ੁਰੂ ਵਿਚ ਮੈਂ ਇਕ ਬੜਾ ਭਿਆਨਕ ਦ੍ਰਿਸ਼ ਵੇਖਿਆ। ਇਹ ਦ੍ਰਿਸ਼ ਮੇਰੀ ਬੇਵਿਸ਼ਵਾਸ਼ੀ ਤੋਂ ਪੈਦਾ ਹੋਇਆ ਸੀ ਜਾਂ ਮੇਰਾ ਇਮਤਿਹਾਨ ਲੈਣ ਲਈ ਪੈਦਾ ਕੀਤਾ ਸੀ, ਮੈਨੂੰ ਮਾਲੂਮ ਨਹੀਂ। ਮੇਰਾ ਖਿਆਲ ਹੈ ਕਿ ਹਰ ਆਤਮਕ ਤਜਰਬੇ ਵੇਲੇ ਮਾਇਆ ਆਪਣਾ ਪੂਰਾ ਜ਼ੋਰ ਲਾਉਂਦੀ ਹੈ ਕਿ ਮੇਰਾ ਸ਼ਿਕਾਰ ਮੇਰੇ ਪੰਜੇ ਵਿਚੋਂ ਨਾ ਨਿਕਲੇ ਅਤੇ ਜੇਕਰ ਆਤਮਕ ਵਿਦਿਆਰਥੀ ਮਾਇਆ ਦੇ ਛਲ ਦੇ ਸਾਮ੍ਹਣੇ ਨਾ ਡੋਲੇ, ਨਾ ਘਬਰਾਏ ਅਤੇ ਆਪਣੇ ਆਤਮਕ ਨਿਸਚੇ ਉਤੇ ਮਜ਼ਬੂਤੀ ਨਾਲ ਕਾਇਮ ਰਹੇ ਤਾਂ ਮਇਆ ਆਪਣੇ ਛਲ ਸਮੇਤ ਅਲੋਪ ਹੋ ਜਾਂਦੀ ਹੈ ਤੇ ਅਕਾਲ ਸ਼ਕਤੀ ਆਪਣੇ ਸੇਵਕ ਦੀ ਪੈਜ ਰਖਦੀ ਹੈ। ਅਰਦਾਸ ਦੇ ਸ਼ੁਰੂ ਵਿਚ ਮੇਰੇ ਅੰਦਰੋਂ ਮਾਇਆ ਦੀ ਆਵਾਜ਼ ਆਈ ਕਿ ਜਿਸ ਵਾਹਿਗੁਰੂ ਅੱਗੇ ਤੂੰ ਅਰਦਾਸ ਕਰਨ ਲੱਗਾ ਹੈ, ਅਵਲ ਤਾਂ ਹੈ ਹੀ ਨਹੀਂ ਅਤੇ ਜੇਕਰ ਹੋਵੇ ਵੀ ਤਾਂ ਕਰਮਾਂ ਦੇ ਫਲ ਭੁਗਤਣ ਵਿਚ ਕਿਸੇ ਦੀ ਸਹਾਇਤਾ ਨਹੀਂ ਕਰਦਾ। ਤੇਰੀ ਲੜਕੀ ਨੇ ਪਿਛਲੇ ਜਨਮ ਜੋ ਕਰਮ ਕੀਤੇ ਹਨ, ਉਸ ਦਾ ਫਲ ਇਸਨੂੰ ਜ਼ਰੂਰ ਭੁਗਤਣਾ ਪਵੇਗਾ। ਤੇਰੀ ਲੜਕੀ ਦੀ ਹਾਲਤ ਵਾਕਈ ਖਰਾਬ ਹੈ। ਤੈਨੂੰ ਜੋ ਡਾਕਟਰ ਆਖ ਰਹੇ ਹਨ ਉਹ ਠੀਕ ਹੈ। ਤੈਨੂੰ ਇਸ ਅਰਦਾਸ ਵਿਚ ਸਿਵਾਏ ਨਿਰਾਸਤਾ ਦੇ ਹੋਰ ਕੁਛ ਨਹੀਂ ਮਿਲਣਾ। ਤੇਰਾ ਫਰਜ਼ ਇਹ ਸੀ ਕਿ ਆਪਣੀ ਜਾਨ ਤੋੜ ਰਹੀ ਲੜਕੀ ਦੇ ਸਿਰਹਾਣੇ ਖੜ੍ਹਾ ਰਹਿੰਦਾ ਅਤੇ ਉਸਦੇ ਅੰਤਲੇ ਸਮੇਂ ਉਸ ਦੇ ਪਾਸ ਹੁੰਦਾ। ਤੂੰ ਘਰ ਦੌੜ ਆਇਆ ਹੈਂ ਅਰਦਾਸ ਕਰਨ ਲਈ। ਇਹ ਤੇਰੀ ਕਿਤਨੀ ਭੁੱਲ ਸੀ। ਤੂੰ ਕਾਇਰ ਹੈਂ। ਮੁਸੀਬਤ ਦਾ ਮੁਕਾਬਲਾ ਕਰਨ ਦੀ ਬਜਾਏ ਤੂੰ ਮੁਸੀਬਤ ਤੋਂ ਡਰਦਾ ਘਰ ਆ ਗਿਆ ਹੈਂ। ਇਸ ਤੋਂ ਬਾਅਦ ਮੇਰੀ ਲੜਕੀ ਦੀ ਮੁਰਦਾ ਲਾਸ਼ ਲਈ ਅਰਦਾਸ ਕਰਨਾ ਫਜ਼ੂਲ ਹੈ ਅਤੇ ਸਮੇਂ ਨੂੰ ਨਸ਼ਟ ਕਰਨਾ ਹੈ। ਜੋ ਹੋਣਾ ਸੀ ਹੋ ਗਿਆ।

ਇਸ ਦ੍ਰਿਸ਼ ਨੂੰ ਦੇਖ ਕੇ ਮੈਂ ਬੜਾ ਹੈਰਾਨ ਹੋਇਆ ਅਤੇ ਘਬਰਾਰਿਆ। ਪਰ ਉਸ ਘਬਰਾਹਟ ਦੀ ਅਵਸਥਾ ਵਿਚ ਮੇਰੇ ਮੂੰਹੋਂ ਇਹੋ ਸ਼ਬਦ ਨਿਕਲੇ ਕਿ 'ਨਹੀਂ ਨਹੀਂ ਇਹ ਕਦੇ ਨਹੀਂ ਹੋ ਸਕਦਾ। ਮੇਰਾ ਵਾਹਿਗੁਰੂ ਸਰਬਸ਼ਕਤੀਮਾਨ ਹੈ। ਮੇਰਾ ਵਾਹਿਗੁਰੂ ਮੇਰੀ ਲੜਕੀ ਦੇ ਪਿਛਲੇ ਜਨਮ ਦੇ ਕਰਮਾਂ ਵਲ ਨਹੀਂ ਵੇਖਦਾ। ਉਹ ਆਪਣੀ ਸ਼ਰਨ ਆਇਆ ਦੀ ਸਦਾ ਲਜਿਆ ਰਖਦਾ ਹੈ। ਇਹ ਦ੍ਰਿਸ਼ ਝੂਠਾ ਹੈ, ਮਾਇਆ ਦਾ ਛਲ ਹੈ, ਧੋਖਾ ਹੈ। ਮੇਰਾ ਵਾਹਿਗੁਰੂ ਮਾਇਆ ਤੋਂ ਬੇਅੰਤ ਗੁਣਾਂ ਵੱਧ ਸ਼ਕਤੀਮਾਨ ਹੈ। ਮੇਰੀਆਂ ਅੱਖਾਂ ਧੋਖਾ ਖਾ ਸਕਦੀਆਂ ਹਨ, ਮੇਰੇ ਕੰਨ ਧੋਖਾ ਖਾ ਸਕਦੇ ਹਨ, ਡਾਕਟਰ ਧੋਖਾ ਖਾ ਸਕਦੇ ਹਨ, ਮੇਰੀ ਲੜਕੀ ਧੋਖਾ ਖਾ ਸਕਦੀ ਹੈ ਪਰ ਮੈਂ ਗੁਰੂ ਅਰਜਨ ਦੇਵ ਦਾ ਸਿੱਖ ਹਾਂ, ਮੈਂ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਹਾਂ। ਮੈਂ ਧੋਖਾ ਨਹੀਂ ਖਾ ਸਕਦਾ। ਮੈਨੂੰ ਪਤਾ ਹੈ ਕਿ 'ਪ੍ਰਭ ਭਾਵੇ ਬਿਨ ਸਾਸ ਤੇ ਰਾਖੈ' ਦਾ ਮਹਾਵਾਕ ਸੱਚ ਹੈ, ਅਟੱਲ ਹੈ, ਮੇਰੀ ਲੜਕੀ ਜ਼ਰੂਰ ਅੱਛੀ ਨੌ-ਬਰ-ਨੌ ਹੋ ਜਾਵੇਗੀ। ਉਸਨੂੰ ਹੋਰ ਤਕਲੀਫ ਨਹੀਂ ਹੋਵੇਗੀ। ਇਹ ਕਹਿ ਕੇ ਮੈਂ ਆਪਣੀ ਝੋਲੀ ਅੱਡ ਦਿੱਤੀ ਅਤੇ ਆਖਿਆ - ਸੱਚੇ ਪਾਤਸ਼ਾਹ! ਸਾਡੇ ਅਉਗਣਾਂ ਵਲ ਨਾ ਤਕੋ, ਮੈਨੂੰ ਆਪਣੀ ਪਿਆਰੀ ਬੱਚੀ ਦੀ ਸਲਾਮਤੀ ਦੀ ਦਾਤ ਬਖਸ਼ੋ। ਇਹ ਮਾਇਆ ਦੇ ਛਲ ਨੂੰ ਝੂਠਾ ਸਾਬਤ ਕਰੋ।'

ਜਦ ਮੇਰੇ ਮਨ ਵਿਚ ਉਕਤ ਖਿਆਲ ਬੜੀ ਦ੍ਰਿੜਤਾ ਨਾਲ ਗੁਜ਼ਰੇ ਤਾਂ ਮੇਰੀਆਂ ਅੱਖਾਂ ਦੇ ਸਾਮ੍ਹਣਿਓਂ ਸਮੱਸਿਆ ਦਾ ਸਾਰਾ ਭਿਆਨਕ ਦ੍ਰਿਸ਼ ਹੌਲੀ-ਹੌਲੀ ਅਲੋਪ ਹੋ ਗਿਆ। ਮੇਰਾ ਪਰੇਸ਼ਾਨ ਅਤੇ ਥੱਕਿਆ ਮਨ ਇਕ ਅਜੀਬ ਸ਼ਾਂਤੀ ਅਤੇ ਨਿਰਭੈਤਾ ਦੀ

ਅਵਸਥਾ ਵਿਚ ਲੈ ਜਾਇਆ ਗਿਆ। ਇਸ ਅਵਸਥਾ ਵਿਚ ਮੈਂ ਆਪਣੇ ਅੰਗ ਸੰਗ ਨਿਰਭੈ ਅਕਾਲ ਕ੍ਰਿਪਾਲੂ ਵਾਹਿਗੁਰੂ ਜੀ ਨੂੰ ਦੇਖ ਰਿਹਾ ਅਤੇ ਆਖ ਰਿਹਾ ਸੀ –

ਵਾਹਿਗੁਰੂ ਜੀ ਕਾ ਖਾਲਸਾ

ਵਾਹਿਗੁਰੂ ਜੀ ਕੀ ਫਤਹਿ।

ਇਸ ਅਵਸਥਾ ਵਿਚੋਂ ਮੇਰੀ ਸੁਰਤ ਨੂੰ ਟੈਲੀਫੋਨ ਦੀ ਘੰਟੀ ਨੇ ਉਖੇੜਿਆ। ਉਠ ਕੇ ਟੈਲੀਫੋਨ ਨੂੰ ਕੰਨ ਨਾਲ ਲਾਇਆ ਤਾਂ ਮੇਰੀ ਵੱਡੀ ਲੜਕੀ ਨਰਸਿੰਗ ਹੋਮ ਤੋਂ ਟੈਲੀਫੋਨ ਰਾਹੀਂ ਆਖਦੀ ਸੁਣਾਈ ਦਿਤੀ ਅਤੇ ਬੇਬੀ ਹੋ ਗਈ ਹੈ, ਯਾਰਾਂ ਵਜ ਕੇ ਤਰਤਾਲੀ ਮਿੰਟ ਤੇ ਹੋਈ ਹੈ, ਜਨਮ ਬਿਲਕੁਲ ਕੁਦਰਤੀ ਤੌਰ ਤੇ ਹੋਇਆ ਹੈ। ਡਾਕਟਰ ਹੈਰਾਨ ਹਨ। ਬੇਬੀ ਤੇ ਉਸ ਦੀ ਮਾਤਾ ਬਿਲਕੁਲ ਰਾਜ਼ੀ ਹਨ ਅਤੇ ਹੁਣ ਆਰਾਮ ਨਾਲ ਸੌਂ ਰਹੀਆਂ ਹਨ।

ਤਦ ਫੇਰ ਮੈਂ ਮਹਾਂਵਾਕ ਪੜ੍ਹਦਾ ਸੌਂ ਗਿਆ –

***ਵਾਰਿਆ ਨ ਜਾਵਾ ਏਕ ਵਾਰ ॥***
***ਜੋ ਤੁਧੁ ਭਾਵੈ ਸਾਈ ਭਲੀ ਕਾਰ ॥***
***ਤੂ ਸਦਾ ਸਲਾਮਤਿ ਨਿਰੰਕਾਰ ॥ ਅੰਗ - ੩***

## ਸਭ ਤੋਂ ਚੰਗੀ ਅਰਦਾਸ

ਸਭ ਤੋਂ ਚੰਗੀ ਅਰਦਾਸ ਆਪਣੀ ਆਤਮਕ ਤਰੱਕੀ ਲਈ ਵਾਹਿਗੁਰੂ ਜੀ ਅੱਗੇ ਦ੍ਰਿੜ੍ਹ ਬੇਨਤੀਆਂ ਕਰਨਾ ਹੈ। ਜਿਉਂ-ਜਿਉਂ ਆਤਮਕ ਤਰੱਕੀ ਹੋਵੇਗੀ, ਤਿਉਂ-ਤਿਉਂ ਗੁਰਸਿਖ ਸੁਖੀ ਤੇ ਸ਼ਾਂਤ ਹੁੰਦਾ ਜਾਵੇਗਾ।

ਆਤਮਕ ਤਰੱਕੀ ਕੀ ਹੈ? ਆਤਮਕ ਤਰੱਕੀ ਵਾਹਿਗੁਰੂ ਜੀ ਵਰਗਿਆਂ ਬਣਨ, ਵਾਹਿਗੁਰੂ ਜੀ ਦਾ ਰੂਪ ਬਣਨ, ਵਾਹਿਗੁਰੂ ਜੀ ਦਾ ਬਣਨ ਦੀ ਨਿਰੀ ਕੋਸ਼ਿਸ਼ ਦਾ ਨਾਮ ਨਹੀਂ, ਬਲਕਿ ਉਸ ਕੋਸ਼ਿਸ਼ ਦੀ ਸਫਲਤਾ ਦਾ ਨਾਮ ਹੈ। ਅਸੀਂ ਅਮਲਾਂ ਦਵਾਰਾ, ਰੋਜ਼ਾਨਾ ਜੀਵਨ ਦਵਾਰਾ, ਜਿਤਨੇ ਵਾਹਿਗੁਰੂ ਜੀ ਵਰਗੇ ਕੰਮ ਕਰੀਏ, ਵਾਹਿਗੁਰੂ ਜੀ ਨੂੰ ਆਪਣੇ ਕਰਮਾਂ ਦਵਾਰਾ ਜਿਤਨਾ ਪ੍ਰਕਾਸ਼ੀਏ, ਉਤਨਾ ਹੀ ਸਾਨੂੰ ਆਪਣੀ ਆਤਮਕ ਤਰੱਕੀ ਸਮਝਣੀ ਚਾਹੀਦੀ ਹੈ।

***ਸੰਤ ਰਾਮ ਕੈ ਏਕੈ ਕਾਮ।***

ਵਾਹਿਗੁਰੂ ਜੀ ਦਾ ਰੂਪ ਬਣਨ ਵਾਸਤੇ, ਵਾਹਿਗੁਰੂ ਜੀ ਦੇ ਗੁਣਾਂ ਨੂੰ ਹਰ ਵਕਤ ਆਪਣੇ ਮਨ ਦੇ ਸਾਮ੍ਹਣੇ ਰਖਣਾ ਹੋਵੇਗਾ। ਵਾਹਿਗੁਰੂ ਜੀ ਦੇ ਗੁਣਾਂ ਨੂੰ ਸਦਾ ਮਨ ਦੇ ਸਾਮ੍ਹਣੇ ਰਖਣ ਨਾਲ, ਮਨ ਉਨ੍ਹਾਂ ਗੁਣਾਂ ਦੀ ਸੰਗਤ ਕਰਦਾ-ਕਰਦਾ ਖੁਦ-ਬਖੁਦ ਉਨ੍ਹਾ ਗੁਣਾਂ ਦਾ ਰੂਪ ਬਣ ਜਾਵੇਗਾ ਜਾਂ ਇੰਜ ਸਮਝੋ ਕਿ ਇਸ ਤਰ੍ਹਾਂ ਮਨ ਵਿਚ ਉਹ ਗੁਣ ਆ ਜਾਂਦੇ ਹਨ। ਮਨ ਗੁਣਵਾਨ ਬਣ ਜਾਂਦਾ ਹੈ। ਵਾਹਿਗੁਰੂ ਜੀ ਦੇ ਗੁਣਾਂ ਨੂੰ ਮਨ ਸਾਮ੍ਹਣੇ ਕਿਵੇਂ ਰਖਿਆ ਜਾਵੇ? ਗੁਰਬਾਣੀ ਵਿਚੋਂ ਐਸੇ ਸ਼ਬਦ ਜਿਨ੍ਹਾਂ ਵਿਚ ਵਾਹਿਗੁਰੂ ਜੀ ਦੇ ਜੱਸ, ਸਿਫਤਾਂ ਦਾ ਜ਼ਿਕਰ ਹੋਵੇ, ਸਦਾ ਪਿਆਰ ਨਾਲ ਘੜੀ ਮੁੜੀ ਪੜ੍ਹਨੇ ਚਾਹੀਦੇ ਹਨ। ਐਸੇ ਸ਼ਬਦਾਂ ਦੇ ਪੜ੍ਹਨ ਨਾਲ ਸਾਡਾ ਮਨ ਇਕ ਤਰ੍ਹਾਂ ਦੀ ਵਾਹਿਗੁਰੂ ਦੀ ਸੰਗਤ ਕਰਦਾ ਹੈ ਅਤੇ ਇਸ ਪਵਿੱਤਰ ਸੰਗਤ ਜਾਂ ਰੰਗ ਆਪਣੇ ਉਤੇ ਚੜ੍ਹਾਂਦਾ ਹੈ।

ਵਾਹਿਗੁਰੂ ਜੀ ਦਾ ਰੂਪ ਬਣਨ ਲਈ, ਵਾਹਿਗੁਰੂ ਜੀ ਨਾਲ ਅਤਿਅੰਤ ਦਰਜੇ ਦਾ ਉਚਾ ਤੇ ਸੁੱਚਾ ਪਿਆਰ ਕਰਨਾ ਹੋਵੇਗਾ। ਵਾਹਿਗੁਰੂ ਜੀ ਨਾਲ ਐਸਾ ਪਿਆਰ ਓਦੋਂ ਸਮਝੋ ਜਦੋਂ ਵਾਹਿਗੁਰੂ ਜੀ ਵਰਗਾ ਪਿਆਰਾ ਤੇ ਚੰਗਾ ਹੋਰ ਕੋਈ ਨਾ ਲੱਗੇ। ਦੁਨੀਆਂ ਦੇ ਸਭ ਰਿਸ਼ਤਿਆਂ ਤੇ ਸਾਕਾਂ ਨਾਲੋਂ ਜਦ ਵਾਹਿਗੁਰੂ ਜੀ ਵਧੇਰੇ ਲਗਣ, ਤਦ ਸਮਝੋ ਕਿ ਵਾਹਿਗੁਰੂ ਜੀ ਨਾਲ ਪਿਆਰ ਹੈ।

***ਤੂੰ ਮੇਰਾ ਪਿਤਾ ਤੂੰਹੈਂ ਮੇਰਾ ਮਾਤਾ।***
***ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।***
***ਤੂੰ ਮੇਰਾ ਰਾਖਾ ਸਭਨੀ ਥਾਈ।***
***ਤਾ ਭਉ ਕੇਹਾ ਕਾੜਾ ਜੀਉ।***
***ਮਾਤ ਪਿਊ ਸੁਤ ਬੰਧੁ ਨਰਾਇਣੁ। (ਭੈਰਉ ਮ: ੫)***

ਵਾਹਿਗੁਰੂ ਜੀ ਦਾ ਰੂਪ ਉਦੋਂ ਬਣੀਦਾ ਹੈ ਜਦ ਵਾਹਿਗੁਰੂ ਜੀ ਵਾਂਗ ਸਾਡੇ ਵਿਚ ਵੀ ਬਦੀ ਦਾ ਤੁਖਮ ਨਾ ਰਹੇ। ਬਦੀ ਇਕ ਨਵੀਂ ਸ਼ਕਤੀ ਹੈ, ਇਹ ਪਾਪ ਤੋਂ ਸ਼ੁਰੂ ਹੋ ਕੇ ਦੁਖ, ਚਿੰਤਾ, ਫਿਕਰ, ਬੀਮਾਰੀ ਅਤੇ ਮੌਤ ਤੇ ਜਾ ਕੇ ਖਤਮ ਹੁੰਦੀ ਹੈ। ਵਾਹਿਗੁਰੂ ਜੀ ਵਿਚ ਬਦੀ ਨਹੀਂ। ਅਸੀਂ ਉਤਨਾ ਹੀ ਵਾਹਿਗੁਰੂ ਜੀ ਦਾ ਬਣਾਂਗੇ ਜਿਤਨਾ ਕਿ ਆਪਣੇ ਮਨ ਵਿਚੋਂ ਬਦੀ ਦਾ ਖਿਆਲ ਦੂਰ ਕਰਨ ਵਿਚ ਸਫਲ ਹੋਵਾਂਗੇ। ਬਦੀ ਅਸਲ ਵਿਚ ਕੁਛ ਨਹੀਂ, ਪਰ ਅਗਿਆਨੀ ਮਨ ਨੂੰ ਬਹੁਤ ਬੜੀ ਸ਼ਕਤੀ ਭਾਸਦੀ ਹੈ।

ਅਸਲ ਵਿਚ ਬਦੀ ਵਾਹਿਗੁਰੂ ਜੀ ਦੀ ਗੈਰ-ਹਾਜ਼ਰੀ ਦਾ ਨਾਮ ਹੈ। ਜਿਸ ਮਨ ਵਿਚ ਵਾਹਿਗੁਰੂ ਹੀ ਦਾ ਨਾਮ, ਉਸ ਦੀਆਂ ਸਿਫਤਾਂ ਤੇ ਗੁਣ ਪ੍ਰਵੇਸ਼ ਕਰਨ, ਉਥੇ ਬਦੀ ਦੇ ਟਿਕਣ ਜਾਂ ਖਲੋਣ ਦੀ ਥਾਂ ਨਹੀਂ ਰਹਿੰਦੀ। ਬਦੀ ਵਾਹਿਗੁਰੂ ਜੀ ਤੋਂ ਸਖਣੇ ਤੇ ਬੇਮੁਖ ਮਨ ਵਿਚ ਹੀ ਨਿਵਾਸ ਕਰ ਸਕਦੀ ਹੈ।

ਮਨ ਨੂੰ ਬਦੀ ਤੋਂ ਬਿਲਕੁਲ ਖਾਲੀ ਕਰ ਸਕਣਾ ਤੇ ਵਾਹਿਗੁਰੂ ਜੀ ਦੇ ਨਾਲ ਤੇ ਉਸ ਦੀਆਂ ਸਿਫਤਾਂ ਨਾਲ ਭਰਪੂਰ ਕਰ ਲੈਣਾ ਕੋਈ ਆਸਾਨ ਕੰਮ ਨਹੀਂ। ਐਸਾ ਕਰਨ ਵਾਸਤੇ ਬੜੀ ਭਾਰੀ ਤਿਆਰੀ, ਮਿਹਨਤ ਤੇ ਕੁਰਬਾਨੀ ਦਰਕਾਰ ਹੈ।

ਮਨ ਬਚਨ ਅਤੇ ਕਰਮ ਕਰਕੇ ਗੁਰਬਾਣੀ ਦੇ ਉਪਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨਾ ਅਤੇ ਸਵਾਸ ਸਵਾਸ ਨਾਮ ਜਪਣ ਦੀ ਆਦਤ ਪੱਕੀ ਕਰਨੀ ਅਤੇ ਗੁਰੂ ਗਿਆਨ ਨਾਲ ਮਨ ਵਿਚ ਹੋਣ ਵਾਲੀਆਂ ਤਬਦੀਲੀਆਂ ਨਾਲ ਖਿੜੇ ਮੱਥੇ ਮਿਲਵਰਤਨ ਕਰਨੀ ਹੀ ਆਤਮਕ ਤਿਆਰੀ, ਮਿਹਨਤ ਅਤੇ ਕੁਰਬਾਨੀ ਹੈ।

***ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ***
***ਸੋ ਗੁਰਸਿਖੁ ਗੁਰੂ ਮਨਿ ਭਾਵੈ ॥***
***ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ***
***ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥***
***ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ***
***ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ - ੩੦੫***

(----------)

# ਸੁਰਤਿ ਸਬਦਿ ਮਾਰਗ

***ਸੰਤ ਵਰਿਆਮ ਸਿੰਘ ਜੀ,***
***ਬਾਨੀ ਵਿ. ਗੁ. ਰੂ. ਮਿਸ਼ਨ***

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-28)*

ਉਹ ਕਹਿੰਦੀ, ਸੰਤ ਮੈਨੂੰ ਨੇੜੇ ਨਹੀਂ ਆਉਣ ਦਿੰਦੇ ਕਿ ਤੂੰ ਰੱਬ ਨੂੰ ਭੁਲਾਉਂਦੀ ਹੈਂ। ਮੈਂ ਮੱਥਾ ਟੇਕਦੀ ਹਾਂ ਕਿ ਮਹਾਰਾਜ! ਮੈਂ ਦਾਸੀ ਹੋ ਕੇ ਕਾਰ ਕਰੂੰ। ਉਹ ਕਹਿੰਦੇ, ਤੇਰਾ ਭਰੋਸਾ ਨਹੀਂ, ਕਿਹੜੇ ਵੇਲੇ ਤੂੰ ਠੱਗ ਲਵੇਂ। ਤਾਂ ਮੇਰੇ ਇਹ ਮੂਹਰਲੇ ਕੇਸ ਘਸ ਗਏ। ਪਿਛਲੇ ਕੇਸ, ਕਹਿੰਦੀ ਇਹ ਪਾਮਰ ਲੋਕ ਨੇ ਜਿਹੜੇ - ਪਾਪੀ, ਵਿਸ਼ਈ ਲੋਕ, ਇਹ ਮੈਨੂੰ ਲੈ ਕੇ ਵਿਸ਼ਿਆਂ ਤੇ ਖਰਚ ਕਰਦੇ ਨੇ, ਸ਼ਰਾਬਾਂ, ਕਬਾਬਾਂ, ਮਾੜਿਆਂ ਕੰਮਾਂ ਤੇ ਲਾਉਂਦੇ ਨੇ, ਮੈਂ ਇਨ੍ਹਾਂ ਤੋਂ ਦੂਰ ਭੱਜਦੀ ਹਾਂ। ਤੇ ਪਿਛਲੇ ਵਾਲ ਇਨ੍ਹਾ ਨੇ ਫੜ ਕੇ ਪੁੱਟੇ ਹੋਏ ਨੇ। ਕਹਿੰਦੇ, ਕੋਈ ਕੌਤਕ ਤਾਂ ਦਿਖਾ। ਕਹਿੰਦੀ, ਦੇਖ ਲਓ, ਕੌਤਕ ਮੇਰੇ ਖਤਰਨਾਕ ਨੇ; ਜੰਗਲ ਵਿਚ ਚੱਲੋ। ਕਹਿੰਦੀ, ਤੁਹਾਨੂੰ ਲੋਭੀ ਦਾ ਕੌਤਕ ਦਿਖਾਉਂਦੀ ਹਾਂ। ਮਾਇਆ ਦੀ ਥੈਲੀ ਰਸਤੇ ਵਿਚ ਸੁੱਟ ਦਿਤੀ।

ਚਾਰ ਮਿਤਰ ਤੁਰੇ ਆਉਂਦੇ ਨੇ, ਇਕੱਠੇ ਤੁਰੇ ਨੇ, ਇਕੱਠੇ ਹੀ ਕਿਤੇ ਜਾਣਾ ਹੈ, ਤੇ ਇਕੱਠਿਆਂ ਨੇ ਹੀ ਵਾਪਿਸ ਆਉਣਾ ਸੀ। ਜਾਂਦੇ-ਜਾਂਦੇ ਜਦ ਮਾਇਆ ਦੀ ਥੈਲੀ ਦੇਖੀ, ਚਮਕ ਮਾਰਦੀ ਹੈ, ਮੋਹਰਾਂ ਚਮਕਦੀਆਂ ਨੇ। ਕਹਿਣ ਲੱਗੇ, ਲੈ ਬਈ, ਕੋਈ ਚੀਜ਼ ਹੋਵੇ, ਆਪਾਂ ਚਾਰ ਹਿੱਸਿਆਂ ਵਿਚ ਵੰਡ ਲੈਣੀ ਹੈ। ਅੱਗੇ ਗਏ, ਬੜੇ ਖੁਸ਼ ਹੋਏ, ਥੈਲੀ ਉਠਾ ਲਈ। ਮੋਹਰਾਂ ਦੀ ਭਰੀ ਪਈ ਹੈ।

ਇਕ ਪਾਸੇ ਹੋ ਗਏ ਕਿ ਕੋਈ ਆ ਨਾ ਜਾਵੇ ਜਿਸ ਦੀ ਗਿਰੀ ਹੋਈ ਹੈ, ਕੁਰਾਹੇ ਚੱਲਣ ਲਗ ਗਏ। ਥੋੜ੍ਹੀ ਦੂਰ ਗਏ, ਕਿ ਆਪਾਂ ਵੰਡ ਲਈਏ। ਟੱਪਦੇ ਨੇ, ਛਾਲਾਂ ਮਾਰਦੇ ਨੇ ਕਿ ਐਨਾ ਧਨ ਤਾਂ ਆਪਾਂ ਨੂੰ ਕਦੇ ਪ੍ਰਾਪਤ ਹੀ ਨਹੀਂ ਸੀ ਹੋਣਾ, ਇਹ ਤਾਂ ਸਾਡੀ ਕਿਸਮਤ ਹੀ ਖੁੱਲ੍ਹ ਗਈ। ਪਹਿਲਾਂ ਆਪਾਂ ਖਾ ਪੀ ਲਈਏ - ਫੇਰ ਵੰਡਾਂਗੇ। ਦੋ ਬੰਦੇ ਭੇਜ ਦਿਤੇ ਕਿ ਜਾਉ, ਰੋਟੀ ਲੈ ਆਉ - ਪਿੰਡ 'ਚੋਂ। ਉਹ ਦੋਇ ਚੁੱਪ ਕਰੀ ਜਾਂਦੇ ਨੇ। ਏਧਰ ਦੋਇ ਚੁੱਪ ਕਰੀ ਬੈਠੇ ਨੇ। ਇਕ ਕਹਿੰਦਾ -

"ਤੂੰ ਗੱਲ ਨਹੀਂ ਕਰਦਾ?"

"ਤੂੰ ਕਰ।"

"ਜੇ ਮੈਂ ਗੱਲ ਕਰਾਂ, ਤੂੰ ਬੁਰਾ ਤਾਂ ਨਹੀਂ ਮੰਨੇਗਾ?"

"ਨਹੀਂ।"

"ਜੇ ਆਪਾਂ ਦੋਇ ਲੈ ਲਈਏ ਇਹ ਮੋਹਰਾਂ ਕਿਸੇ ਢੰਗ ਦੇ ਨਾਲ?"

"ਮੈਂ ਵੀ ਇਹੀ ਸੋਚਦਾਂ ਕਿ ਆਪਾਂ ਦੋਹਾਂ ਨੂੰ.........।"

"ਫੇਰ ਆਪਣੀ ਗੱਲ ਬਣ ਗਈ। ਰੋਟੀ ਆਪਾਂ ਖਾ ਚਲਦੇ ਹਾਂ ਤੇ ਉਨ੍ਹਾਂ ਦੀ ਰੋਟੀ ਵਿਚ ਜ਼ਹਿਰ ਪਾ ਦਿਆਂਗੇ। ਖਾਣਗੇ, ਮਰ ਜਾਣਗੇ। ਕੋਲ ਨਦੀ ਚਲਦੀ ਹੈ, ਘਸੀਟ ਕੇ ਸੁੱਟ ਦਿਆਂਗੇ।"

ਸੋ ਇਸੇ ਤਰ੍ਹਾਂ ਕਰਿਆ। ਓਧਰ ਉਹ ਵੀ ਚੁੱਪ ਕਰੀਂ ਬੈਠੇ ਨੇ। ਇਕ ਕਹਿਣ ਲੱਗਾ - "ਕੋਈ ਗੱਲ ਸੁਣਾਂ। ਆਪਾਂ ਨੂੰ ਖੁਸ਼ ਹੋਣਾ ਚਾਹੀਦਾ ਹੈ, ਐਨਾ ਪੈਸਾ ਮਿਲਿਆ ਹੈ। ਕੀ ਸੋਚਦਾ ਹੈਂ?"

"ਤੂੰ ਕੀ ਸੋਚਦਾ ਹੈਂ?"

"ਤੂੰ ਕੀ ਸੋਚਦਾ ਹੈਂ?"

"ਤੂੰ ਦਸ ਪਹਿਲਾਂ।"

"ਮੈਂ ਕਹਿਨਾਂ ਕਿ ਇਹ ਮੋਹਰਾਂ ਆਪਾਂ ਦੋਇ ਲੈ ਲਈਏ।"

"ਇਹੀ ਗੱਲ ਮੈਂ ਸੋਚਦਾ ਹਾਂ।"

"ਫੇਰ ਗੱਲ ਕਿਵੇਂ ਬਣੇਂ?"

"ਉਹ ਰੋਟੀ ਲਿਆ ਕੇ ਰਖਣਗੇ, ਇਕ ਦਾ ਗਲ ਤੂੰ ਵੱਢ ਦਈਂ, ਇਕ ਦਾ ਮੈਂ ਵੱਢ ਦਊਂ ਤੇ ਚੁੱਕ ਕੇ ਨਦੀ ਵਿਚ ਸੁੱਟ ਦਿਆਂਗੇ; ਫੇਰ ਸਾਨੂੰ ਮਿਲ ਜਾਊ।"

ਇਵੇਂ ਹੀ ਕਰਿਆ। ਇਨ੍ਹਾਂ ਨੇ ਉਨ੍ਹਾਂ ਨੂੰ ਮਾਰ ਦਿਤਾ, ਉਨ੍ਹਾਂ ਨੇ ਇਹ ਮਾਰ ਦਿਤੇ ਤੇ ਮਾਇਆ ਉਥੇ ਦੀ ਉਥੇ ਹੀ ਪਈ ਰਹਿ ਗਈ।

ਕਹਿੰਦੀ, ਕਿਉਂ ਸੰਤ ਜੀ! ਦੇਖਿਆ ਮੇਰਾ ਕੌਤਕ! ਮੈਂ ਲੋਭੀ ਬੰਦਿਆਂ ਨੂੰ ਇਉਂ ਕਾਬੂ ਕਰਦੀ ਹਾਂ, ਇਉਂ ਪਾਪ ਕਰਾਉਂਦੀ ਹਾਂ।

ਗੁਰੂ ਮਹਾਰਾਜ ਕਹਿੰਦੇ, ਪ੍ਰੇਮੀਓ! ਲੋਭੀ ਦਾ ਨਾ ਵਿਸਾਹ ਕਰਿਓ ਕੋਈ ਵੀ। ਇਹ ਐਹੋ ਜਿਹਾ ਧੋਖੇਬਾਜ਼ ਹੁੰਦਾ ਹੈ, ਐਹੋ ਜਿਹੀ ਥਾਂ ਧੋਖਾ ਦਊ ਜਿਥੇ ਹੱਥ ਹੀ ਨਾ ਪਵੇ -

***ਲੋਭੀ ਕਾ ਵੇਸਾਹੁ ਨ ਕੀਜੈ ਜੇ ਕਾ ਪਾਰਿ ਵਸਾਇ॥***
***ਅੰਤਿ ਕਾਲਿ ਤਿਥੈ ਧੁਹੈ ਜਿਥੈ ਹਥੁ ਨ ਪਾਇ॥***

***ਅੰਗ - ੧੪੧੭***

ਜਿਥੇ ਕੁਛ ਵੀ ਨਹੀਂ ਬਣ ਸਕਦਾ, ਓਥੇ ਆ ਕੇ ਇਹਨੇ ਧੋਖਾ ਦੇਣਾ ਹੈ -

***ਧਾਰਨਾ - ਕਰੀਂ ਨਾ ਵਿਸਾਹ,***
***ਜਿੰਦੇ ਭੁੱਲ ਕੇ ਭੀ ਲੋਭੀ ਦਾ - ੨, ੨.***

ਜਿਥੇ ਕੁਛ ਵੀ ਨਹੀਂ ਬਣਦਾ, ਓਥੇ ਲੋਭੀ ਬੰਦਾ ਮਾਰਿਆ ਕਰਦਾ ਹੈ। ਸੋ ਇਸ ਤਰ੍ਹਾਂ ਮਹਾਰਾਜ ਕਹਿੰਦੇ ਨੇ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***

***ਅੰਗ - ੧੩੬੫***

ਲੱਖ ਕਰੋੜ ਕਹਿੰਦੇ ਨੇ 100 ਖਰਬ ਰੁਪਏ ਵਾਲਾ ਵੀ ਜਦੋਂ ਸੰਸਾਰ ਤੋਂ ਜਾਂਦਾ ਹੈ। ਕਿੰਨਿਆਂ ਨੂੰ ਹੀ ਗੁਰੂ ਨਾਨਕ ਪਾਤਸ਼ਾਹ ਮਿਲੇ। ਪਹਿਲਾਂ ਤਾਂ ਦੁਨੀ ਚੰਦ ਨੂੰ ਮਿਲੇ, ਸੱਤ ਕਰੋੜ ਰੁਪਿਆ ਉਹਦੇ ਕੋਲ ਜਮ੍ਹਾਂ ਸੀ। ਮਹਾਰਾਜ ਨੇ ਕੌਤਕ ਵਰਤਾਇਆ। ਪਹਿਲਾਂ ਤਾਂ ਉਹਦੇ ਪਿਤਾ ਦਾ ਸ਼ਰਾਧ ਸੀ, ਕਿਹਾ,

"ਤੇਰੇ ਪਿਤਾ ਨੂੰ ਪ੍ਰਸ਼ਾਦਾ ਨਹੀਂ ਪਹੁੰਚਿਆ। ਤੇਰਾ ਪਿਤਾ ਤਾਂ ਬਘਿਆੜ ਬਣਿਆ ਬੈਠਾ ਸੱਤ ਦਿਨ ਦਾ ਭੁੱਖਾ ਹੈ; ਜਾਹ, ਪ੍ਰਸ਼ਾਦਾ ਲੈ ਜਾ।" ਨਿਹਚਾ ਹੋਇਆ ਉਹਨੂੰ, ਜਦੋਂ ਆਪਣੇ ਪਿਤਾ ਤੋਂ ਸਾਰੀਆਂ ਗੱਲਾਂ ਸੁਣੀਆਂ। ਕਹਿੰਦਾ, "ਪੁੱਤਰ! ਆਹ ਹਾਲ ਹੁੰਦਾ ਹੈ ਪ੍ਰਮੇਸ਼ਰ ਦੇ ਨਾਮ ਤੋਂ ਬਗੈਰ। ਮੈਂ ਤਾਮਸੀ ਜੂਨੀ ਵਿਚ ਪੈ ਗਿਆ, ਬਘਿਆੜ ਬਣਿਆ ਦੁਖੀ ਹੋਇਆਂ ਫਿਰਦਾਂ। ਤੇਰੇ ਘਰ ਪ੍ਰਮੇਸ਼ਰ ਆਪ ਆਇਆ ਹੋਇਆ ਹੈ, ਬਚਨ ਮੰਨ ਲੈ, ਆਪਣੀ ਗਤੀ ਕਰਾ ਲੈ। ਤੇਰੇ ਕਰਕੇ ਮੇਰਾ ਵੀ ਉਧਾਰ ਹੋ ਜਾਊ। ਤੂੰ ਦਰਸ਼ਨ ਕਰੇ ਨੇ ਉਨ੍ਹਾਂ ਦੇ, ਤੇਰੇ ਦਰਸ਼ਨ ਕਰਨ ਕਰਕੇ ਮੈਨੂੰ ਦੇਵ ਦੇਹੀ ਪ੍ਰਾਪਤ ਹੋ ਗਈ।" ਆ ਕੇ ਚਰਨੀਂ ਢਹਿ ਪਿਆ -

"ਕ੍ਰਿਪਾ ਕਰੋ ਮਹਾਰਾਜ! ਮੈਨੂੰ ਕੋਈ ਸੇਵਾ ਦੱਸੋ।"

"ਸੇਵਾ ਤਾਂ ਕੋਈ ਨਹੀਂ।"

"ਮਰਦਾਨਿਆਂ! ਸੂਈ ਹੈਗੀ?"

"ਹੈਗੀ ਮਹਾਰਾਜ।"

"ਲਿਆ।"

"ਐਹ ਫੜ ਲਉ ਸੇਠ ਜੀ ਸੂਈ।"

"ਮਹਾਰਾਜ ਕੀ ਕਰਾਂ?"

"ਤੈਥੋਂ ਅਗਲੀ ਦਰਗਾਹ ਵਿਚ ਲੈ ਲਵਾਂਗੇ।"

ਸੋਚਿਆ ਨਹੀਂ ਕਿ ਮਹਾਰਾਜ ਕੀ ਕਹਿ ਗਏ। ਘਰਵਾਲੀ ਨੂੰ ਜਾ ਕੇ ਸੂਈ ਦੇ ਦਿਤੀ ਕਿ ਸੰਤਾਂ ਨੇ ਇਹ ਗੱਲ ਕਹੀ ਹੈ। ਉਹ ਕੁਝ ਸਿਆਣੀ ਸੀ, ਕਹਿਣ ਲੱਗੀ, "ਸੇਠ ਜੀ! ਅਗਲੀ ਦਰਗਾਹ ਵਿਚ? ਜੇ ਛਾਤੀ ਤੇ ਧਰਾਂਗੇ, ਸਰੀਰ ਨੇ ਜਲ ਜਾਣਾ ਹੈ, ਸੁਆਹ ਵੀ ਨਹੀਂ ਜਾਣੀ ਨਾਲ, ਹੱਡੀਆਂ ਵੀ ਨਹੀਂ ਰਹਿਣੀਆਂ, ਸੂਈ ਕਿਥੋਂ ਲੈ ਜਾਵਾਂਗੇ? ਜਾਉ, ਸੰਤਾਂ ਦਾ ਕੋਈ ਮਤਲਬ ਹੈ - ਪੁੱਛੋ ਉਨ੍ਹਾਂ ਨੂੰ।" ਦੁਬਾਰਾ ਆ ਗਿਆ -

"ਪਾਤਸ਼ਾਹ! ਸੂਈ ਤਾਂ ਨਾਲ ਨਹੀਂ ਜਾਣੀ।"

"ਜਿਥੇ ਤੇਰਾ ਧਨ ਜਾਊਗਾ - ਸੱਤ ਕਰੋੜ, ਉਥੇ ਨਾਲ ਇਹ ਨਹੀਂ ਜਾਏਗੀ?"

"ਪਾਤਸ਼ਾਹ! ਇਹ ਤਾਂ ਨਾਲ ਨਹੀਂ ਜਾਣੀ।"

"ਫੇਰ ਤੂੰ ਜੋੜੀ ਬੈਠਾ ਹੈਂ, ਕੀ ਕਰੇਂਗਾ, ਕੀ ਫਾਇਦਾ ਹੈ, ਕੋਈ ਫਾਇਦਾ ਵੀ ਹੈ ਇਸਦਾ?"

"ਪਾਤਸ਼ਾਹ! ਮੇਰੇ ਤਾਂ ਨੇਤਰ ਖੁੱਲ੍ਹ ਗਏ। ਮਹਾਰਾਜ! ਇਹ ਨਾਲ ਵੀ ਜਾ ਸਕਦਾ ਹੈ?"

ਮਹਾਰਾਜ ਕਹਿੰਦੇ -

***ਕੀਚੈ ਨੇਕਨਾਮੀ ਜੋ ਦੇਵੈ ਖੁਦਾਇ॥***
***ਜੋ ਦੀਸੈ ਜਿਮੀ ਪਰ ਸੁ ਹੋਸੀ ਫਨਾਇ॥***
***ਦਾਯਮ ਵ ਦੌਲਤ ਕਸੇ ਬੇਸ਼ੁਮਾਰ॥***
***ਨ ਰਹਿੰਗੇ ਕਰੋੜੀ ਨ ਰਹਿੰਗੇ ਹਜ਼ਾਰ॥***
***ਦਮੜਾ ਤਿਸੀ ਕਾ ਜੋ ਖਰਚੈ ਅਰ ਖਾਇ॥***
***ਦੇਵੈ ਦਿਲਾਵੈ ਰਜਾਵੈ ਖੁਦਾਇ॥***
***ਹੋਤਾ ਨ ਰਾਖੈ ਅਕੇਲਾ ਨ ਖਾਇ॥***
***ਤਹਕੀਕ ਦਿਲ ਦਾਨੀ ਵਹੀ ਭਿਸਤ ਜਾਇ॥***
***ਨਸੀਹਤਨਾਮਾ ਪਾਤਸ਼ਾਹੀ ੧***

ਕਹਿੰਦੇ, "ਇਕੱਲਾ ਨਾ ਖਾ ਲਈਂ, ਇਹਨੂੰ ਧਰਮ ਦੇ ਉਤੇ ਦਾਨ ਕਰ ਦੇ; ਕਰ ਦੇ ਸੇਵਾ, ਸੰਸਾਰ ਦੁਖੀ ਹੈ, ਚੀਜ਼ਾਂ ਬਣਾ ਦੇ ਇਨ੍ਹਾਂ ਦੇ ਵਾਸਤੇ - ਬੇਅੰਤ ਚੀਜ਼ਾਂ, ਖਰਚ ਦੇ।" ਸਾਰਾ ਧਨ ਖਰਚ ਦਿਤਾ। ਮਹਾਰਾਜ ਕਹਿੰਦੇ, "ਘਰ?" "ਮਹਾਰਾਜ! ਇਹ ਵੀ ਇਸੇ ਧਨ ਦਾ ਹੈ।" ਕਹਿੰਦੇ, "ਇਹਨੂੰ ਧਰਮਸਾਲਾ ਬਣਾ ਦੇ, ਸਤਿਸੰਗ ਕਰ। ਇਹ ਵੀ ਤੇਰੇ ਨਾਲ ਜਾਏਗਾ।" ਸਾਧੂ ਬਣਾ ਦਿਤਾ। ਕਾਰੂੰ ਦੇ ਪਾਸ ਜਾਂਦੇ ਨੇ। ਪਤਾ ਲੱਗਿਆ ਕਿ ਬਹੁਤ ਧਨ ਜੋੜਿਆ ਹੈ। ਇਕ ਪ੍ਰੇਮੀ ਨੂੰ ਪੁੱਛਿਆ -

"ਤੁਹਾਡਾ ਆਹ ਹਾਲ ਕਿਉਂ ਹੈ - ਪਾਟੇ ਹੋਏ ਕਪੜੇ, ਟੁੱਟੇ ਹੋਏ ਘਰ, ਤੇ ਭਾਂਡੇ ਮਿੱਟੀ ਦੇ, ਉਹ ਵੀ ਟੁੱਟੇ ਹੋਏ। ਕੀ ਗੱਲ?"

"ਮਹਾਰਾਜ! ਇਥੇ ਧਨ ਨਹੀਂ ਹੈ, ਪੈਸਾ ਨਹੀਂ ਹੈ।"

"ਪੈਸਾ ਕਿੱਧਰ ਗਿਆ?"

"ਸਾਰਾ ਕਾਰੂੰ ਬਾਦਸ਼ਾਹ ਨੇ 'ਕੱਠਾ ਕਰ ਲਿਆ।"

ਦਰਵਾਜ਼ੇ ਦੇ ਅੱਗੇ ਖੜ੍ਹੇ ਗੱਲਾਂ ਕਰਦੇ ਨੇ - ਕਾਰੂੰ ਦੇ ਕਿਲ੍ਹੇ ਦੇ, ਤੇ ਸਿਪਾਹੀ ਦੱਸ ਰਿਹਾ ਹੈ। ਮਹਾਰਾਜ ਕਹਿੰਦੇ, "ਕਿਵੇਂ ਕਰ ਰਿਹਾ ਹੈ?" ਕਹਿੰਦੇ, "ਮਹਾਰਾਜ! ਕੀ ਦੱਸੀਏ! ਇਕ ਵਾਰੀ ਵਜ਼ੀਰਾਂ ਨੇ ਰਿਪੋਰਟ ਕਰੀ ਕਿ ਸਾਰਾ ਧਨ ਆ ਗਿਆ। ਬਾਦਸ਼ਾਹ ਕਹਿੰਦਾ, ਨਹੀਂ, ਅਜੇ ਹੋਣਾ ਹੈ, ਮੈਂ ਕਢਾਊਂਗਾ। ਇਕ ਲੜਕੀ ਨੂੰ ਬੱਘੀ ਵਿਚ ਬਿਠਾ ਕੇ ਬਾਜ਼ਾਰ ਵਿਚ ਢੰਡੋਰਾ ਫੇਰਿਆ ਕਿ ਇਸ ਲੜਕੀ ਦੀ ਸ਼ਾਦੀ ਉਹਦੇ ਨਾਲ ਕਰੀ ਜਾਏਗੀ ਜਿਹੜਾ ਇਕ ਦਿਨਾਰ ਲਿਆਏਗਾ। ਇਕ ਨੌਜਵਾਨ ਨੇ ਦੇਖਿਆ, ਘਰ ਆ ਕੇ ਕਹਿਣ ਲੱਗਿਆ, ਮਾਤਾ! ਇਕ ਦਿਨਾਰ ਦੀ ਮਿਲਦੀ ਹੈ ਲੜਕੀ - ਇਕ ਰੁਪਏ ਦੀ - ਮੈਨੂੰ ਰੁਪਿਆ ਦੇ। ਕਹਿੰਦੀ, ਬੇਟਾ! ਰੁਪਿਆ ਤਾਂ ਹੈ ਨਹੀਂ। ਅਖੀਰ, ਜਦ ਉਹ ਕਹਿਣ ਲੱਗਿਆ ਕਿ ਮੈਂ ਮਰ ਜਾਊਂ; ਮਾਂ ਨੂੰ ਮਮਤਾ ਜਾਗੀ ਤੇ ਕਹਿੰਦੀ, ਜਾਹ ਫੇਰ ਆਪਣੇ ਪਿਓ ਦੀ ਕਬਰ ਪੁੱਟ ਲੈ। ਉਹਦੇ ਮੂੰਹ ਦੇ ਵਿਚ ਇਕ ਰੁਪਿਆ ਪਾਇਆ ਸੀ, ਉਹ ਕੱਢ ਲੈ। ਰੁਪਿਆ ਲੈ ਕੇ ਆ ਗਿਆ। ਜਦ ਰੁਪਿਆ ਲੈ ਕੇ ਗਿਆ, ਪੇਸ਼ ਕਰਿਆ; ਉਥੇ ਹੀ ਗ੍ਰਿਫਤਾਰ ਕਰ ਲਿਆ। ਕਾਰੂੰ ਦੇ ਪੇਸ਼ ਕੀਤਾ, ਕਹਿੰਦਾ, ਦੱਸ ਰੁਪਿਆ ਕਿਥੋਂ ਲਿਆ ਹੈ? ਕਹਿੰਦਾ, ਮੈਂ ਤਾਂ ਆਪਣੇ ਬਾਪ ਦੀ ਕਬਰ 'ਚੋਂ ਉਹਦੇ ਮੂੰਹ ਵਿਚੋਂ ਕੱਢਿਆ ਹੈ। ਹੁਕਮ ਦੇ ਦਿਤਾ ਕਿ ਸਾਰੇ ਕਬਰਸਤਾਨ ਪੁੱਟ ਕੇ ਰੁਪਏ ਕੱਢ ਲਓ। ਮਹਾਰਾਜ! ਇਹ ਹਾਲ ਕਰਿਆ ਹੈ - ਇਸ ਨੇ।" ਮਹਾਰਾਜ ਕਹਿੰਦੇ, "ਜਾਓ, ਇਹਨੂੰ ਕਹਿ ਦਿਉ ਕਿ ਤੈਨੂੰ ਕੋਈ ਦਰਵੇਸ਼ ਮਿਲਣਾ ਚਾਹੁੰਦਾ ਹੈ।"

ਉਸ ਵੇਲੇ ਮਹਾਰਾਜ ਨੇ ਠੀਕਰੀਆਂ ਇਕੱਠੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਜਦ ਕਾਰੂੰ ਆਇਆ, ਖਬਰ ਲੱਗੀ ਤੇ ਬਾਹਰ ਆ ਕੇ ਦਰਸ਼ਨ ਕਰਨ ਲੱਗਿਆ ਤਾਂ ਪ੍ਰਭਾਵਿਤ ਹੋ ਗਿਆ। ਜਦੋਂ ਮਹਾਰਾਜ ਦੇ ਦਰਸ਼ਨ ਕੀਤੇ - ਮੂੰਹ ਵਿਚ ਉਂਗਲੀ ਪਾ ਲਈ। ਕਹਿੰਦਾ, ਐਸੇ ਦਰਵੇਸ਼ ਦੇ ਕਿਤੇ ਦਰਸ਼ਨ ਨਹੀਂ ਕਰੇ। ਐਨਾ ਸ਼ਾਂਤ! ਦੇਖਦੇ ਸਾਰ ਸ਼ਾਂਤੀ ਆ ਗਈ। ਸ਼ਾਂਤੀ ਹੀ ਨਹੀਂ ਆਈ, ਅੰਦਰ ਗਿਆਨ ਪੈਦਾ ਹੋਣਾ ਸ਼ੁਰੂ ਹੋ ਗਿਆ। ਲੇਕਿਨ ਕਿਰਿਆ ਤੋਂ ਹੈਰਾਨ ਹੁੰਦਾ ਹੈ। ਦੋ ਤਿੰਨ ਆਵਾਜ਼ਾਂ ਦਿੱਤੀਆਂ,

ਦਰਵੇਸ਼! ਦੱਸੋ ਕੀ ਕੰਮ ਹੈ?" ਤੇ ਮਹਾਰਾਜ ਛੇਤੀ ਛੇਤੀ ਠੀਕਰੀਆਂ ਇਕੱਠੀਆਂ ਕਰੀਂ ਜਾਂਦੇ ਨੇ, ਕਾਰੂੰ ਵੱਲ ਵੀ ਦੇਖਦੇ ਨੇ। ਅਖੀਰ ਕੋਲ ਆ ਕੇ ਕਹਿਣ ਲੱਗਿਆ -

"ਐ ਦਰਵੇਸ਼! ਇਹ ਠੀਕਰੀਆਂ ਤੁਸੀਂ ਕਿਉਂ ਇਕੱਠੀਆਂ ਕਰੀ ਜਾਂਦੇ ਹੋ?"

"ਸਾਨੂੰ ਚੰਗੀਆਂ ਲਗਦੀਆਂ ਨੇ।"

"ਕੀ ਕਰੋਗੇ?"

"ਅਸੀਂ ਦਰਗਾਹ ਵਿਚ ਨਾਲ ਲੈ ਕੇ ਜਾਣੀਆਂ ਨੇ - ਆਪਣੇ।"

"ਤੁਸੀਂ ਮਸਤਾਨੇ ਹੋ।"

"ਅਸੀਂ ਕਿਉਂ ਮਸਤਾਨੇ ਹਾਂ? ਤੇਰੇ ਜਿਥੇ 45 ਗੰਜ ਜੋੜੇ ਹੋਏ ਨੇ, ਉਥੇ ਰੱਖ ਦਿਆਂਗੇ। ਜਿੱਥੇ ਐਨਾ ਭਾਰ ਲੈ ਕੇ ਜਾਏਂਗਾ, ਆਹ ਇਕ ਨਿੱਕਾ ਜਿਹਾ ਝੋਲਾ ਨਹੀਂ ਜਾਏਗਾ - ਠੀਕਰੀਆਂ ਦਾ?"

"ਇਹ ਤਾਂ ਮੇਰੇ ਨਾਲ ਨਹੀਂ ਜਾਣੇ।"

"ਤੇਰੇ ਪਿਉ ਨੇ ਵੀ ਜੋੜੇ ਸੀ, ਉਹ ਕਿਥੇ ਨੇ?"

"ਉਹ ਏਥੇ ਹੀ ਛੱਡ ਗਿਆ।"

"ਫੇਰ ਤੂੰ ਵੀ ਏਥੇ ਹੀ ਛੱਡ ਜਾਏਂਗਾ।"

"ਦਰਵੇਸ਼! ਮੈਨੂੰ ਸੁਮੱਤਿ ਦਿਉ।"

"ਸੁਮੱਤਿ ਤਾਂ ਇਹ ਹੈ ਕਿ ਸਾਰਾ ਧਨ ਰਿਆਇਆ ਤੇ ਖਰਚ ਦੇ। ਤੂੰ ਰਿਆਇਆ ਭੁੱਖੀ ਮਾਰ ਦਿਤੀ ਤੇ ਪੈਸੇ ਇਕੱਠੇ ਕਰਨ ਦੀ ਧੁਨ ਵਿਚ ਮਸਤ ਹੋਇਆ ਹੋਇਆ ਹੈ।"

ਸੋ ਮਹਾਰਾਜ ਕਹਿੰਦੇ -

***ਕਬੀਰ ਇਹੁ ਤਨੁ ਜਾਇਗਾ ਸਕਹੁ ਤ ਲੇਹੁ ਬਹੋਰਿ ॥***
***ਨਾਂਗੇ ਪਾਵਹੁ ਤੇ ਗਏ ਜਿਨ ਕੇ ਲਾਖ ਕਰੋਰਿ ॥***
***ਅੰਗ - ੧੩੬੫***

ਮਹਿਮੂਦ ਗਜ਼ਨਵੀ ਨੇ 16 ਹਮਲੇ ਕੀਤੇ ਹਿੰਦੁਸਤਾਨ ਤੇ। ਸੋਮਨਾਥ ਦੇ ਮੰਦਰ 'ਚੋਂ ਚਾਰ ਅਰਬ ਰੁਪਿਆ ਲੁੱਟਿਆ - ਬੇਅੰਤ ਧਨ ਲੁੱਟਿਆ। 50 ਸਾਲ ਦੀ ਉਮਰ ਵਿਚ ਆ ਕੇ ਉਹਨੂੰ ਅਧਰੰਗ ਹੋ ਗਿਆ ਤੇ ਪਤਾ ਲੱਗ ਗਿਆ ਕਿ ਹੁਣ ਨਹੀਂ ਮੈਂ ਬਚਦਾ। ਮਨ ਵਿਚ ਲਾਲਸਾ ਜਾਗੀ ਕਿ ਮੈਂ ਇਕ ਵਾਰੀ ਦੇਖਣਾ ਚਾਹੁੰਦਾ ਹਾਂ - ਜਿੰਨਾਂ ਧਨ ਲਿਆਇਆ ਹੈ। ਢੇਰ ਲਾ ਦਿਤੇ ਗਏ ਤੇ ਪਹੀਆਂ ਵਾਲੀ ਕੁਰਸੀ ਤੇ ਬਿਠਾ ਕੇ ਰੋਹੜੀ ਲਈ ਜਾਂਦੇ ਨੇ। ਰੋਂਦਾ ਜਾਂਦਾ ਹੈ; ਕਦੇ ਐਧਰ ਦੇਖਦਾ ਹੈ, ਕਦੇ ਓਧਰ ਦੇਖਦਾ ਹੈ; ਇਹਦੇ ਵਿਚ ਐਨੇ ਹਜ਼ਾਰ ਬੰਦਾ ਮਰਿਆ, ਐਨੇ ਹਜ਼ਾਰ ਮਾਰਿਆ। ਅਖੀਰ, ਅਫਸੋਸ ਕਰਿਆ ਮਨ ਵਿਚ, ਕਹਿਣ ਲੱਗਿਆ, ਮੈਂ ਬੜੀ ਭਾਰੀ ਭੁੱਲ ਕੀਤੀ। ਮੇਰੇ ਨਾਲ ਤਾਂ ਕੁਛ ਵੀ ਨਹੀਂ ਜਾਣਾ ਤੇ ਮੇਰੀ ਔਲਾਦ ਨਿਕੰਮੀ ਹੈ, ਇਨ੍ਹਾਂ ਤੋਂ ਤਾਂ ਖੋਹ ਲੈਣਾ ਹੈ ਦੂਜਿਆਂ ਨੇ ਤੇ ਗਜ਼ਨੀ ਦੇ ਲੋਕਾਂ ਤੇ ਬਿਪਤਾ ਆਏਗੀ। ਹੁਣ ਮੈਂ ਤਾਂ ਬਚਣਾ ਨਹੀਂ; ਤੁਸੀਂ ਪੰਧਨਾਮਾ ਲਿਖੋ। ਉਸ ਵੇਲੇ ਪੰਧਨਾਮਾ..........ਇਕ ਤਾਂ ਵਸੀਅਤ ਹੁੰਦੀ ਹੈ ਕਿ ਮੇਰੇ ਮਰਨ ਤੋਂ ਬਾਅਦ ਜਾਇਦਾਦ ਕਿਹਨੂੰ ਜਾਵੇ ਤੇ ਪੰਧਨਾਮਾ ਹੁੰਦਾ ਹੈ 'ਅੰਤਲਾ ਅਨੁਭਵ' ਲਿਖਿਆ ਜਾਂਦਾ ਹੈ ਤੇ ਉਹਦੇ ਵਿਚ ਅਨੁਭਵ ਲਿਖਾਉਂਦਾ ਹੈ। ਕਹਿਣ ਲੱਗਿਆ ਕਿ ਮੇਰੇ ਹੱਥ ਕੱਫਣ 'ਚੋਂ ਬਾਹਰ ਰੱਖਿਓ ਤੇ ਢੰਡੋਰਚੀ ਢੰਡੋਰਾ ਪਿੱਟਦਾ ਜਾਵੇ ਕਿ ਇਹ ਮਹਿਮੂਦ ਗਜ਼ਨਵੀ ਜਾ ਰਿਹਾ ਹੈ ਜਿਹੜਾ ਖਰਬਾਂ ਰੁਪਏ ਲੁੱਟ ਕੇ ਲਿਆਇਆ ਸੀ। ਕਿਸੇ ਕਵੀ ਨੇ ਇਸ ਤਰ੍ਹਾਂ ਦੇ ਨਾਲ ਲਿਖਿਆ ਹੈ -

***ਮੇਰੇ ਹੱਥ ਏ ਕੱਫਣ ਤੋਂ ਬਾਹਰ ਰੱਖਣੇ,***
***ਵੇਖ ਲਏ ਦੁਨੀਆਂ ਜਾਂਦੀ ਵਾਰ ਮੈਨੂੰ।***
***ਕੀ ਲੈ ਚੱਲਿਆ ਹਾਂ ਆਪਣੇ ਨਾਲ ਮੈਂ ਹੁਣ,***
***ਸਿਖਿਆ ਲਏ ਮੈਥੋਂ, ਪਾ ਧਿਰਕਾਰ ਮੈਨੂੰ।***
***ਸਾਰੀ ਉਮਰ ਹੀ ਲਹੂ ਵਿਚ ਰਹੇ ਡੁੱਬੇ,***
***ਵੇਲੇ ਅੰਤ ਦੇ ਰਹੇ ਫਿਟਕਾਰ ਮੈਨੂੰ।***
***ਹਾਇ ਨਫਸ ਸੈਤਾਨ ਦੇ ਲੱਗ ਆਖੇ,***
***ਭੁੱਲ ਗਈ ਸੀ ਮੌਤ ਦੀ ਸਾਰ ਮੈਨੂੰ।***
***ਨਾ ਮੈਂ ਸੋਚਿਆ ਏਸ ਜਹਾਨ ਅੰਦਰ,***
***ਮਿਲੀ ਪਾਤਸ਼ਾਹੀ ਏ ਦਿਨ ਚਾਰ ਮੈਨੂੰ।***
***ਕਰਾਂ ਕੰਮ ਕੋਈ ਨੇਕ ਮਰਦ ਵਾਲਾ,***
***ਦੇਣੀ ਖੁਦੀ ਤਕਬਰੀ ਹਾਰ ਮੈਨੂੰ।***
***ਬੇਗੁਨਾਹਾਂ ਦੀ ਖੱਲ ਉਤਾਰਦਾ ਰਿਹਾ,***
***ਆਇਆ ਤਰਸ ਨਾ ਕਦੇ ਇਕ ਵਾਰ ਮੈਨੂੰ।***
***ਜਾਂਦੀ ਵਾਰੀ ਖਾਲੀ ਹੱਥੀਂ ਚੱਲਿਆ ਹਾਂ,***
***ਲੱਖ ਲੱਖ ਵਾਰ ਧਿਰਕਾਰ ਫਿਟਕਾਰ ਮੈਨੂੰ।***

ਸੋ ਮਹਾਰਾਜ ਕਹਿੰਦੇ, ਪ੍ਰੇਮੀਓਂ! ਇਹ ਹਾਲ ਹੋਇਆ ਕਰਦਾ ਹੈ। ਇਹਤੋਂ ਬਚ, ਤੂੰ ਸੰਤੋਖ ਧਾਰਨ ਕਰ। ਜਦ ਸੰਤੋਖ ਤੇਰੇ ਅੰਦਰ ਆ ਜਾਏਗਾ, ਉਸ ਵੇਲੇ ਤੇਰਾ ਜਿਹੜਾ ਰੂਹਾਨੀ ਸਫਰ ਹੈ, ਉਹ ਤੈਅ ਹੋਣਾ ਸ਼ੁਰੂ ਹੋ ਜਾਏਗਾ। ਜਿੰਨਾਂ ਚਿਰ ਤੇਰੇ ਅੰਦਰ ਸੰਤੋਖ ਨਹੀਂ ਆਉਂਦਾ, ਓਨੀ ਦੇਰ ਤਕ ਤੂੰ ਭਜਨ ਨਹੀਂ ਕਰ ਸਕਦਾ; ਤੇਰਾ ਭਜਨ ਵੀ ਰੋਟੀ ਦਾ, ਪੈਸਿਆਂ ਦਾ ਹੋਏਗਾ। ਬਿਰਤੀ ਟਿਕਾਈ ਬੈਠਾ ਹੈਂ, ਅੱਖਾਂ ਮੀਟੀ ਬੈਠਾ ਹੈਂ, ਫਿਰਦਾ ਕਿੱਥੇ ਹੈਂ - ਪੈਸੇ ਇਕੱਠੇ ਕਰਨ ਦੇ ਵਾਸਤੇ। ਇਸ ਤਰ੍ਹਾਂ ਦੇ ਨਾਲ ਇਹ ਚੀਜ਼ਾਂ ਸਾਰੀਆਂ ਹੋਇਆ ਕਰਦੀਆਂ ਨੇ।

ਤੀਸਰਾ ਜੋ ਨੇਮ ਹੈ, ਉਹ ਹੋਇਆ ਕਰਦਾ ਹੈ ਜਿਸਨੂੰ 'ਆਸਤਕ ਬੁੱਧੀ' ਕਹਿੰਦੇ ਨੇ। ਪਹਿਲਾਂ ਵਾਹਿਗੁਰੂ ਦੇ ਉਤੇ ਪੂਰਾ ਭਰੋਸਾ ਹੋਣਾ ਚਾਹੀਦਾ ਹੈ। ਜੇ ਭਰੋਸਾ ਕੱਚਾ ਹੈ, ਫੇਰ ਭਜਨ ਨਹੀਂ ਹੋਇਆ ਕਰਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

***ਧਾਰਨਾ - ਗੁਰ ਕੀ ਪ੍ਰਤੀਤ ਜੀ,***
***ਜਿਸ ਦੇ ਮਨ ਵਿਚ ਹੈ ਭਾਈ - ੨, ੨.***

***ਜਾ ਕੈ ਮਨਿ ਗੁਰ ਕੀ ਪਰਤੀਤਿ॥***
***ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥ ਅੰਗ - ੨੮੩***

ਜੇ ਗੁਰੂ ਤੇ ਪ੍ਰਤੀਤ ਹੀ ਨਹੀਂ ਹੈ, ਭਰੋਸਾ ਹੀ ਨਹੀਂ ਹੈ, ਆਪਣੇ ਮਨ ਦੀ ਹੀ ਮੱਤ ਕਰਦਾ ਹੈ; ਫੇਰ ਨਹੀਂ ਇਸ ਰਸਤੇ ਤੇ ਚੱਲਿਆ ਕਰਦਾ। ਸੋ ਆਸਤਕ ਬੁੱਧੀ ਹੋਣੀ ਚਾਹੀਦੀ ਹੈ।

***ਵਾਹਗਿਰੂ ਕੋ ਜਾਪ ਕਰ ਹਰਖੈ ਮਨ ਸੁਖ ਪਾਇ॥***
***ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਆਸਤਕ ਬੁੱਧੀ ਧਾਰਨ ਕਰ। ਜੇ ਨਿਹਚਾ ਹੀ ਨਹੀਂ ਹੈ, ਫੇਰ ਗੱਲ ਕੀ ਬਣਨੀ ਹੈ? ਜੇ ਸ਼ਰਧਾ ਹੀ ਨਾ ਹੋਵੇ, ਜੇ ਝੋਲੀ ਹੀ ਕੋਲ ਨਾ ਹੋਵੇ ਤਾਂ ਦਾਤ ਕਿੱਥੋਂ ਪ੍ਰਾਪਤ ਹੋਣੀ ਹੈ? ਸ਼ਰਧਾ ਬਾਰੇ ਦੱਸਦੇ ਨੇ ਕਿ ਇਕ ਵਾਰੀ ਇਕ ਮਹਾਤਮਾ ਕਥਾ ਕਰਦੇ ਸੀ ਤੇ ਕੋਲ ਦੀ ਰਸਤੇ ਵਿਚ ਇਕ ਘੋੜ ਸਵਾਰ ਲੰਘਿਆ ਜਾਵੇ। ਇਕ ਪ੍ਰੇਮੀ ਨੇ ਕਿਹਾ, "ਪ੍ਰੇਮੀਆਂ! ਠਹਿਰ ਕੇ ਚਲਿਆ ਜਾਈਂ, ਦੇਖ ਐਹੋ ਜਿਹੀ ਕਥਾ ਕਦੇ ਕਦੇ ਹੁੰਦੀ ਹੈ। ਮਹਾਤਮਾ ਕਥਾ ਕਰ ਰਹੇ ਨੇ ਤੇ ਤੂੰ ਸਰਵਣ ਕਰ ਲੈ।" ਕਹਿੰਦਾ, "ਘੋੜਾ?" ਕਹਿਣ ਲੱਗੇ, "ਘੋੜਾ ਐਥੇ ਬੰਨ੍ਹ ਦੇ, ਕੋਈ ਨਹੀਂ ਲਿਜਾਂਦਾ ਤੇਰੇ ਘੋੜੇ ਨੂੰ।" ਉਹ ਪ੍ਰੇਮੀ ਬੈਠ ਕੇ ਕਥਾ ਸ੍ਰਵਣ ਕਰਨ ਲਗ ਗਿਆ। ਮਹਾਤਮਾ ਨੇ ਬਚਨ ਕਰਿਆ –

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ ॥***
***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥***
***ਸਰੰਜਾਮਿ ਲਾਗੁ ਭਵਜਲ ਤਰਨ ਕੈ ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ ॥ ਅੰਗ - ੧੨***

***ਗੁਰ ਸੇਵਾ ਤੇ ਭਗਤਿ ਕਮਾਈ॥***
***ਤਬ ਇਹ ਮਾਨਸ ਦੇਹੀ ਪਾਈ॥***
***ਇਸ ਦੇਹੀ ਕਉ ਸਿਮਰਹਿ ਦੇਵ॥***
***ਸੋ ਦੇਹੀ ਭਜੁ ਹਰਿ ਕੀ ਸੇਵ॥ ਅੰਗ - ੧੧੫੯***

ਇਕ ਘੰਟਾ ਕਥਾ ਸੁਣਦਾ ਰਿਹਾ ਤੇ ਮਨ ਵਿਚ ਨਾਲ ਦੀ ਨਾਲ ਫੈਸਲਾ ਕਰੀ ਗਿਆ ਕਿ ਮਨਾਂ! ਮੈਨੂੰ ਤਾਂ ਇਹ ਪਤਾ ਹੀ ਨਹੀਂ ਹੈ ਕਿ ਐਨੀਆਂ ਜੂਨੀਆਂ ਲੰਘਣ ਤੋਂ ਬਾਅਦ, 83, 99, 999 ਜੂਨਾਂ ਤੋਂ ਬਾਅਦ, ਇਹ ਮਨੁੱਖਾ ਦੇਹੀ ਪ੍ਰਾਪਤ ਹੋਈ ਹੈ। ਇਹ ਤਾਂ ਮੈਨੂੰ ਅੱਜ ਪਤਾ ਲੱਗਿਆ ਹੈ। 100% ਨਿਹਚਾ ਕਰੀ ਗਿਆ। ਸੰਗਤ ਚਲੀ ਗਈ, ਆਪ ਬੈਠਾ ਰਿਹਾ। ਮਹਾਤਮਾ ਨੂੰ ਮਿਲਿਆ ਤੇ ਕਹਿਣ ਲੱਗਿਆ, ਮਹਾਂਪੁਰਸ਼ੋ! ਇਹ ਤਾਂ ਤੁਸੀਂ ਮੇਰੇ ਤੇ ਬੜੀ ਕ੍ਰਿਪਾ ਕੀਤੀ ਹੈ, ਮੇਰੇ ਨੇਤਰ ਖੋਲ੍ਹ ਦਿਤੇ, ਮੈਂ ਤਾਂ ਅੱਜ ਪਹਿਲੀ ਵਾਰ ਤੁਹਾਡੀ ਕਥਾ ਸ੍ਰਵਣ ਕੀਤੀ ਹੈ, ਇਹ ਗੱਲ ਤਾਂ ਮੈਂ ਕਦੇ ਸੋਚੀ ਹੀ ਨਹੀਂ ਸੀ। ਮੈਂ ਤਾਂ ਸਮਝਦਾ ਸੀ ਕਿ ਪੈਦਾ ਹੋਏ ਹਾਂ, ਜ਼ਮੀਨ ਜਾਇਦਾਦ ਬਣਾ ਕੇ, ਪੈਸੇ ਕਮਾ ਕੇ ਸੰਸਾਰ ਤੋਂ ਚਲੇ ਜਾਂਦੇ ਹਾਂ। ਜਾਣਾ ਤਾਂ ਮੇਰੇ ਯਾਦ ਨਹੀਂ ਹੈ, ਪਰ ਇਉਂ ਕਦੇ ਕਦੇ ਖਿਆਲ ਆ ਜਾਂਦਾ ਹੈ ਕਿ ਮਾਂ ਬਾਪ ਵੀ ਚਲੇ ਗਏ, ਅਸੀਂ ਵੀ ਚਲੇ ਜਾਣਾ ਹੈ। ਕਿੱਥੇ ਜਾਣਾ ਹੈ, ਇਹ ਤਾਂ ਕੋਈ ਪਤਾ ਨਹੀਂ। ਇਹ ਤਾਂ ਤੁਹਾਥੋਂ ਸੁਣ ਕੇ ਮੇਰੇ ਮਨ ਨੂੰ ਬੜੀ ਸੱਟ ਲੱਗੀ ਹੈ। ਮੈਨੂੰ ਉਹ ਰਸਤਾ ਵੀ ਦੱਸੋ – ਮੈਂ ਕਿਵੇਂ ਕਰਾਂ।

ਸੋ ਮਹਾਤਮਾ ਨੇ ਦੱਸਿਆ ਕਿ ਤੂੰ ਕੋਈ ਪੂਰਨ ਮਹਾਤਮਾ ਸੀ ਤਲਾਸ਼ ਕਰ। ਕਿਉਂਕਿ ਜਦ ਤੱਕ ਕੋਈ ਪੂਰਾ ਨਹੀਂ ਮਿਲਦਾ, ਉਦੋਂ ਤਕ ਰਸਤਾ ਨਹੀਂ ਮਿਲਿਆ ਕਰਦਾ। ਗੁਰੂ ਸ਼ਰਨ ਵਿਚ ਜਾਹ ਤੇ ਗੁਰੂ ਧਾਰਨ ਕਰ; ਉਥੋਂ ਤੈਨੂੰ ਰਸਤਾ ਮਿਲੇਗਾ। ਉਸ ਰਸਤੇ ਦੀ ਕਮਾਈ ਕਰ, ਫੇਰ ਕਮਾਈ ਕਰਕੇ ਤੈਨੂੰ ਪ੍ਰਾਪਤੀ ਹੋ ਜਾਵੇਗੀ। ਕਹਿਣ ਲੱਗਿਆ, ਮਹਾਰਾਜ! ਇਹ ਘੋੜਾ ਮੈਂ ਤੁਹਾਡੀ ਭੇਟਾ ਕਰਦਾ ਹਾਂ, ਤੁਸੀਂ ਇਹਦੇ ਉਤੇ ਚੜ੍ਹਿਆ ਕਰੋ, ਤੁਸੀਂ ਮੇਰੇ ਨੇਤਰ ਖੋਲ੍ਹ ਦਿਤੇ, ਹੋਰ ਤਾਂ ਮੇਰੇ ਕੋਲ ਦੇਣ ਨੂੰ ਕੁਛ ਨਹੀਂ। ਸੋ ਉਸ ਵੇਲੇ ਸਾਰੇ ਕੰਮ ਛੱਡ ਕੇ ਤੀਬਰ-ਤਰ ਬੈਰਾਗ ਲਗ ਗਿਆ। ਦੁਨੀਆਂ ਛੱਡ ਦਿੱਤੀ ਤੇ ਜਾ ਕੇ – ਮਹਾਂਪੁਰਸ਼ ਕੋਈ ਪੂਰਨ ਸੀ, ਉਹਦੀ ਸੰਗਤ ਵਿਚ ਰਿਹਾ। 14 ਸਾਲ ਦੇ ਅੰਦਰ, ਮਿਹਨਤ ਕਰਕੇ, ਉਸ ਪਦ ਨੂੰ ਪਹੁੰਚ ਗਿਆ ਜਿਸ ਦੇ ਵਾਸਤੇ ਰਿਸ਼ੀ ਮੁਨੀ, ਵੱਡੇ-ਵੱਡੇ ਸਾਰਾ ਜ਼ੋਰ ਲਾ ਕੇ ਤਪੱਸਿਆ ਕਰਦੇ ਨੇ, ਜੰਗਲਾਂ ਵਿਚ ਰਹਿ ਕੇ ਕੰਦਮੂਲ ਖਾ ਰਹੇ ਨੇ। ਸੋ 14 ਸਾਲ ਬਾਅਦ ਅਵਸਥਾ ਪ੍ਰਾਪਤ ਕਰਕੇ ਜਦ ਉਥੇ ਦੁਬਾਰਾ ਵਾਪਸ ਆਇਆ ਤਾਂ ਓਵੇਂ ਜਿਵੇਂ ਕਥਾ ਫੇਰ ਹੋ ਰਹੀ ਹੈ। ਆ ਗਿਆ, ਕੁਝ ਬੰਦੇ ਪਛਾਣੇ ਹੋਏ ਸੀ, ਫੇਰ ਪਛਾਣੇ। ਜਦ ਕਾਲੇ ਵਾਲ ਸੀ –

"ਪ੍ਰੇਮੀਓ! ਤੁਸੀਂ ਉਦੋਂ ਦੇ ਹੀ ਕਥਾ ਸੁਣੀ ਜਾਂਦੇ ਹੋ?"

"ਹਾਂ।"

"ਰੋਜ਼ ਸੁਣਦੇ ਹੋ?"

"ਹਾਂ।"

"......।"

"ਕੀ ਗੱਲ, ਚੁੱਪ ਕਰ ਗਿਆ?"

"ਮੈਂ ਤਾਂ ਇਕੋ ਸੁਣੀ ਸੀ, ਓਹੀ ਮੇਰੇ ਬਾਣ ਲੱਗਿਆ ਹਿਰਦੇ 'ਚ, ਮੈਨੂੰ ਵਿੰਨ੍ਹ ਕੇ ਰੱਖ ਦਿਤਾ ਉਹਨੇ। ਸ਼ੁਕਰ ਹੈ ਮੈਂ ਕਥਾ ਸੁਣ ਲਈ ਤੇ ਮੈਨੂੰ ਉਸ ਪਦ ਦੀ ਪ੍ਰਾਪਤੀ ਹੋ ਗਈ ਜਿਸਦੇ ਵਾਸਤੇ ਮਹਾਂਪੁਰਸ਼ ਇਸ਼ਾਰਾ ਕਰਿਆ ਕਰਦੇ ਸੀ, ਉਹ ਪਰਮ-ਅਨੰਦ ਮੈਨੂੰ ਪ੍ਰਾਪਤ ਹੋ ਗਿਆ, ਆਪਣੇ ਸਰੂਪ ਦਾ ਮੈਨੂੰ ਗਿਆਨ ਹੋ ਗਿਆ।

ਸੋ ਮਤਲਬ ਕੀ, ਅਸੀਂ ਸੁਣਦੇ ਹਾਂ, ਸੁਣਦੇ ਹੀ ਚਲੇ ਜਾਂਦੇ ਹਾਂ, ਸੁਣਦੇ ਹੀ ਚਲੇ ਜਾਂਦੇ ਹਾਂ, ਕਰਦੇ ਨਹੀਂ ਹੈਗੇ, ਦ੍ਰਿੜ੍ਹਤਾ ਨਹੀਂ ਸਾਡੇ ਮਨ ਦੇ ਅੰਦਰ ਜਾਗਦੀ। ਕਦੇ ਨਹੀਂ ਇਹ ਆਉਂਦਾ ਕਿ ਅੱਜ ਤਾਂ ਜਿਹੜਾ ਲੰਘ ਗਿਆ, ਲੰਘ ਗਿਆ – ਹੁਣ ਤਾਂਈ, ਹੁਣ ਨਹੀਂ ਲੰਘਣ ਦੇਣਾ – ਵਕਤ, ਹੁਣ ਤਾਂ ਭਜਨ ਕਰਨਾ ਹੀ ਕਰਨਾ ਹੈ। ਫੈਸਲਾ ਏਥੇ ਹੀ ਕਰ ਲਓ। ਇਹ ਸਾਰਾ, ਤਾਂ ਹੁੰਦਾ ਹੈ ਜੇ ਆਸਤਕ ਬੁੱਧੀ ਹੋਵੇ। ਆਸਤਕ ਬੁੱਧੀ ਜਿਹੜੀ ਹੈ, ਇਹ ਤੀਜਾ ਨੇਮ ਹੈ –

***ਤੀਸਰ ਆਸਤਕ ਬੁੱਧਿ ਹੈ ਗੁਰ ਬਚ ਦ੍ਰਿੜ੍ਹ ਨਿਸਚਾਇ॥***
***ਪੰਨਾ - ੧੦੯ (ਸ੍ਰੀ ਗੁ. ਪ੍ਰ. ਸੂ. ਗ੍ਰੰਥ)***

ਗੁਰੂ ਦੇ ਬਚਨਾਂ ਨੂੰ ਦ੍ਰਿੜ੍ਹ ਕਰਕੇ, ਨਿਸਚਾ ਕਰਕੇ ਮੰਨੇ।

ਚੌਥਾ ਹੋਇਆ ਕਰਦਾ ਹੈ ਦਾਨ। ਨੇਮ ਹੈ ਇਹ। ਦਾਨ ਤਿੰਨ ਕਿਸਮ ਦਾ ਹੁੰਦਾ ਹੈ – ਇਕ ਤਮੋ ਗੁਣੀ ਹੁੰਦਾ ਹੈ, ਇੱਕ ਰਜੋ ਗੁਣੀ ਹੁੰਦਾ ਹੈ, ਇਕ ਸਤੋ ਗੁਣੀ। ਇਹਦਾ ਫਲ ਬਹੁਤ ਹੁੰਦਾ ਹੈ; ਇਕ ਤਾਂ ਮਾਇਆ ਨਾਲੋਂ ਮੋਹ ਟੁੱਟਦਾ ਹੈ, ਦੂਸਰੇ ਆਪਣੀ ਕਮਾਈ ਦੂਜਿਆਂ ਦੇ ਕੰਮ ਆਉਂਦੀ ਹੈ –

***ਘਾਲਿ ਖਾਇ ਕਿਛੁ ਹਥਹੁ ਦੇਇ॥***
***ਨਾਨਕ ਰਾਹੁ ਪਛਾਣਹਿ ਸੇਇ॥ ਪੰਨਾ - ੧੨੪੫***

ਮਹਾਰਾਜ ਕਹਿੰਦੇ, ਜੇ ਰਾਹ ਪਛਾਨਣਾ ਹੈ ਤਾਂ ਘਾਲ ਕਰਕੇ ਕੁਛ ਦਿਆ ਕਰ। ਸੋ ਏਥੇ ਫੁਰਮਾਨ ਕਰਦੇ ਨੇ –

***ਚੌਥੇ ਦਾਨ ਦੇਨ ਕੋ ਦਾਤਾ॥***
***ਸੋ ਰਜ ਤਮ ਸਤ ਗੁਨ ਤ੍ਰੈ ਭਾਂਤਾ॥***
***ਪੰਨਾ - ੧੦੯, (ਸ੍ਰੀ ਗੁ. ਪ੍ਰ. ਸੂ ਗ੍ਰੰਥ)***

ਉਹ ਵੀ ਤਿੰਨ ਕਿਸਮ ਦਾ ਹੁੰਦਾ ਹੈ - ਇਕ ਰਜੋ ਗੁਣੀ, ਇਕ ਤਮੋ ਗੁਣੀ, ਇਕ ਸਤੋ ਗੁਣੀ -

***ਕਲਹਿ ਕ੍ਰੋਧ ਸੋ ਬਿਨ ਸੁਭ ਕਾਲਾ॥***
***ਦੇਤ ਤਾਮਸੀ ਰੀਤ ਬਿਸਾਲਾ॥***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਕਲਹ ਹੋਵੇ, ਕ੍ਰੋਧ ਹੋਵੇ, ਸੋ ਬਗੈਰ ਸ਼ੁਭ ਥਾਂ ਵਿਚਾਰੇ -

***ਖੇਤੁ ਪਛਾਣੈ ਬੀਜੈ ਦਾਨੁ॥*** ***ਅੰਗ - ੧੪੧੧***

ਬਗੈਰ ਖੇਤ ਪਛਾਣੇ ਤੋਂ ਦਾਨ ਕਰਦਾ ਹੈ ਤੇ ਕਲਹ, ਕ੍ਰੋਧ ਨਾਲ ਦਿੰਦਾ ਹੈ। ਉਹ ਕਹਿੰਦਾ ਹੈ, ਅਸੀਂ ਤਾਂ ਲੈਣਾ ਹੀ ਹੈ - ਤੈਥੋਂ। ਕਹਿੰਦਾ, ਅਸੀਂ ਤਾਂ ਦਿੰਦੇ ਨਹੀਂ। ਉਹ ਦੁਖੀ ਹੋ ਦਾਨ ਦਿੰਦਾ ਹੈ। ਕਹਿੰਦੇ, ਇਹਦਾ ਫਲ ਨਹੀਂ ਪ੍ਰਾਪਤ ਹੋਇਆ ਕਰਦਾ - ਨਿਸਫਲ ਹੋਇਆ ਕਰਦਾ ਹੈ ਇਹ। ਤੇ ਕਲਹ ਕ੍ਰੋਧ ਤੋਂ ਬਗੈਰ ਜਿਹੜਾ ਦਾਨ ਦਿੰਦਾ ਹੈ -

***ਕਲਹਿ ਕ੍ਰੋਧ ਸੋ ਬਿਨ ਸੁਭ ਕਾਲਾ।***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਬਿਨਾਂ ਸ਼ੁਭ ਕਾਲ ਦੇ, ਕਲਹ ਕ੍ਰੋਧ ਦੇ ਵੱਸ ਹੋ ਕੇ -

***ਦੇਤ ਤਾਮਸੀ ਰੀਤਾ ਬਿਸਾਲਾ॥***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਉਹ ਤਾਮਸੀ ਦਾਨ ਹੋਇਆ ਕਰਦਾ ਹੈ, ਉਹਦਾ ਫਲ ਨਹੀਂ ਹੋਇਆ ਕਰਦਾ, ਫਲ ਦੀ ਥਾਂ ਤੇ ਪਾਪ ਹੋਇਆ ਕਰਦਾ ਹੈ। ਦੂਸਰਾ ਦਾਨ ਹੁੰਦਾ ਹੈ -

***ਨਿਜ ਜਸ ਹੇਤ ਦੇਤ ਸੋ ਦਾਨਾ॥***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਜਸ ਵਾਸਤੇ ਕਿ ਮੈਨੂੰ ਲੋਕ ਚੰਗਾ ਕਹਿਣ, ਮੇਰੀ ਅਰਦਾਸ ਹੋਵੇ। ਖਾਸ ਲਿਖਾਉਂਦਾ ਹੈ ਕਿ ਮੇਰੀ ਅਰਦਾਸ ਕਰੋ, ਦੱਸ ਦਿਉ ਕਿ ਇਹ ਹਜ਼ਾਰ ਰੁਪਏ ਦਿੰਦਾ ਹੈ, ਦੋ ਹਜ਼ਾਰ ਦੇ ਰਿਹਾ ਹੈ, ਜੈਕਾਰੇ ਬੋਲਣ ਮੇਰੇ ਦਾਨ ਦੇ ਉਤੇ, ਦੇਖਣ, ਖੜ੍ਹਾ ਕਰੇ ਮੈਨੂੰ ਸੈਕਟਰੀ ਜਿਹੜਾ ਹੈ ਕਿ ਐਹਨੇ ਜੀ ਪੰਜ ਹਜ਼ਾਰ ਦਾਨ ਦਿੱਤਾ ਤੇ ਓਧਰੋਂ ਬੁਲਾਉਣ ਜੈਕਾਰਾ ਤੇ ਮੇਰਾ ਜਸ ਹੋਵੇ। ਕਹਿੰਦੇ, ਇਹ ਜਿਹੜਾ ਦਾਨ ਹੈ -

***ਅਹੈ ਰਾਜਸੀ ਫਲ ਲਘ ਜਾਨਾ॥***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਇਹਨੂੰ ਰਾਜਸੀ ਦਾਨ ਕਹਿੰਦੇ ਨੇ। ਥੋੜ੍ਹਾ ਫਲ ਹੋਇਆਂ ਕਰਦਾ ਹੈ ਇਹਦਾ -

***ਇਹੁ ਸਾਂਤਕੀ ਫਲ ਸੁ ਵਿਸੇਖੀ॥***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਇਹ ਸਾਂਤਕੀ ਦਾਨ ਹੋਇਆ ਕਰਦਾ ਹੈ ਤੇ ਫਲ ਬਹੁਤਾ ਹੁੰਦਾ ਹੈ। ਉਹ ਵੀ ਦਾਨ ਇਉਂ ਨਹੀਂ ਦੇਣਾ ਕਿ ਮੈਂ ਦੇ ਰਿਹਾ ਹਾਂ। ਉਹ ਇਹ ਸਮਝੇ ਕਿ ਵਾਹਿਗੁਰੂ ਮੈਨੂੰ ਦਿੰਦਾ ਹੈ ਤੇ ਉਹਦਾ ਦਿੱਤਾ ਹੋਇਆ ਮੈਂ ਦੇ ਰਿਹਾ ਹਾਂ -

***ਵਾਹਿਗੁਰੂ ਕੇ ਜਾਨ ਕੈ ਸਭੈ ਪਦਾਰਥ ਦੇਯ॥***
***ਤਨਕ ਨ ਅਪਨਾ ਮਾਨਈ ਤਾਹਿਂ ਅਖੈ ਫਲ ਲੇਯ॥***

***ਪੰਨਾ - ੧੦੯, (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)***

ਉਹਦਾ ਫਲ ਅਖੈ ਪ੍ਰਾਪਤ ਹੋਇਆ ਕਰਦਾ ਹੈ। ਅਖੈ ਫਲ ਉਹ ਹੁੰਦਾ ਹੈ ਜਿਹੜਾ ਫਲ ਨਾਸ਼ ਨਾ ਹੋਵੇ। ਬਾਕੀ ਫਲ ਨਾਸ਼ ਹੋ ਜਾਂਦੇ ਨੇ -

***ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ॥***
***ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ॥***

***ਅੰਗ - ੧੪੨੮***

ਪਰ ਜਿਹੜਾ ਵਾਹਿਗੁਰੂ ਦਾ ਜਾਣ ਕੇ ਦਿੰਦਾ ਹੈ, ਉਹ ਅਖੈ ਫਲ ਹੁੰਦਾ ਹੈ, ਨਾਸ਼ ਨਹੀਂ ਹੁੰਦਾ, ਬਹੁਤ ਵੱਡਾ ਫਲ ਹੋਇਆ ਕਰਦਾ ਹੈ -

ਇਕ ਵਾਰੀ ਬਿਕ੍ਰਮਾਜੀਤ ਰਾਜੇ ਨੇ ਆਪਣੇ ਰਾਜ ਜੋਤਸ਼ੀ ਨੂੰ ਪੁੱਛਿਆ, "ਮੈਂ ਉਹ ਕਿਹੜਾ ਕਰਮ ਕੀਤਾ ਹੈ ਜਿਹਦੇ ਕਰਕੇ ਮੈਨੂੰ ਤਾਸ਼ਕੰਦ ਤੋਂ ਲੈ ਕੇ ਬਰ੍ਹਮਾ ਤੱਕ ਤੇ ਹੇਠਾਂ ਮੱਧ ਪ੍ਰਦੇਸ਼ ਦਾ ਰਾਜ ਪ੍ਰਾਪਤ ਹੋਇਆ ਹੈ ਤੇ ਅਫਗਾਨਿਸਤਾਨ ਵਗੈਰਾ ਸਾਰਾ।" ਸੱਤ ਦਿਨ ਦੀ ਮੁਹਲਤ ਦੇ ਦਿਤੀ। ਕੁਛ ਨਹੀਂ ਸਮਝ 'ਚ ਆਉਂਦਾ। ਨਾਲ ਕਹਿ ਦਿਤਾ ਕਿ ਡੰਨ ਦੇਵਾਂਗਾ ਜੇ ਤੂੰ ਇਹ ਦੱਸ ਨਾ ਸਕਿਆ। ਉਦਾਸ ਚਿਤ ਦੇਖ ਕੇ ਸੱਤਵੇਂ ਦਿਨ ਉਹਦੀ ਲੜਕੀ ਨੇ ਪੁੱਛਿਆ ਕਿ ਪਿਤਾ ਜੀ! ਤੁਸੀਂ ਛੇ-ਸੱਤ ਦਿਨਾਂ ਦੇ ਨਾ ਕੁਛ ਖਾਂਦੇ ਹੋ, ਨਾ ਪੀਂਦੇ ਹੋ, ਕੀ ਗੱਲ ਹੈ? ਜੇ ਚਿੰਤਾ ਹੋਵੇ ਮਨ ਵਿਚ, ਦੱਸ ਦੇਣੀ ਚਾਹੀਦੀ ਹੈ। ਕਹਿੰਦੇ, ਕੰਧ ਨਾਲ ਹੀ ਗੱਲ ਕਰ ਲਓ, ਹੋ ਸਕਦਾ ਹੈ ਕੰਧ ਕੋਈ ਜਵਾਬ ਦੇ ਦੇਵੇ। ਅੰਦਰ ਨਾ ਗੱਲ ਰੱਖੇ, ਅੰਦਰ ਗੱਲ ਖਾ ਜਾਏਗੀ ਆਦਮੀ ਨੂੰ। ਕਹਿਣ ਲੱਗਿਆ -

"ਬੇਟੀ! ਬਿਕਰਮਾਜੀਤ ਬਾਦਸ਼ਾਹ ਨੇ ਸਵਾਲ ਕਰ ਦਿਤਾ ਤੇ ਮੇਰੀ ਸਮਝ 'ਚ ਕੁਛ ਨਹੀਂ ਆਉਂਦਾ।"

"ਪਿਤਾ ਜੀ! ਇਹ ਤਾਂ ਗੱਲ ਹੀ ਕੁਛ ਨਹੀਂ। ਤੁਸੀਂ ਜਾ ਕੇ ਕਹਿ ਦਿਉ, ਕੱਲ੍ਹ ਨੂੰ ਮੇਰੀ ਲੜਕੀ ਜਵਾਬ ਦੇਵੇਗੀ।"

"ਦੇ ਦੇਵੇਂਗੀ ਬੇਟੀ?"

"ਹਾਂ।"

ਜਾ ਕੇ ਕਹਿ ਦਿਤਾ, "ਮਹਾਰਾਜ! ਕਲ੍ਹ ਨੂੰ ਆਪ ਦੇ ਦਰਬਾਰ ਵਿਚ ਮੇਰੀ ਲੜਕੀ ਜਵਾਬ ਦੇਵੇਗੀ।" ਦੂਸਰੇ ਦਿਨ ਦਰਬਾਰ ਦੇ ਵਿਚ ਲੜਕੀ ਹਾਜ਼ਰ ਹੋਈ। ਕਹਿਣ ਲੱਗੀ, "ਮਹਾਰਾਜ! ਦੱਸ ਤਾਂ ਮੈਂ ਦਿੰਦੀ ਹਾਂ ਪਰ ਤੁਹਾਨੂੰ ਯਕੀਨ ਨਹੀਂ ਆਉਣਾ; ਜੇ ਯਕੀਨ ਨਾ ਆਇਆ, ਤੁਸੀਂ ਸਬੂਤ ਮੰਗੋਗੇ। ਸੋ ਸਬੂਤ ਸਹਿਤ ਮੈਂ ਤੁਹਾਨੂੰ ਦੱਸਣਾ ਚਾਹੁੰਦੀ ਹਾਂ। ਤੁਸੀਂ ਇਉਂ ਕਰੋ ਕਿ ਏਥੋਂ 35 ਮੀਲ ਤੇ ਇਕ ਮਹਾਤਮਾ ਰਹਿੰਦੇ ਨੇ ਤੇ ਸੁਆਹ ਘੋਲ ਕੇ ਪੀਂਦੇ ਨੇ. ਉਹ ਤੁਹਾਡਾ ਜਵਾਬ ਦੇਣਗੇ।" ਰਾਜਾ ਉਥੇ ਚਲਿਆ ਗਿਆ। ਉਥੇ ਜਾ ਕੇ ਬਾਦਸ਼ਾਹ ਕਹਿੰਦਾ, "ਸੰਤ ਜੀ! ਇਹ ਗੱਲ ਮੈਂ ਪੁੱਛਣੀ ਹੈ।" ਕਹਿੰਦਾ, "ਬਾਦਸ਼ਾਹ! ਸਾਨੂੰ ਪਤਾ ਹੇ ਪਰ ਤੈਨੂੰ ਯਕੀਨ ਨਹੀਂ ਆਉਣਾ। ਤੈਨੂੰ ਯਕੀਨ ਆਏਗਾ, ਇਕ ਹੋਰ ਸੰਤ ਹੈ ਏਥੋਂ ਤੀਹ ਮੀਲ ਤੇ ਰਹਿੰਦੇ ਨੇ, ਉਹ ਗਰਮ ਗਰਮ ਅੰਗਿਆਰ ਮੂੰਹ ਵਿੱਚ ਪਾ ਰਹੇ ਨੇ, ਅੰਗਿਆਰ ਖਾਂਦੇ ਨੇ ਤੇ ਤੂੰ ਉਹਤੋਂ ਜਾ ਕੇ ਪੁਛ ਲੈਂ।"

ਉਥੇ ਚਲਿਆ ਗਿਆ। ਉਨ੍ਹਾਂ ਨੇ ਵੀ ਜਵਾਬ ਦੇ ਦਿਤਾ ਤੇ ਕਹਿਣ ਲੱਗੇ, "ਬਾਦਸ਼ਾਹ! ਸਾਡੇ ਬਚਨ ਤੇ ਤੈਨੂੰ ਯਕੀਨ ਨਹੀਂ

ਆਉਣਾ, ਤੈਨੂੰ ਯਕੀਨ ਦਿਵਾਉਣ ਵਾਲਾ ਕਲ੍ਹ ਨੂੰ ਪੈਦਾ ਹੋਣਾ ਹੈ, ਫਲਾਣੀ ਥਾਂ ਹੈ। ਉਹਨੇ ਜੰਮਦੇ ਨੇ ਹੀ ਮਰ ਜਾਣਾ ਹੈ - ਥੋੜ੍ਹੀ ਦੇਰ ਨੂੰ, ਤੇਰੀ ਪ੍ਰਤੀਕਸ਼ਾ ਕਰ ਰਿਹਾ ਹੈ। ਤੇ ਤੂੰ ਉਹਨੂੰ ਗੋਦੀ ਵਿਚ ਲੈ ਕੇ ਪੁੱਛ ਲਈਂ, ਤੈਨੂੰ ਜਵਾਬ ਜਊ।" ਉਥੇ ਚਲਿਆ ਗਿਆ, ਜਿਥੇ ਦੱਸਿਆ ਸੀ। ਦੂਸਰੇ ਦਿਨ ਬੱਚਾ ਪੈਦਾ ਹੋਇਆ। ਬੁਲਾ ਲਿਆ ਉਸਨੇ, ਗੋਦੀ ਵਿਚ ਲਿਆ, ਸਵਾਲ ਕਰਿਆ, "ਐ ਬੱਚੇ! ਇਉਂ ਦੱਸ, ਮੈਨੂੰ ਐਡਾ ਰਾਜ ਕਿਵੇਂ ਪ੍ਰਾਪਤ ਹੋਇਆ ਹੈ?' ਉਸ ਵੇਲੇ ਉਹ ਬੋਲਿਆ ਕਿ ਬਿਕਰਮਾਜੀਤ! ਤੂੰ, ਮੈਂ, ਅੰਗਿਆਰ ਖਾਣ ਵਾਲਾ ਤੇ ਉਹ ਜਿਹੜਾ ਸੁਆਹ ਪੀਂਦਾ ਹੈ ਤੇ ਉਹ ਲੜਕੀ, ਅਸੀਂ ਪਿਛਲੇ ਜਨਮ ਵਿਚ ਇਕੱਠੇ ਸੀ ਤੇ ਆਪਾਂ ਤਪੱਸਿਆ ਕਰਿਆ ਕਰਦੇ ਸੀ। ਉਹ ਲੜਕੀ ਦੋ ਦੋ ਪ੍ਰਸ਼ਾਦੇ ਸਾਨੂੰ ਲਿਆਇਆ ਕਰਦੀ ਸੀ - ਅੱਠਾਂ ਪਹਿਰਾਂ ਬਾਅਦ। ਉਸ ਵੇਲੇ ਇਕ ਦਿਨ ਭਗਵਾਨ ਸਾਡੀ ਪ੍ਰੀਖਿਆ ਕਰਨ ਵਾਸਤੇ ਆ ਗਏ ਤੇ ਉਨ੍ਹਾਂ ਨੇ ਆ ਕੇ ਇਹ ਗੱਲ ਕਹੀ ਕਿ ਮੈਂ ਭੁੱਖਾ ਹਾਂ, ਮੈਨੂੰ ਕੁਛ ਖਾਣ ਨੂੰ ਦਿਉ। ਕਹਿੰਦਾ, ਪਹਿਲੇ ਸੰਤ ਨੇ ਇਕ ਰੋਟੀ ਦੇ ਦਿਤੀ। ਉਹ ਕਹਿੰਦੇ, ਇਹਦੇ ਨਾਲ ਵੀ ਨਹੀਂ ਮੈਂ ਰੱਜਣਾ। ਕਹਿੰਦਾ, ਹੁਣ ਤਾਂ ਮੇਰੇ ਕੋਲ ਅੱਧਾ ਹੀ ਰਹਿ ਗਿਆ, ਮੈਂ ਸੁਆਹ ਖਾਊਂ? ਕਹਿੰਦੇ, "ਤਥਾ ਅਸਤੂ।" ਓਦੋਂ ਦਾ ਉਹ ਸੁਆਹ ਹੀ ਖਾਂਦਾ ਹੈ।

ਦੂਸਰੇ ਕੋਲ ਆ ਗਏ, ਕਹਿੰਦਾ, ਉਹਨੇ ਵੀ ਡੇਢ ਪ੍ਰਸ਼ਾਦਾ ਦੇ ਦਿਤਾ ਤੇ ਜਦ ਬਾਕੀ ਦਾ ਅੱਧਾ ਮੰਗਿਆ, ਉਹ ਕਹਿਣ ਲੱਗਿਆ, ਮੈਂ ਅੰਗਿਆਰ ਖਾਊਂ - ਤੈਨੂੰ ਅੱਧਾ ਦੇ ਕੇ। ਮੈਂ ਵੀ ਤਾਂ ਕੁਛ ਪਾਉਣਾ ਹੈ ਮੂੰਹ ਵਿਚ। ਉਹਨੇ 'ਤਥਾ ਅਸਤੂ' ਕਹਿ ਦਿਤਾ। ਓਦਣ ਦਾ ਉਹ ਅੰਗਿਆਰ ਖਾਂਦਾ ਹੈ। ਤੇ ਮੇਰੇ ਨਾਲ ਜਦ ਆਇਆ ਤੇ ਜਦ ਡੇਢ ਪ੍ਰਸ਼ਾਦਾ ਦੇ ਕੇ ਅੱਧਾ ਰਹਿ ਗਿਆ, ਉਸ ਵੇਲੇ ਕਿਹਾ ਕਿ ਮੈਂ ਮਰੂੰਗਾ - ਤੈਨੂੰ ਸਾਰੀ ਰੋਟੀ ਦੇ ਕੇ? ਕਹਿੰਦੇ, ਤਥਾ ਅਸਤੂ। ਓਦਣ ਦਾ ਮੈਂ ਜੰਮੀ ਜਾਂਦਾ ਹਾਂ, ਮਰੀ ਜਾਂਦਾ ਹਾਂ।

ਐਨੇ ਨੂੰ ਤੇਰੇ ਕੋਲ ਆ ਗਏ। ਤੂੰ ਦੋਇ ਪ੍ਰਸ਼ਾਦੇ ਦੇ ਦਿਤੇ ਤੇ ਉਸ ਤੋਂ ਬਾਅਦ ਬੇਨਤੀ ਕਰੀ ਕਿ ਮਹਾਰਾਜ! ਸਾਡਾ ਨੇਮ ਤਾਂ ਨਹੀਂ ਹੈ, ਅਸੀਂ ਮੰਗਣ ਤਾਂ ਨਹੀਂ ਗਏ ਅੱਜ ਤੱਕ ਕਿਉਂਕਿ ਅਸੀਂ ਪ੍ਰਮੇਸ਼ਰ ਦੇ ਭਰੋਸੇ ਤੇ ਰਹਿੰਦੇ ਹਾਂ, ਜੋ ਆ ਜਾਂਦਾ ਹੈ ਉਹ ਛਕ ਲੈਂਦੇ ਹਾਂ; ਆਵੇ ਤਾਂ ਛਕ ਲੈਂਦੇ ਹਾਂ, ਨਾ ਆਵੇ ਤਾਂ ਅਸੀਂ ਪ੍ਰਮੇਸ਼ਰ ਦੇ ਭਾਣੇ ਵਿਚ ਰਹਿੰਦੇ ਹਾਂ; ਹੁਕਮ ਕਰੋ ਮੈਂ ਜਾ ਕੇ ਹੋਰ ਲੈ ਆਵਾਂ। ਕਹਿੰਦੇ, ਨਹੀਂ। ਫੇਰ ਤੈਨੂੰ ਦਰਸ਼ਨ ਦੇ ਦਿਤੇ। ਅਸੀਂ ਤੇਰੇ ਕੋਲ ਸੀ, ਦਰਸ਼ਨ ਸਾਨੂੰ ਵੀ ਹੋਏ; ਅਸੀਂ ਕਿਹਾ, ਇਹ ਤਾਂ ਭਗਵਾਨ ਸਾਨੂੰ ਵੀ ਹੋਏ; ਅਸੀਂ ਕਿਹਾ, ਇਹ ਤਾਂ ਭਗਵਾਨ ਸੀ ਤੇ ਉਸ ਵੇਲੇ ਅਸੀਂ ਬੇਨਤੀ ਕਰੀ ਕਿ ਮਹਾਰਾਜ! ਸਾਡਾ ਛੁਟਕਾਰਾ ਕਿਵੇਂ ਹੋਏਗਾ? ਕਹਿੰਦੇ, ਇਹ ਜਿਹੜਾ ਸਾਧੂ ਹੈ ਇਹ ਅਗਲੀ ਵਾਰੀ ਬਾਦਸ਼ਾਹ ਬਣੇਗਾ ਤੇ ਦੋ ਪ੍ਰਸ਼ਾਦਿਆਂ ਦੇ ਬਦਲੇ ਇਹਨੂੰ ਚੱਕ੍ਰਵਰਤੀ ਬਾਦਸ਼ਾਹੀ ਮਿਲੇਗੀ ਕਿਉਂਕਿ ਇਹਨੇ ਸਰਬੰਸ ਦਾਨ ਕਰ ਦਿਤਾ। ਸਰਬੰਸ ਦਾਨ ਦਾ ਬਹੁਤ ਵੱਡਾ ਫਲ ਹੋਇਆ ਕਰਦਾ ਹੈ। ਉਨਹਾਂ ਨੇ ਸਵਾਲ ਕਰਿਆ ਕਿ ਮਹਾਰਾਜ! ਸਾਡਾ ਛੁਟਕਾਰਾ? ਕਹਿੰਦੇ, ਜਦ ਇਹ ਭਰ-ਜੁਆਨੀ ਵਿਚ ਹੋਏਗਾ, ਉਸ ਵੇਲੇ ਅਸੀਂ ਇਹਦੇ ਮਨ ਵਿਚ ਫੁਰਨਾ ਪੈਦਾ ਕਰਾਂਗੇ ਤੇ ਇਹ ਪੁੱਛੇਗਾ ਕਿ ਮੈਨੂੰ ਐਨਾ ਵੱਡਾ ਰਾਜ ਕਿਵੇਂ ਪ੍ਰਾਪਤ ਹੋਇਆ। ਉਸ ਵੇਲੇ ਇਹ ਲੜਕੀ ਜਿਹੜੀ ਹੈ, ਇਹਨੂੰ ਅਸੀਂ ਪਿਛਲੇ ਜਨਮ ਦਾ ਗਿਆਨ ਦੇਵਾਂਗੇ। ਉਹ ਇਸ ਤਰ੍ਹਾਂ ਜਦ ਤੁਹਾਡੇ ਕੋਲ ਭੇਜੇਗੀ, ਤੇ ਜਿੱਦਣ ਤੁਹਾਡੇ ਕੋਲ ਇਹ ਆ ਕੇ ਪੁੱਛੇਗਾ, ਉਸ ਵੇਲੇ ਤੁਹਾਡਾ ਛੁਟਕਾਰਾ ਹੋ ਜਾਵੇਗਾ - ਤਿੰਨਾਂ ਦਾ। ਸੋ, ਕਹਿਣ ਲੱਗਿਆ, ਮਹਾਰਾਜ! ਤੁਸੀਂ ਆਏ, ਸਾਥੋਂ ਪੁੱਛ ਲਿਆ ਤੇ ਹੁਣ ਮੈਂ ਵੀ ਸਰੀਰ ਛੱਡ ਰਿਹਾ ਹਾਂ ਤੇ ਤੁਹਾਡੇ ਜਾਂਦਿਆਂ ਨੂੰ ਉਹ ਦੋਇ ਸੰਤ ਤੇ ਲੜਕੀ ਵੀ ਸਰੀਰ ਛੱਡ ਜਾਏਗੀ ਤੇ ਅਸੀਂ ਹੁਣ ਜਾ ਰਹੇ ਹਾਂ - ਦਰਗਾਹ ਵਿਚ।

ਸੋ ਇਹਨੂੰ 'ਅਖੈ ਫਲ' ਕਹਿੰਦੇ ਨੇ ਜਿਸ ਫਲ ਦਾ ਨਾਸ਼ ਨਾ ਹੋਵੇ। ਸੋ ਉਹ ਦਾਨ ਹੁੰਦਾ ਹੈ ਜਿਹੜਾ ਵਾਹਿਗੁਰੂ ਦਾ ਦਿਤਾ ਹੋਇਆ ਸਮਝ ਕੇ ਫੇਰ ਨਿੰਮ੍ਰਤਾ ਦੇ ਨਾਲ ਕੱਢਣਾ। ਗੁਰੂ ਘਰ ਦੇ ਅੰਦਰ ਖੇਤ ਹੈ - ਗੁਰਸਿਖ। ਗੁਰੂ ਘਰ ਵਿਚ ਜਿਥੇ ਲੰਗਰ ਚਲਦੇ ਹੋਣ, ਸੇਵਾ ਹੁੰਦੀ ਹੋਵੇ, ਬਿਮਾਰਾਂ ਦੀ ਸੰਭਾਲ ਹੁੰਦੀ ਹੋਵੇ, ਉਸ ਥਾਂ ਤੇ ਦਾਨ ਦੇਣ ਵਾਸਤੇ ਗੁਰੂ ਮਹਾਰਾਜ ਨੇ ਇਸ ਤਰ੍ਹਾਂ ਦੇ ਨਾਲ ਸਾਨੂੰ ਤਾਕੀਦ ਕੀਤੀ ਹੈ -

***ਧਾਰਨਾ -*** ***ਪਿਆਰੇ ਜੀ,***
***ਦਾਨ ਦਿਤਾ ਗੁਰਸਿਖਾਂ ਨੂੰ - ੨, ੨.***
***ਇਹ ਦੋਹੀਂ ਜਹਾਨੀ ਫਲਦੈ,***
***ਇਹ ਦੋਹੀਂ ਜਹਾਨੀ ਫਲਦੈ - ੨, ੨.***

***ਸੇਵ ਕਰੀ ਇਨਹੀ ਕੀ ਭਾਵਤ***
***ਔਰ ਕੀ ਸੇਵ ਸੁਹਾਤ ਨ ਜੀਕੋ॥***
***ਦਾਨ ਦੀਯੋ ਇਨਹੀ ਕੋ ਭਲੋ***
***ਅਰ ਆਨ ਕੋ ਦਾਨ ਨ ਲਾਗਤ ਨੀਕੋ॥***
***ਆਗੈ ਫਲੈ ਇਨਹੀ ਕੋ ਦੀਯੋ***
***ਜਗ ਮਹਿ ਜਸ ਔਰ ਦੀਯੋ ਸਭ ਫੀਕੋ॥***
***ਮੋ ਗ੍ਰਿਹ ਮਹਿ ਮਨ ਤੇ ਤਨ ਤੇ***
***ਸਿਰ ਲੌ ਧਨ ਹੈ ਸਭ ਹੀ ਇਨਹੀ ਕੋ॥*** ***ਦਸਮ ਗ੍ਰੰਥ***

***'ਚਲਦਾ'***

*******


# ਆਤਮ-ਮਾਰਗ

**ਦੇ ਸਾਲਾਨਾ ਜਾਂ ਲਾਇਫ ਮੈਂਬਰ ਬਣਾ ਕੇ**

## ਗੁਰ-ਸ਼ਬਦ ਲੰਗਰ ਵਿੱਚ

ਹਿੱਸਾ ਪਾਉਣ ਦੀ ਕ੍ਰਿਪਾਲਤਾ ਕਰੋ ਜੀ।

# ਸਤਵੰਤ ਕੌਰ

***ਭਾਈ ਵੀਰ ਸਿੰਘ***

ਸਤਵੰਤ ਨੇ ਫੇਰ ਇਨ੍ਹਾਂ ਤਿੰਨਾਂ ਦਾਤਾਂ ਤੋਂ ਰੱਖਿਆ ਕਰਨੇ ਹਿਤ ਤਿੰਨ ਸ਼ਸਤ੍ਰ ਬੀ ਦੱਸ ਦਿੱਤੇ - ਇਕ ਬਾਣੀ ਜਾਂ ਨਿੱਤ ਨੇਮ, ਦੂਜੇ ਬੇਨਤੀ ਦੀ ਜਾਚ, ਤੀਸਰੇ ਸ਼ੁਕਰ ਦਾ ਸੁਭਾਵ। ਫਾਤਮਾ ਨੂੰ ਉਸ ਨੇ ਇਹ ਬੀ ਸਮਝਾ ਦਿੱਤਾ ਕਿ ਯਾਦ ਰੱਖਣਾ ਪਿਆਰੇ ਵਾਹਿਗੁਰੂ ਨੂੰ, ਉਸ ਨਾਲ ਪ੍ਰੇਮ ਵਿਚ ਰਹਿਣਾ ਹੈ, ਮਾਨੋਂ ਮਿਲੇ ਰਹਿਣਾ ਹੈ, ਪਰ ਯਾਦ ਰੱਖਣਾ ਇਕ ਸੂਖਮ ਗਤੀ ਹੈ, ਇਸ ਸੂਖਮ ਗਤੀ ਨੂੰ ਪਾਉਣ ਲਈ ਨਾਮ ਜਪੀਦਾ ਹੈ, ਨਾਮ ਜੀਭ ਤੋਂ ਜਪਿਆ ਸਹਿਜੇ ਸਹਿਜੇ ਮਨ ਨੂੰ ਏਕਾਗਰਤਾ ਵਿਚ ਲਿਆਂਦਾ ਹੈ। ਇਸ ਤਰ੍ਹਾਂ ਜਪਿਆ ਨਾਮ ਆਪੇ ਪ੍ਰਾਣਾਂ ਵਿਚ ਪ੍ਰਵੇਸ਼ ਕਰਦਾ ਹੈ, ਫਿਰ ਦਿਲ ਵਿਚ ਜਾ ਕੇ ਸਦਾ 'ਯਾਦ' ਦਾ ਰੂਪ ਧਾਰ ਲੈਂਦਾ ਹੈ, ਫਿਰ ਐਉਂ ਜਾਪਦਾ ਹੈ ਕਿ ਲੂੰ ਲੂੰ ਵਿਚ ਸਿਮਰਨ ਹੈਂ, ਫਿਰ ਐਉਂ ਕਿ ਧਰਤ ਅਕਾਸ਼ ਸਾਰੇ, ਨਾਮ ਵਿਆਪਕ ਹੈ। ਪਰ ਹਾਂ, ਮੂਲ ਨਾਮ ਦਾ 'ਜਪਣਾ' ਹੈ।

***ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥***
***ਹਰਿਹਾਂ ਜਬ ਬਿਸਰੈ ਗੋਬਿਦ ਰਾਇ***
***ਦਿਨੋ ਦਿਨੁ ਘਟੀਐ ॥ ਅੰਗ - ੧੩੬੨***

ਰਸਨਾ ਦੇ ਜਾਪ ਨੂੰ ਸਾਰੇ ਫਲ ਲਗਦੇ ਹਨ, ਇਸਨੂੰ ਛੱਡਣਾ ਨਹੀਂ ਚਾਹੀਏ ਇਥੋਂ ਨਾਮ ਆਪੇ ਹਿਰਦੇ ਪ੍ਰਾਣਾਂ ਵਿਚ ਜਾਂਦਾ ਹੈ।

ਇਸ ਪ੍ਰਕਾਰ ਫਾਤਮਾ ਜਦ ਜਾਣ ਗਈ ਤਦ 'ਗੁਰਮੁਖਿ ਗਾਡੀ ਰਾਹ ਚਲਾਇਆ' ਪਰ ਪੱਕੀ ਤੁਰਾਊ ਬਣ ਗਈ।

ਪਿਆਰੇ ਖਾਲਸਾ ਜੀ! ਪਰਸਪਰ ਹਮਦਰਦੀ ਦੇ ਅਸੂਲ ਨੂੰ ਸਮਝ ਕੇ ਅਧਿਕਾਰੀ ਭਰਾਵਾਂ ਨਾਲ ਰਲ ਵਰਤੋਂ। ਭੇਖ ਤੋਂ ਬਚੋ, ਭਰਮ ਨਾ ਕਰੋ, ਨਾ ਭਰਮ ਵਿਚ ਪਵੋ। ਯਥਾ - ਗੁਰੂ ਜੀ ਦੇ ਨਿਜ ਕਵੀ ਸੈਨਾਪਤ ਨੇ, ਗੁਰ ਸ਼ੋਭਾ ਵਿਚ ਲਿਖਿਆ ਹੈ -

***ਖਾਲਸਾ ਖਾਸ ਕਹਾਵੈ ਸੋਈ॥***
***ਜਾਂਕੈ ਹਿਰਦੈ ਭਰਮ ਨ ਹੋਈ॥***
***ਭਰਮ ਭੇਖ ਤੇ ਰਹੈ ਨਿਆਰਾ॥***
***ਸੋ ਖਾਲਸ ਸਤਿਗੁਰੂ ਹਮਾਰਾ॥***

ਦੂਜੇ ਪਾਸੇ ਅੱਜਕਲ੍ਹ ਸਤਿਸੰਗ ਤੋਂ ਨਫਰਤ ਤੇ ਆਪੇ ਤੀਸ ਮਾਰ ਖਾਂ ਬਣ ਬੈਠਣ ਦੀ ਆਕੜ ਆ ਰਹੀ ਹੈ। ਨਾਮ ਰਸੀਏ ਕਰਨੀ ਵਾਲੇ, ਕਣੀ ਵਾਲੇ ਦੀ ਕਦਰ ਨਹੀਂ। ਖੋਟੇ ਕਰਮੀ ਤੇ ਉੱਚੀ ਕਰਨੀ ਵਾਲੇ ਨੂੰ ਇਕ ਬਰੋਬਰ ਸਮਝਣੇ ਦੀ ਭੁੱਖ ਵਾਪਰ ਰਹੀ ਹੈ। ਸ਼ੁਭ ਸੰਗਤ ਦੀ ਢੂੰਡ ਨਹੀਂ; ਇਨ੍ਹਾਂ ਭੁੱਲਾਂ ਨਾਲ ਸਿੱਖੀ ਜੀਵਨ ਘਰ ਰਿਹਾ ਹੈ ਤੇ ਪੰਥ ਦੀ ਰੂਹਾਨੀਅਤ ਤਬਾਹ ਹੋ ਰਹੀ ਹੈ। ਦੂਜੇ ਪਾਸੇ ਮਾਮੂਲੀ ਜੀਵ ਥੋੜ੍ਹੀ ਘਾਲ ਯਾ ਸਮਝ ਦੇ ਮਗਰੋਂ ਦਸਾਂ ਪਾਤਸ਼ਾਹੀਆਂ ਦੀ ਤੁਲਤਾ ਦਾ ਦਾਵਾ ਕਰਦੇ ਹਨ, ਗੁਰੂ ਸਾਹਿਬ ਤੋਂ ਦੂਰੀ ਤੇ ਲੈ ਜਾਂਦੇ ਹਨ। ਐਸੇ ਭੇਖ ਧਾਰੀਆਂ ਤੇ ਪਾਜ ਵਾਲਿਆਂ ਤੋਂ ਬਚਣਾ ਲੋੜੀਏ। 'ਗੁਰਮੁਖ ਦਾ ਮੇਲ ਸਾਧ ਦਾ ਸੰਗ' ਸਦਾ ਚੰਗਾ ਹੈ, ਸਦਾ ਮੰਗੋ।

ਫਾਤਮਾ ਹੁਣ ਕ੍ਰਿਤ ਕ੍ਰਿਤ ਹੋ ਗਈ। ਦਿਨ ਹੁਣ ਚੜ੍ਹਨੇ ਵਾਲਾ ਸੀ, ਇਸ ਕਰਕੇ ਫਾਤਮਾ ਦਾ ਘਰ ਵਿਚ ਸਭ ਦੇ ਜਾਗਣ ਤੋਂ ਪਹਿਲਾਂ ਵੜ ਜਾਣਾ ਜ਼ਰੂਰੀ ਸੀ। ਸੋ ਹੁਣ ਉੱਠੀ, ਕੈਸੇ ਅਨੰਦ ਨੂੰ ਅਨੁਭਵ ਕਰ ਰਹੀ ਹੈ ਅਰ ਉਸ ਤੋਂ ਕੈਸਾ ਸ਼ੁਕਰ ਦਾ ਸੋਮਾ ਫੁੱਟਿਆ ਹੈ। ਨੇਤ੍ਰ ਜਲ ਨਾਲ ਭਰ ਗਏ, ਸਰੀਰ ਪਰ ਲੂੰ ਖੜੇ ਹੋ ਗਏ ਅਰ ਬੇਵਸੇ ਹੋ ਕੇ ਸਤਵੰਤ ਕੌਰ ਦੇ ਚਰਨਾਂ ਪਰ ਡਿੱਗ ਗਈ। ਸਤਵੰਤ ਨੇ ਬੜੀ ਛੇਤੀ ਚੁੱਕਿਆ ਅਰ ਗਲਵਕੜੀ ਪਾ ਕੇ ਕਿਹਾ, ਬੀਬੀ! ਤੂੰ ਜੋ ਮੇਰੀ ਸੱਜਣ ਹੈਂ, ਤਾਂ ਸੱਜਣ ਲਈ ਸੱਜਣ ਦੀ ਰੁਚੀ ਤੋਂ ਓਪਰਾ ਕੰਮ ਨਹੀਂ ਕਰਦਾ, ਤਕੜੀ ਹੋ, ਨਾਮ ਜਪ। ਕਰਨੀ ਪਰਵਾਨ, ਕਰਨੀ ਪਰਵਾਨ।

ਇਹ ਸੁਣ ਕੇ ਫਾਤਮਾ ਨੇ ਹੋਰ ਭੀ ਨੀਵੇਂ ਹੋ ਕੇ ਮਾਫੀ ਮੰਗੀ ਤੇ ਕਿਹਾ ਕਿ ਪਿਆਰ ਤੇ ਸ਼ੁਕਰ ਦੇ ਵਲਵਲੇ ਕਈ ਬੇਅਬਦੀਆਂ ਕਰ ਦਿੰਦੇ ਹਨ। ਸੱਜਣੀ ਦਿਲ ਦੀਆਂ ਲੱਗੀਆਂ ਦੇ ਮਾਮਲੇ ਨਿਆਰੇ ਜੁ ਹੋਏ।

ਕੁਝ ਚਿਰ ਮਗਰੋਂ ਫਾਤਮਾ ਤਾਂ ਚਲੀ ਗਈ ਤੇ ਸਤਵੰਤ ਕੌਰ ਹੁਣ ਤੁਰਨ ਦੇ ਆਹਰ ਸੋਚਣ ਲੱਗੀ। ਇਸ ਵੇਲੇ ਉਸ ਨੂੰ ਕੁਝ ਕੁ ਮੋਹ ਫਾਤਮਾ ਦਾ ਫੁਰ ਪਿਆ, ਤਦ ਆਪਣੇ ਮਨ ਨੂੰ ਸਮਝਾਉਣ ਲੱਗੀ, ਹੇ ਮਨ! ਇਹ ਮੋਹ ਹਾਨੀ ਦਾ ਮੂਲ ਹੈ। ਇਸੇ ਪਰ ਕਬੀਰ ਜੀ ਦਾ ਵਾਕ ਹੈ -

***ਕਬੀਰ ਸਿਖ ਸਾਖਾ ਬਹੁਤੇ ਕੀਏ ਕੇਸੋ ਕੀਓ ਨ ਮੀਤੁ ॥***
***ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤੁ ॥ ਅੰਗ - ੧੩੬੯***

ਹੇ ਮਨ! ਮੈਨੂੰ ਜੇ ਪਿਆਰ ਨਾ ਫੁਰਦਾ ਤਾਂ ਇਸਦਾ ਲਾਭ ਕੀਕੂੰ ਹੁੰਦਾ। ਪ੍ਰੇਮ ਤਾਂ ਫੁਰਨਾ ਮਾੜਾ ਨਹੀਂ, ਪਰ ਮੈਨੂੰ ਹਉਮੈਂ ਤੇ ਮੋਹ ਨਾ ਫੁਰੇ। ਇਸ ਤਰ੍ਹਾਂ ਵਿਚਾਰ ਨਾਲ ਸਤਵੰਤ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰੇਮ ਵਿਚ ਉਛਾਲ ਖਾਧਾ ਤੇ ਜੋ ਉਪਕਾਰ ਕੀਤਾ ਸੀ ਉਸਨੂੰ ਗੁਰੂ ਕੇ ਹੁਕਮ ਵਿਚ ਪੂਰਾ ਕਰਨਾ ਆਪਣਾ ਫਰਜ਼ ਸਮਝ ਲਿਆ। ਉਹ ਧੰਨ ਗੁਰੂ ਨਾਨਕ ਦੀ ਧੁਨਿ ਵਿਚ ਮਗਨ ਹੋ ਕੇ ਉੱਚੀ ਹੋ ਗਈ, ਅਤੇ ਗੁਰੂ ਚਰਨਾਂ ਨੂੰ ਚੰਬੜ ਕੇ ਉਸ ਪ੍ਰੇਮ ਵਿਚ ਉਛਲੀ ਕਿ ਸਾਰੇ ਪਿਆਰ ਨੀਵੇਂ ਰਹਿ ਗਏ। ਕੁਝ ਦਿਨ ਸਤਵੰਤ ਕੌਰ ਉਥੇ ਰਹੀ ਅਰ ਫਾਤਮਾ ਦਾ ਹਾਲ ਦੇਖਦੀ ਰਹੀ ਕਿ ਜੋ ਰੰਗਣ ਇਸ ਨੂੰ ਚੜ੍ਹਾਈ ਗਈ ਹੈ, ਕੀ ਅਸਰ ਕਰਦੀ ਹੈ? ਸੋ ਉਸ ਨੇ ਡਿੱਠਾ ਕਿ ਅਸਰ ਠੀਕ ਹੋ ਗਿਆ ਹੈ। ਫਾਤਮਾ ਦਾ ਸਿਦਕ ਦਿਨੋ ਦਿਨ ਤਰੱਕੀ ਕਰਦਾ ਹੈ, ਬਾਕੀ ਨਾਮ ਦਾ ਪ੍ਰੇਮ ਵਧ ਰਿਹਾ ਹੈ, ਈਰਖਾ ਮਾਨ ਛੱਡ ਗਏ ਹਨ, ਹਰ ਵੇਲੇ ਪ੍ਰਸੰਨ ਬਦਨ ਦਿਸਦੀ ਹੈ, ਬੋਲ ਮਿੱਠਾ ਹੋ ਗਿਆ ਹੈ ਤੇ ਦਿਲ ਦੀ ਜਮਾਂਦਰੂ ਕਰੜਾਈ ਘਟ ਰਹੀ ਹੈ। ਇਕ ਹੋਰ ਵਾਧਾ ਇਹ ਹੋਯਾ ਹੈ ਕਿ ਪੁੱਤਰ ਨੂੰ ਬੀ ਇਸੇ ਰਸਤੇ ਪਾਉਣੇ ਦੇ ਆਹਰ ਵਿਚ ਹੈ। ਉਸਨੂੰ ਤੜਕੇ ਉਠਾਉਂਦੀ ਹੈ ਅਰ ਬੇਨਤੀ ਕਰਨ ਦਾ

ਵਲ ਸਿਖਾਉਂਦੀ ਹੈ। ਇੱਥੇ ਹੀ ਬਸ ਨਹੀਂ, ਪਤੀ ਦੇ ਕੰਨੀਂ ਕਈ ਵਾਰੀ ਇਹ ਗੱਲ ਬੀ ਪਾ ਦਿੰਦੀ ਹੈ ਕਿ ਕਾਕੇ ਦੇ ਵਾਲ ਕੈਸੇ ਸੋਹਣੇ ਹਨ, ਤੁਸੀਂ ਐਵੇਂ ਕਤਰਾ ਦਿੰਦੇ ਹੋ, ਜੋ ਸਾਰੇ ਵਧਣ ਦਿਓ ਤਾਂ ਕੈਸੇ ਸੋਹਣੇ ਲੱਗਣ। ਉਹ ਕਦੀ ਹੱਸ ਛੱਡਦਾ ਹੈ, ਕਦੀ 'ਹਾਂ' ਕਹਿ ਛੱਡਦਾ ਹੈ। ਕਦੀ ਕੋਈ ਸਿੱਖਾਂ ਦੇ ਰੌਲੇ ਦੀ ਪੰਜਾਬ ਵਿਚੋਂ ਖਬਰ ਆਉਂਦੀ ਹੈ ਤਦ ਖਾਂ ਗੱਲ ਕਰਦਾ ਹੈ ਅਰ ਕੁਝ ਵੱਧ ਘੱਟ ਕਹਿੰਦਾ ਹੈ, ਤਦ ਬੇਵਸੇ ਹੰਝੂ ਫਾਤਮਾ ਦੇ ਨੇਤਰਾਂ ਵਿਚ ਆ ਜਾਂਦੇ ਹਨ ਅਰ ਕਹਿੰਦੀ ਹੈ ਕਿ ਕਿਉਂ ਉਨ੍ਹਾ ਨੂੰ ਐਡਾ ਦੁੱਖ ਦਿੰਦੇ ਹੋ? ਭਲਾ ਜੇ ਕੋਈ ਸਾਨੂੰ ਆ ਕੇ ਏਸੇ ਤਰ੍ਹਾਂ ਸਾਡੇ ਘਰ ਦੁੱਖ ਭੁੱਖ ਦੇਵੇ ਤਾਂ ਅਸੀਂ ਕੇਡਾ ਬੁਰਾ ਮੰਨੀਏ? ਇਸ ਤਰ੍ਹਾਂ ਤੁਹਾਨੂੰ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਨੂੰ ਦੁਖ ਦੇਣੋਂ ਸੰਗਣਾਂ ਉਚਿਤ ਹੈ। ਪਾਤਸ਼ਾਹਾਂ ਨੂੰ ਚਾਹੀਦਾ ਹੈ ਕਿ ਆਪਣੇ ਆਪਣੇ ਦੇਸ਼ ਰਾਜ ਕਰਨ, ਦੂਜੇ ਦਾ ਦੇਸ਼ ਕਿਉਂ ਖੋਹਣ? ਦੂਜੇ ਦੇਸ਼ ਨਾਲ ਲੜਾਈ ਤਾਂ ਤਦ ਕਰਨੀ ਚਾਹੀਏ ਜਦ ਕੋਈ ਰਾਜਾ ਕਿਸੇ ਦੇਸ਼ ਨੂੰ ਖੋਹਣ ਜਾ ਪਵੇ। ਹਰ ਦੇਸ਼ ਤੇ ਦੇਸ਼ ਦਾ ਆਪਣਾ ਰਾਜਾ ਚਾਹੀਏ। ਜਦੋਂ ਕੋਈ ਕਿਸੇ ਤੇ ਜਾ ਪਵੇ ਤਾਂ ਦੂਸਰੇ ਰਾਜੇ ਉਸਦੀ ਰੱਖਿਆ ਕਰਨ। ਕਿਸੇ ਦਾ ਘਰ ਖੋਹਣਾ, ਕਿਸੇ ਦਾ ਦੇਸ਼ ਖੋਹਣਾ ਇਕ ਬਰਾਬਰ ਪਾਪ ਕਰਮ ਹਨ। ਜੋ ਪਾਤਸ਼ਾਹ ਕਿਸੇ ਦੂਸਰੇ ਦੇਸ਼ ਨੂੰ ਗੁਲਾਮੀ ਵਿਚ ਪਾਉਂਦਾ ਹੈ ਉਹ ਸਾਰੀ ਦੁਨੀਆਂ ਦੀ ਸਾਂਝੀ ਤਰੱਕੀ ਦੇ ਰਸਤੇ ਵਿਚ ਪੱਥਰ ਰੱਖ ਰਿਹਾ ਹੈ, ਅਰਥਾਤ ਮਨੁੱਖ ਮਾਤ੍ਰ ਨੂੰ ਅੱਗੇ ਵਧਣੋਂ ਰੋਕ ਰਿਹਾ ਹੈ।

ਗੱਲ ਕੀ ਇਸ ਪ੍ਰਕਾਰ ਦੇ ਮਹੀਨੇ ਲੰਘ ਗਏ। ਹੁਣ ਸਤਵੰਤ ਨੇ ਨਿਸ਼ਚਾ ਕਰ ਲਿਆ ਕਿ ਬੀਜ ਫਲੇਗਾ, ਮੈਨੂੰ ਹੁਣ ਤੁਰਨਾ ਚਾਹੀਏ, ਸੋ ਤਿਆਰੀ ਕੀਤੀ। ਫਾਤਮਾ ਨੂੰ ਕਹਿ ਦਿੱਤਾ ਕਿ ਹੁਣ ਮੈਂ ਜਾਣਾ ਹੈ। ਉਹ ਕਿੱਥੋਂ ਮੰਨੇ? ਛੇਕੜ ਇਕ ਦਿਨ ਉਸ ਨੇ ਕਹਿ ਦਿੱਤਾ ਕਿ ਹੁਣ ਮੈਂ ਕਿਸੇ ਵੇਲੇ ਚੁੱਪ ਕੀਤੀ ਤੁਰ ਜਾਵਾਂਗੀ, ਕਿਉਂਕਿ ਤੁਸੀਂ ਖੁਸ਼ੀ ਨਾਲ ਜਾਣ ਨਹੀਂ ਦਿੰਦੇ। ਫਾਤਮਾ ਬਥੇਰੇ ਜ਼ੋਰ ਲਾ ਰਹੀ, ਪਰ ਬੱਧੇ ਕਦੀ ਨਾ ਰਹਿ ਸਕੇ ਪੰਛੀ ਤੇ ਦਰਵੇਸ਼, ਸਮਾਂ ਦਾਉ ਜਦ ਫਬ ਗਿਆ ਨਿਕਲ ਤੁਰੇ ਪਰਦੇਸ਼।

ਸੋ ਇਕ ਦਿਨ ਰਾਤ ਦੇ ਦੋ ਵਜੇ ਜਦ ਫਾਤਮਾ ਸੁੱਤੀ ਪਈ ਸੀ, ਸਤਵੰਤ ਕੌਰ ਉੱਠੀ ਅਰ ਮਰਦਾਵਾਂ ਭੇਸ ਕਰਕੇ ਜਿਕੁਰ ਪਹਿਲੇ ਨਿਕਲੀ ਸੀ ਹੁਣ ਫੇਰ ਨਿਕਲ ਤੁਰੀ। ਉਸ ਘਰ ਵਿਚੋਂ, ਜਿੱਥੇ ਕੈਦ ਹੋ ਕੇ ਆਈ ਸੀ, ਜਿਨ੍ਹਾਂ ਨੂੰ ਕੈਦੋਂ, ਮੌਤੋਂ ਤੇ ਨਰਕੋਂ ਛੁਡਾ ਦਿੱਤਾ ਸੀ, ਸਤਵੰਤ ਕੌਰ ਛੇਕੜ ਅੰਗੂਰਾਂ ਦਾ ਗੁੱਛਾ ਛਕ ਕੇ ਆਪਣੇ ਰਸਤੇ ਪਈ। ਫਾਤਮਾ ਨੇ ਦੋ ਕੇ ਸੌ ਮੋਹਰ ਅਰ ਹੋਰ ਮਾਲ ਮਤਾ ਏਸ ਦੇ ਅਰਪਨ ਕੀਤਾ ਹੋਯਾ ਸੀ, ਜੋ ਇਹ ਲੈਂਦੀ ਨਹੀਂ ਸੀ, ਪਰ ਉਹ ਧਿੰਗੋ ਜ਼ੋਰੀ ਸੁੱਟ ਗਈ ਸੀ, ਸੋ ਸਭ ਕੁਝ ਪਿਆ ਛੱਡ ਕੇ ਕੇਵਲ ਆਪਣੇ ਦੋ ਹੱਥ ਤੇ ਪੈਰਾਂ ਸਮੇਤ ਸਤਵੰਤ ਕੌਰ ਤੁਰ ਗਈ।

ਇਥੋਂ ਨਿਕਲ ਕੇ ਸਤਵੰਤ ਕੌਰ ਦਬੇ ਪੈਰ ਉਸ ਕੰਦਰਾ ਵਿਚ ਅੱਪੜੀ ਜਿਥੇ ਮਹਾਤਮਾ ਰਹਿੰਦੇ ਸਨ। ਇਹ ਇਕ ਖੱਡ ਜਿਹੀ ਦੇ ਵਿਚ ਇਕ ਟਿੱਬੇ ਦੇ ਉਹਲੇ ਥਾਉਂ ਸੀ, ਅੰਦਰ ਵਾਰ ਲੰਘ ਕੇ ਕੁਝ ਹੇਰ ਫੇਰ ਦੇ ਮਗਰੋਂ ਇਕ ਖੁੱਲ੍ਹੀ ਥਾਂ ਸੀ, ਜਿਸ ਨੂੰ ਪਰਲੇ ਪਾਸੇ ਵਲੋਂ ਇਕ ਹੋਰ ਐਸਾ ਹੀ ਗੁਪਤ ਜੇਹਾ ਰਸਤਾ ਸੀ। ਜਦ ਸਤਵੰਤ ਕੌਰ ਅੰਦਰ ਗਈ ਤਦ ਕੀਹ ਦੇਖਦੀ ਹੈ ਕਿ ਨਿੰਮ੍ਹਾ ਜਿਹਾ ਦੀਵਾ ਜਗ ਰਿਹਾ ਹੈ ਅਰ ਮਹਾਤਮਾ ਚੌਂਕੜੀ ਮਾਰੇ ਬੈਠੇ ਹਨ। ਮੱਥਾ ਟੇਕ ਕੇ ਸਤਵੰਤ ਕੌਰ ਪਾਸ ਬੈਠ ਗਈ। ਸਵੇਰ ਸਾਰ ਆਪ ਨੇ ਅੱਖਾਂ ਖੋਲ੍ਹੀਆਂ, ਬੀਬੀ ਨੂੰ ਦੇਖ ਕੇ ਮੁਸਕਰਾਏ, ਫੇਰ ਬੋਲੇ, ਸੁਣ ਬੱਚੜਾ! ਗੁਰੂ ਕਾ ਕਾਰਜ ਸੁਆਰ ਆਈ ਹੈਂ? ਸਿਰ ਨਿਵਾ ਕੇ ਬਿਹਬਲਤਾ ਨਾਲ ਰੋ ਕੇ ਸਤਵੰਤ ਕੌਰ ਨੇ ਕਿਹਾ - ਮਹਾਰਾਜ! ਜੈਸੇ ਆਪ ਦੀ ਪ੍ਰੇਰਨਾ ਸੀ ਹੋ ਗਿਆ, ਨਾਮ ਦੀ ਦਾਤ ਦੇ ਆਈ ਹਾਂ ਜਿਵੇਂ ਆਪ ਨੇ ਦਿੱਤੀ ਸੀ। ਮੇਰੇ ਭੁੱਲ ਕਰ ਬੈਠਣ ਵਿਚ ਕੁਝ ਕਸਰ ਤਾਂ ਨਹੀਂ ਸੀ ਰਹਿਣੀ, ਪਰ ਆਪ ਨੇ ਪੂਰਨ ਰੱਖਿਆ ਕੀਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਹ ਵਾਕ ਸਹਾਇਤਾ ਕਰਦਾ ਰਿਹਾ,

***ਕਬੀਰ ਭਾਰ ਪਰਾਈ ਸਿਰਿ ਚਰੈ ਚਲਿਓ ਚਾਹੈ ਬਾਟ ॥***
***ਅਪਨੇ ਭਾਰਹਿ ਨਾ ਡਰੈ ਆਗੈ ਅਉਘਟ ਘਾਟ ॥***

***ਅੰਗ - ੧੩੬੯***

ਇਹ ਉੱਤਰ ਸੁਣ ਕੇ ਆਪ ਨੇ ਪ੍ਰਸੰਨਤਾ ਪੂਰਬਕ ਕਿਹਾ, ਪੁੱਤਰੀ! ਤੂੰ ਧੰਨਯ ਹੈਂ! ਤੇਰਾ ਜਨਮ ਧੰਨਯ ਹੈ! ਸਾਡੀ ਸਿਖਿਆ ਯਾਦ ਰੱਖੀਂ, ਭਾਵੇਂ ਪਰਮੇਸ਼ਰ ਦੀ ਪ੍ਰਾਪਤੀ ਤੱਕ ਪਹੁੰਚ ਜਾਵੇਂ, ਬੰਦਗੀ ਨਹੀਂ ਛੱਡਣੀ ਤੇ ਪ੍ਰਮੇਸ਼ਰ ਦਾ ਨਿਰਮਲ ਭੈ ਦੂਰ ਨਹੀਂ ਕਰਨਾ, ਨਾਮ ਤੋਂ ਕਦੇ ਨਹੀਂ ਉੱਕਣਾ। ਕਲਜੁਗ ਵਿਚ ਇਨ੍ਹਾਂ ਦੁਹਾਂ ਸਾਧਨਾਂ ਬਿਨਾਂ ਸਾਧ ਮਾਰਿਆ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਹਨ, 'ਨਾਨਕ ਭੈ ਵਿਣੁ ਜੇ ਮਰੈ ਮੁਹਿ ਕਾਲੈ ਉਠਿ ਜਾਇ'। ਉਹ ਪਾਰਬ੍ਰਹਮ ਦਾ ਨਿਰਮਲ ਭਉ ਸੁਖਾਂ ਦਾ ਮੂਲ ਹੈ। ਅਕਸਰ ਮਤਾਂ ਦੇ ਫਕੀਰ ਸਰੂਪ ਦੀ ਪਛਾਣ ਦੇ ਲਾਗੇ ਆ ਕੇ ਯਾ ਖਯਾਲ ਕਰਕੇ ਕਿ ਆ ਗਏ ਹਾਂ ਨਿਡਰ ਤੇ ਗੁਸਤਾਖ ਹੋ ਜਾਂਦੇ ਹਨ, ਇਹ ਅਸਲ ਵਿਚ ਡਿੱਗਣ ਦੇ ਸਮਾਨ ਹੁੰਦੇ ਹਨ। ਉਸ ਵੇਲੇ ਇਕ ਅਤਿ ਸੂਖਮ ਹਉਮੈ ਘੇਰ ਲੈਂਦੀ ਹੈ, ਜਿਸ ਕਰਕੇ ਪਤਾ ਨਹੀਂ ਲਗਦਾ ਕਿ ਮੈਂ ਸਵੈ ਸਰੂਪ ਇਸਥਿਤ ਹਾਂ ਕਿ ਹਉਮੈ ਦੇ ਇਕ ਪਾਰਦਰਸ਼ਕ ਸੂਖਮ ਪਰਦੇ ਵਿਚ ਹਾਂ, ਜਿਸ ਪਰਦੇ ਨੂੰ ਮਹਾਰਾਜ ਨੇ ਭੰਬੀਰੀ ਦੇ ਖੰਭ ਨਾਲ ਉਪਮਾ ਦਿੱਤੀ ਹੈ। ਜਦ ਤੱਕ ਦੇਹ ਤਦ ਤੱਕ ਕਰਤਾ ਪੁਰਖ ਦਾ ਅਦਬ ਰੱਖਣਾ ਤੇ ਨਿਰਮਲ ਭੈ ਵਾਲਾ ਪ੍ਰੇਮ ਉਸ ਨਾਲ ਕਰਨਾ ਚਾਹੀਏ। ਸਾਈਂ ਦਾ ਮੇਲ ਤਾਂ ਅਭੇਤਾ ਹੈ, ਪਰ ਹਉਮੈਂ ਸੂਖਮ ਬੀ ਵਿੱਥ ਦੀ ਨਿਸ਼ਾਨੀ ਹੈ। ਦੇਖੋ ਜਿਸ ਇਸਤ੍ਰੀ ਨੂੰ ਪੁੱਤਰ ਪਟਰਾਣੀ ਬਣਾ ਦੇਵੇ, ਸਭ ਤਰ੍ਹਾਂ ਹੁਕਮ ਹਾਸਲ ਕਰਾ ਦੇਵੇ, ਆਪ ਬੀ ਉਸ ਦੇ ਕਹੇ ਚੱਲੇ ਅਰ ਲਾਡ ਬੀ ਸਹਾਰੇ, ਉਸ ਪਟਰਾਣੀ ਦਾ ਧਰਮ ਤਦ ਭੀ ਅਦਬ ਹੈ ਕਿਉਂਕਿ ਉਹ ਅਦਬ ਨੇ ਉਥੋਂ ਤਕ ਪਹੁੰਚਾਈ ਸੀ। ਜੇ ਅਦਬ ਛੱਡੇਗੀ, ਭਾਵੇਂ ਹੁਕਮ ਹਾਸਲ ਰਹਿ ਭੀ ਜਾਵੇ ਤਦ ਬੀ ਬੇਅਦਬੀ ਵਿੱਥ ਦੀ ਨਿਸ਼ਾਨੀ ਹੈ, ਕਿਉਂਕਿ ਉਸ ਵਿੱਚ ਹਉਮੈ ਹੁੰਦੀ ਹੈ।

ਇਹ ਉਪਦੇਸ਼ ਸੁਣ ਕੇ ਸਤਵੰਤ ਕੌਰ ਨੇ ਉਨ੍ਹਾਂ ਦਾ ਸੱਚੇ ਦਿਲੋਂ ਧੰਨਵਾਦ ਕੀਤਾ ਅਰ ਕਿਹਾ ਕਿ ਮਹਾਰਾਜ ਜੀ! ਹੁਣ ਸੰਕਲਪ ਵਤਨ ਪਹੁੰਚਣੇ ਦਾ ਦ੍ਰਿੜ੍ਹ ਹੋ ਰਿਹਾ ਹੈ, ਆਪ ਖੁਸ਼ੀ ਕਰੋ। ਗੁਰਮੁਖ ਜੀ ਨੇ ਕਿਹਾ, ਬੱਚੜਾ! ਜੋ ਤੁਸਾਂ ਪਹਿਲੇ ਤੋਤਾ

ਸਿੰਘ ਦੇ ਸਬੰਧੀ ਬ੍ਰਿਧ ਪੁਰਖ ਨਾ, ਜਿਨ੍ਹਾਂ ਦਾ ਨਾਉਂ ਲੱਧਾ ਸਿੰਘ ਹੈ, ਤਿਆਰਾ ਕੀਤਾ ਸੀ ਸੋ ਠੀਕ ਹੈ। ਹੁਣ ਉਹ ਤਿਆਰ ਹੈ, ਤੁਹਾਡੀ ਭਾਲ ਬਹੁਤ ਕਰਦਾ ਸੀ; ਪਰ ਜਦ ਉਨ੍ਹਾਂ ਨੂੰ ਧੀਰਜ ਹੋ ਗਿਆ। ਹੁਣ ਤੁਸੀਂ ਉਨ੍ਹਾਂ ਨੂੰ ਮਿਲੋ। ਪੰਦਰਾਂ ਦਿਨਾਂ ਨੂੰ ਕਾਫਲਾ ਤੁਰਨੇ ਵਾਲਾ ਹੈ। ਅਸੀਂ ਭੀ ਚੱਲਦੇ, ਪਰ ਅਜੇ ਪੰਥ ਦੇ ਹੁਕਮ ਮੁਜਬ ਕੰਮ ਨਹੀਂ ਮੁੱਕ ਚੁੱਕਾ। ਕਾਬਲ ਦੀ ਸਿੱਖੀ ਨੂੰ ਦੇਖ ਭਾਲ ਸੰਭਾਲ ਲੀਤਾ ਹੈ, ਹੁਣ ਕੰਧਾਰ ਵਲ ਜਾਣਾ ਹੈ, ਫੇਰ ਚਿਮਨ ਦੇ ਰਸਤਿਉਂ ਅਸੀਂ ਮੁੜ ਕੇ ਪੰਜਾਬ ਅਪੜਾਂਗੇ।

ਇਸ ਪ੍ਰਕਾਰ ਦੇ ਬਚਨ ਬਿਲਾਸ ਕਰਦੇ ਕਰਾਉਂਦਿਆਂ ਪਹੁ ਫੁੱਟ ਪਈ, ਬਾਬਾ ਲੱਧਾਂ ਸਿੰਘ ਬੀ ਆ ਪਹੁੰਚਾ। ਸੰਤਾਂ ਨੇ ਸਤਵੰਤ (ਜੋ ਇਸ ਵੇਲੇ ਭਾਈ ਜਸਵੰਤ ਸਿੰਘ ਦੇ ਭੇਖ ਵਿਚ ਸੀ) ਦੀ ਬਾਂਹ ਉਸ ਦੇ ਹੱਥ ਦੇ ਕੇ ਕਿਹਾ ਕਿ ਇਨ੍ਹਾਂ ਨੂੰ ਸਭ ਤਰ੍ਹਾਂ ਪ੍ਰਸੰਨ ਰੱਖਣਾ, ਅਸੀਂ ਦੀਪਮਾਲਾ ਤੱਕ, ਅੱਪੜਾਂਗੇ, ਤਦ ਤੱਕ ਤੁਸਾਂ ਬੀ ਉੱਥੇ ਹੀ ਰਹਿਣਾ। ਗੱਲ ਕੀ ਦੂਜੀ ਵੇਰ ਜਸਵੰਤ ਸਿੰਘ ਆਪਣੇ ਪ੍ਰੇਮੀ ਭਰਾਵਾਂ ਦੇ ਘਰ ਪਹੁੰਚੇ ਅਰ ਤੁਰਨ ਦੀਆਂ ਤਿਆਰੀਆਂ ਲੱਗੀਆਂ ਹੋਣ।

ਸਾਧੂ ਜਨ ਤਾਂ ਦੋ ਚਾਰ ਦਿਨ ਮਗਰੋਂ ਕੰਧਾਰ ਪਧਾਰ ਗਏ ਤੇ ਇੱਧਰ ਟੁਰਨੇ ਦੀ ਤਿਆਰੀ ਹੋਣ ਲੱਗੀ। ਕਾਫਲਾ ਜਾਣ ਵਾਸਤੇ ਬਣ ਰਿਹਾ ਸੀ ਅਰ ਵਕਤ ਨਿਯਤ ਹੋ ਚੁੱਕਾ ਸੀ, ਸੋ ਹੁਣ ਕੇਵਲ ਬੰਨ੍ਹ ਬੰਨ੍ਹਾ ਤੇ ਉਸ ਦਿਨ ਦੀ ਉਡੀਕ ਸੀ। ਸਤਵੰਤ ਦਾ ਭੇਸ ਮਰਦਾਵਾ ਸੀ ਅਰ ਜਸਵੰਤ ਸਿੰਘ ਕਰਕੇ ਹੀ ਸਾਰੇ ਘਰ ਵਿਚ ਪ੍ਰਸਿੱਧ ਸੀ। ਬਾਬਾ ਲੱਧਾ ਸਿੰਘ ਹੁਰੀਂ ਉਂਞ ਹੀ ਉਸ ਦਾ ਆਦਰ ਬਹੁਤ ਕਰਦੇ ਸਨ, ਪਰ ਹੁਣ ਸੰਤਾਂ ਦੀ ਸਪੁਰਦੀ ਨੇ ਤਾਂ ਬਹੁਤ ਹੀ ਅਸਰ ਕੀਤਾ ਅਰ ਉਹ ਉਸ ਦੀ ਹੱਦੋਂ ਵੱਧ ਖਾਤਰ ਕਰਨ ਲੱਗ ਪਿਆ। ਆਦਰ ਪਾ ਕੇ ਉਹ ਸਿੰਘ ਦੀ ਪੁੱਤਰੀ ਅਕਾਲ ਪੁਰਖ ਦਾ ਸ਼ੁਕਰ ਕਰਦੀ ਅਰ ਇਹੋ ਬਚਨ ਉਚਾਰਦੀ ਕਿ ਸਭ ਆਪ ਦੀ ਦਿਆਲਤਾ ਹੈ। ਇਹ ਗੁਰੂ ਨਾਨਕ ਦੇਵ ਜੀ ਦਾ ਬਿਰਦ ਹੈ, ਇਹ ਗੁਰੂ ਗੋਬਿੰਦ ਸਿੰਘ ਜੀ ਦੀ 'ਬਾਂਹਿ ਗਹੇ ਕੀ ਲਾਜ' ਹੈ, ਮੈਂ ਨਿਕਰਮਣ ਤਾਂ ਐਸੀ ਮੰਦ ਭਾਂਗਣ ਹਾਂ ਕਿ ਪਸ਼ੂਆਂ ਵਾਂਗ ਵਿਕ ਗਈ ਤੇ ਗੁਲਾਮੀ ਵਿਚ ਪੈ ਗਈ। ਇਸ ਗੁਲਾਮੀ ਵਿਚ ਭੀ ਸੱਚੇ ਪਾਤਸ਼ਾਹ ਨੇ ਮੈਨੂੰ ਮਾਨ ਤੇ ਵਡਿਆਈ ਬਖਸ਼ੀ, ਕਿਨ੍ਹਾਂ ਕਿਨ੍ਹਾਂ ਬਿਪਤਾ ਵਿਚੋਂ ਕੱਢਿਆ? ਕੀ ਕੀ ਔਕੜਾਂ ਕੱਟੀਆਂ ਤੇ ਹੁਣ ਕਿਸ ਆਰਾਮ ਵਿਚ ਪੁਚਾ ਦਿੱਤਾ ਹੈ? ਮੇਰਾ ਇਸ ਵਿਚ ਕੁਝ ਨਹੀਂ ਹੈ। ਸ਼ੁਕਰ ਹੈ ਉਸ ਸੱਚੇ ਮਾਲਿਕ ਦਾ।

ਗੱਲ ਕੀ, ਜਿਉਂ-ਜਿਉਂ ਆਰਾਮ ਮਿਲਿਆ, ਤਿਉਂ-ਤਿਉਂ ਸਤਵੰਤ ਨੇ ਸ਼ੁਕਰ ਕੀਤਾ, ਨਾ ਕੇਵਲ ਅਕਾਲ ਪੁਰਖ ਦਾ ਸਗੋਂ ਜਿਹੜੇ ਉਸ ਦਾ ਮਾਨ ਕਰਦੇ ਉਹ ਆਪਣੇ ਆਪ ਨੂੰ ਉਨ੍ਹਾਂ ਦੀ ਬੀ ਰਿਣੀ ਸਮਝਦੀ ਅਰ ਕਹਿੰਦੀ ਮੇਰੇ ਵਿਚ ਕੋਈ ਗੁਣ ਨਹੀਂ। ਮੈਂ ਤਾਂ ਇਨ੍ਹਾਂ ਸੱਜਣਾਂ ਨੂੰ ਬੀ ਧੋਖਾ ਦੇ ਰਹੀ ਹਾਂ ਕਿ ਹਾਂ ਤ੍ਰੀਮਤ ਤੇ ਬਣੀ ਹਾਂ ਮਰਦ, ਪਰ ਧੰਨ ਹਨ ਏਹ ਜੋ ਗੁਰੂ ਜੀ ਦੇ ਨਾਮ ਪਿਛੇ ਮੇਰੇ ਜਿਹੀ ਦਾ ਸਤਿਕਾਰ ਕਰਦੇ ਹਨ। ਇਨ੍ਹਾਂ ਦੇ ਹਿਰਦੇ ਕੈਸੇ ਉਤਮ ਹਨ ਕਿ ਮੇਰੇ ਤੇ ਉਪਕਾਰ ਕਰ ਰਹੇ ਹਨ। ਸਤਵੰਤ ਵਾਹਿਗੁਰੂ ਦੀ ਮਿਹਰ ਨੂੰ ਸਭਨਾਂ ਦੀ ਮਿਹਰ ਦਾ ਕਾਰਨ ਜਾਣ ਕੇ, ਸੁਰਤ ਵਿਚ ਅੰਦਰੋਂ ਉਚੀ ਤੇ ਸਿਮਰਨ ਦੇ ਸਹਿਜ ਰੰਗ ਵਿਚ ਰਹਿੰਦੀ।

ਪਿਆਰੇ ਸੱਜਣੋਂ! ਸਾਡੇ ਪਿਛਲੇ ਬਜ਼ੁਰਗਾਂ ਵਿਚ ਇਹ ਗੁਣ ਹੁੰਦੇ ਸੇ ਕਿ ਉਹ ਮਾਨ ਪਾ ਕੇ ਬੀ ਆਪਣੇ ਛੋਟੇ ਵੀਰਾਂ ਨੂੰ ਆਪਣੇ ਤੋਂ ਚੰਗਾ ਜਾਣਦੇ ਸਨ, ਤਦੇ ਤਾਂ ਪੰਥ ਵਿਚ ਪਰਸਪਰ ਪਿਆਰ ਤੇ ਵਾਹਿਗੁਰੂ ਨਾਲ ਪ੍ਰੇਮ ਰਹਿੰਦਾ ਸੀ। ਅੱਜ ਕੱਲ੍ਹ ਤਾਂ ਜਿਸ ਨੂੰ ਚਾਰ ਸਰੀਰ ਵੱਡਾ ਯਾ ਆਗੂ ਕਹਿਣ ਲਗ ਪੈਣ ਉਸਦੀ ਆਕੜ ਦਾ ਅੰਤ ਨਹੀਂ ਰਹਿੰਦਾ। ਉਹ ਸਮਝਦਾ ਹੈ ਕਿ ਜ਼ਰੂਰ ਹੁਣ ਮੈਂ ਬਹੁਤ ਵੱਡਾ ਹੋ ਗਿਆ ਹਾਂ। ਨਹੀਂ ਸੋਚਦਾ ਕਿ ਉਹੋ ਮੇਰੀ ਦੇਹੀ ਹੈ, ਉਹੋ ਮਨ ਬੁੱਧੀ ਅੰਗ ਮੇਰੇ ਹਨ ਜੋ ਇਨ੍ਹਾਂ ਦੇ ਹਨ, ਜੇ ਆਤਮ ਸੱਤਾ ਕਹਾਂ ਤਾਂ ਸਭ ਵਿਚ ਇਕ ਹੈ, ਜੇ ਇਹ ਕਹਾਂ ਕਿ ਮੈਂ ਗਿਆਨਵਾਨ ਹਾਂ ਏਹ ਅਗਿਆਨੀ ਹਨ, ਤਦ ਗਿਆਨ ਦੀ ਪਹਿਲੀ ਅਵਸਥਾ ਹਉਮੈ ਦਾ ਤਿਆਗ ਹੈ। ਜੇ ਗੁਣ ਕਹੋ ਤਦ ਹਰੇਕ ਵਿਚ ਇਕ ਨਾ ਇਕ ਗੁਣ ਹੁੰਦਾ ਹੈ। ਜੇ ਦੌਲਤ ਕਹੋ ਤਦ ਏਹ ਨੀਚਾ ਦੇ ਬੀ ਅਮਿੱਤ ਹੁੰਦੀ ਹੈ! ਜੇ ਕਹੋ ਕਿ ਲੋਕ ਜੁ ਮੈਨੂੰ ਆਗੂ ਤੇ ਵੱਡਾ ਕਹਿੰਦੇ ਹਨ ਤਦ ਜਾਣੋ ਕਿ ਏਹ ਤਾਂ ਸਗੋਂ ਲੋਕਾਂ ਦੀ ਵਡਿਆਈ ਹੈ ਕਿਉਂਕਿ ਆਦਮੀ ਦੀ ਹਉਮੈਂ ਆਪਣੇ ਤੋਂ ਚੰਗਾ ਕਿਸੇ ਨੂੰ ਨਹੀਂ ਜਾਣਦੀ। ਜਦ ਕਿਸੇ ਨੂੰ ਸਾਨੂੰ ਚੰਗਾ ਕਿਹਾ ਤਦ ਉਸ ਵਿਚ ਹਉਮੈਂ ਘਟੀ ਤੇ ਸਾਨੂੰ ਮਾਨ ਨੇ ਘੇਰਿਆ ਤਦ ਉਹ ਸਾਥੋਂ ਚੰਗਾ ਹੋਇਆ ਕਿ ਨਾ? ਤੇ ਜੇ ਕਹੋ ਕਿ ਸਾਨੂੰ ਬਾਣੀ ਤੇ ਸ਼ਬਦ ਦੀ ਸੂਝ ਹੈ, ਤਦ ਤੁਸੀਂ ਗੁਰੂ ਨਾਨਕ ਦੇ ਪਿਆਰੇ ਹੋ, ਸੁਭਾਗ ਹੋਵੇ ਜੇ ਇਕ ਸੇਵਾ ਸਪੁਰਦ ਹੋਈ ਹੈ। ਗੁਰੂ ਕੇ ਹੋ ਕੇ ਤੁਸੀਂ ਮੈਤ੍ਰੀ ਵਿਚ ਵਰਤੋ। ਉਚੇ ਰਹੋ ਮਤਿ ਵਿਚ, ਸੁਰਤ ਵਿਚ ਦਾਤੇ ਰਹੋ, ਵਾਹਿਗੁਰੂ ਦੀ ਰਖਵਾਲੀ ਵਿਚ ਰਹਿਣ ਵਾਲੀ ਮਤਿ ਵਿਚ ਟਿਕੇ ਹੋਏ, ਪਰ ਮਨ ਵਿਚ ਰਹੇ, ਸਗਲ ਚਰਨ ਕੀ ਇਹ ਮਨੁ ਰਾਲਾ। ਗੁਰਮੁਖ ਦਾ ਧਰਮ, ਮਨ ਨੀਵਾਂ ਮਤਿ ਉਚੀ। ਇਹ ਸਮਝ ਜੇ ਸੰਸਾਰਕ ਪਰਮਾਰਥਕ ਦੋਹਾਂ ਤਰ੍ਹਾਂ ਦੇ ਆਗੂਆਂ ਦੇ ਚਿੱਤ ਵਿਚ ਰਹੇ ਤਦ ਤਾਂ ਆਪ ਬੀ ਤਰ ਜਾਂਦੇ ਹਨ ਤੇ ਸੰਸਾਰ ਬੀ ਤਰਦਾ ਹੈ। ਨਹੀਂ ਤਾਂ ਖੇਚਲ ਹੀ ਖੇਚਲ ਹੁੰਦੀ ਹੈ।

ਹੁਣ ਪਰਮਾਰਥ ਵਿਚ ਜਗਿਆਸੂਆਂ ਦੀ ਸ਼ਰਧਾ, ਪ੍ਰੇਮ ਤੇ ਨਿਮਰਤਾ ਨਹੀਂ ਰਹੀ। ਪਰੇਮਸ਼ਰ ਦੇ ਪਿਆਰਿਆਂ, ਨਾਮ ਦੇ ਤਾਰੇ ਰਸੀਆਂ, ਆਪ ਜਪਣ ਤੇ ਹੋਰਨਾਂ ਨੂੰ ਜਪਾਉਣ ਵਾਲਿਆਂ ਗੁਰਮੁਖਾਂ ਨੂੰ ਲੋਕੀਂ ਪਿਆਰ ਸਤਿਕਾਰ ਤੇ ਆਦਰ ਨਾਲ ਨਹੀਂ ਮਿਲਦੇ। ਗੁਰੂ ਜੀ ਉਸ ਸਿੱਖ ਦੀ ਧੂੜ ਮੰਗਦੇ ਹਨ ਜੋ ਜਪਦਾ ਤੇ ਜਪਾਉਂਦਾ ਹੈ, ਪਰ ਪੱਛਮੀ ਵਿਦਿਆ ਪੜ੍ਹ ਕੇ ਝੂਠੀ ਬਰਾਬਰੀ ਦੇ ਕੁੱਠੇ ਲੋਕ ਵਿਸ਼ਈਆਂ ਦੁਰਾਚਾਰੀਆਂ ਤੇ ਨਾਮ ਰੱਤੇ ਪ੍ਰੇਮੀਆਂ ਨੂੰ ਇਕ ਤੁੱਲ ਕਹਿ ਕੇ ਹਉਮੈ ਨਾਲ ਸਤਿਸੰਗ ਵਿਚ ਈਰਖਾ ਦ੍ਵੈਖ ਫੈਲਾਉਂਦੇ ਹਨ। ਪਿਛਲੇ ਪ੍ਰੇਮੀ ਸਤਵੰਤ ਕੌਰ ਤੇ ਫਾਤਮਾ ਵਾਂਗੂੰ ਦਿਆਲੂ ਤੇ ਨਿਰਮਾਣ ਹੁੰਦੇ ਸਨ ਅਤੇ ਸਤਿਕਾਰ, ਸ਼ੁਕਰ ਤੇ ਆਦਰ ਨਾਲ ਸ਼ਰਧਾਲੂ ਹੋ ਕੇ ਕ੍ਰਿਤ ਕ੍ਰਿਤ ਹੁੰਦੇ ਸਨ। ਗੁਰਿਆਈ ਗੁਰੂ ਸਾਹਿਬਾਨ ਵਿਚ ਮੰਨ ਕੇ ਸਿੱਖ ਪਰਸਪਰ ਤਰਦੇ ਤਾਰਦੇ ਸਨ।

ਗੱਲ ਕਾਹਦੀ ਕਾਫਲਾ ਤੁਰਿਆ ਅਰ ਸਤਵੰਤ ਕੌਰ ਦੀਆਂ ਮੁੜ ਵਤਨ ਨੂੰ ਮੁਹਾਰਾਂ ਮੁੜੀਆਂ। ਇਕ ਬ੍ਰਿਧ ਪੁਰਖ, ਜਸਵੰਤ ਸਿੰਘ ਤੇ ਇਕ ਨੌਕਰ ਤਿੰਨੇ ਜਣੇ ਇਸ ਕਾਫਲੇ ਦੇ ਨਾਲ ਪੰਜਾਬ ਲਈ ਵਿਦਾ ਹੋਏ। ਅਜੇ ਦੋ ਕੁ ਮੰਜ਼ਲਾਂ ਹੀ ਗਏ ਸਨ ਕਿ ਪਿਛੋਂ ਅਮੀਰ ਦਾ ਹੁਕਮ ਆਇਆ ਕਿ ਕਾਫਲਾ ਰੋਕ ਲਵੋ। ਕਾਫਲਾ ਰੁਕ ਗਿਆ ਅਰ ਸਰਕਾਰੀ ਅਹਿਦੀਏ ਆ ਕੇ ਲੱਗੇ ਤਲਾਸ਼ੀ ਲੈਣ ਹਜ਼ਾਰਾਂ ਰੁਪਿਆਂ ਦਾ ਸਾਮਾਨ, ਪਿੱਠੂ, ਗੰਢਾਂ, ਬਿਸਤਰੇ, ਸੰਦੂਕ, ਯਖਦਾਨ ਲੱਗੇ ਫੁਲੀਜਨਾ। ਕਾਰਨ ਇਹ ਸੀ ਕਿ ਅਮੀਰ ਦਾ ਇਕ ਹੀਰਾ ਜਾਂਦਾ ਰਿਹਾ ਸੀ। ਚੋਰ ਦਰਬਾਰ ਦੇ ਵਿਚ ਹੀ ਸੀ, ਉਸ ਨੇ ਸਲਾਹ ਦਿੱਤੀ ਕਿ ਕਾਫਲੇ ਦੀ ਤਲਾਸ਼ੀ ਲਵੋ, ਮਤਾ ਚੋਰ ਇਸ ਕਾਫਲੇ ਵਿਚ ਹਿੰਦੁਸਤਾਨ ਨੂੰ ਭੱਜਾ ਜਾਂਦਾ ਹੋਵੇ। ਇਸ ਸਲਾਹ ਦੇ ਸੁਣਦੇ ਸਾਰ ਹੁਕਮ ਹੋ ਗਿਆ ਸੀ ਤਲਾਸ਼ੀ ਦਾ, ਸੋ ਹੁਣ ਲੱਗੇ ਫਰੋਲਾ ਫਰਾਲੀ ਕਰਨ। ਪਾਤਸ਼ਾਹ ਜੇ ਹੁਕਮ ਦੇਵੇ ਇਕ ਪੈਸੇ ਦੀ ਚੀਜ਼ ਚੁਕ ਲਿਆਓ ਤਦ ਨੌਕਰ ਹਜ਼ਾਰਾਂ ਰੁਪਿਆਂ ਨੂੰ ਹੱਥ ਫੇਰਦੇ ਹਨ, ਸੋਈਓ ਇਥੇ ਹੋਈ। ਹੁਕਮ ਤਾਂ ਮਾਲ ਤਲਾਸ਼ੀ ਦਾ ਸੀ, ਨੌਕਰਾਂ ਜਾਮੇ ਤਲਾਸ਼ੀ ਬੀ ਸ਼ੁਰੂ ਕੀਤੀ। ਕਪੜੇ ਲੁਹਾ ਕੇ ਸਰੀਰ ਦੀ ਬੀ ਤਲਾਸ਼ੀ ਲੈਣ, ਤ੍ਰੀਮਤਾਂ ਨੂੰ ਤ੍ਰੀਮਤਾਂ ਦੇਖਣ। ਇਹ ਹਾਲ ਦੇਖ ਕੇ ਸਤਵੰਤ ਕੌਰ ਨੂੰ ਫਿਕਰ ਪਿਆ ਕਿ ਹੁਣ ਕਿੱਕੁਰ ਹੋਊ। ਜੋ ਮੈਂ ਜ਼ਨਾਨੇ ਲਿਬਾਸ ਵਿਚ ਹੁੰਦੀ ਤਦ ਬੀ ਖੈਰ ਸੀ, ਹੁਣ ਔਕੜ ਇਹ ਬਣੀ ਕਿ ਤਲਾਸ਼ੀ ਮਰਦਾਂ ਲੈਣੀ ਹੈ ਤੇ ਮੇਰਾ ਪਰਦਾ ਉਘੜ ਜਾਣਾ ਹੈ। ਨਾ ਫੜੀਂਦੀ ਬੀ ਫੜੀ ਜਾਵਾਂਗੀ। ਕਰਾਂ ਤੇ ਕੀ ਕਰਾਂ? ਕਿਸ ਉਪਾਉ ਨਾਲ ਬਚਾਂ? ਸਾਰਾ ਦਿਨ ਉਧਰ ਤਲਾਸ਼ੀ ਹੁੰਦੀ ਰਹੀ, ਉਧਰ ਸਤਵੰਤ ਕੌਰ ਦੀ ਛਾਤੀ ਧੜਕਦੀ ਰਹੀ ਕਿ ਹੁਣ ਵਾਰੀ ਆਈ ਕਿ ਆਈ। ਉਸ ਦਾ ਉੱਚਾ ਹੋ ਗਿਆ ਮਨ, ਉਸ ਦੀ ਦੁੱਖਾਂ ਦੀ ਸਾਣ ਤੇ ਚੜ੍ਹ ਕੇ ਤ੍ਰਿਖੀ ਹੋ ਗਈ, ਅਕਲ ਸਾਰਾ ਦਿਨ ਸੋਚਦੀ ਰਹੀ। ਨਾ ਤਾਂ ਕੋਈ ਸੁਲਝਾਉ ਸੁੱਝਾ ਤੇ ਨਾ ਹੀ ਦਿਲ ਨੇ ਨਿਰਾਸਤਾ ਦਾ ਲੜ ਫੜਿਆ। ਸੰਝਾਂ ਪੈ ਗਈਆਂ ਤੇ ਕਾਫਲੇ ਤੋਂ ਦੂਰ ਦੂਰ ਚੁਫੇਰੇ ਪਹਿਰੇ ਲਗ ਗਏ। ਤਲਾਸ਼ੀ ਸਾਰੇ ਦਿਨ ਵਿਚ ਅੱਧੀ ਬੀ ਨਾ ਮੁੱਕੀ ਸੀ, ਸੋ ਘੇਰਾ ਘੱਤਿਆ ਗਿਆ ਅਰ ਬਾਕੀ ਦੀ ਤਲਾਸ਼ੀ ਲੈਣੀ ਸਵੇਰ ਪਰ ਰੱਖੀ ਗਈ।

## ਕਾਂਡ ਪੰਦਰਵਾਂ

ਦਿਨ ਦਾ ਉਜਾਲਾ ਲੋਪ ਹੋ ਗਿਆ, ਰਾਤ ਦਾ ਹਨ੍ਹੇਰਾ ਆ ਪਸਰਿਆ, ਪੰਛੀ ਘੁਰਿਆਂ ਵਿਚ ਜਾ ਲੁਕੇ, ਲੋਕੀਂ ਘਰਾਂ ਵਿਚ ਜਾ ਵੜੇ, ਨਿੱਕੇ-ਨਿੱਕੇ ਦੀਵਿਆਂ ਨੇ ਘਰ ਰੌਸ਼ਨ ਕੀਤੇ, ਅਕਾਸ਼ਾਂ ਦੇ ਨੀਲ ਨੂੰ ਤਾਰਿਆਂ ਦੀਆਂ ਨਿੱਕੀਆ-ਨਿੱਕੀਆਂ ਦਿੱਸਣ ਵਾਲੀਆਂ ਜੋਤਾਂ ਨੇ ਰੌਸ਼ਨ ਕਰ ਦਿਤਾ। ਚੰਦਰਮਾ ਚੜ੍ਹ ਪਿਆ, ਸਰਦ ਚਾਂਦਨੀ ਵਰਗੀ ਨਿਖਰੀ ਹੋਈ ਚਾਂਦਨੀ ਫੈਲ ਗਈ। ਅੱਖਾਂ ਅਸਮਾਨਾਂ ਨੂੰ ਦੇਖ ਕੇ ਠਰਦੀਆਂ ਤੇ ਸੁਹਾਉ ਦੇ ਕਾਰਨ ਤਰੌਤੀਆਂ ਹੁੰਦੀਆਂ ਜਾਂਦੀਆਂ ਹਨ। ਪਰ ਹਾਇ! ਮਾਂ ਦੀ ਮਮਤਾ ਕੈਸੇ ਸੀਤਲ ਸਮੇਂ ਗਰਮ ਹਾਉਕੇ ਤੇ ਠੰਢੇ ਸਵਾਸ ਲੈ ਲੈ ਕੇ ਆਪਣੇ ਗਮਾਂ ਦੇ ਗੋਤਿਆਂ ਵਿਚ ਡਿੱਗਦੇ ਮਨ ਨੂੰ ਢਾਰਸਾ ਦੇ ਦੇ ਕੇ ਪ੍ਰਾਰਥਨਾ ਵੱਲ ਲਾਉਣ ਦੇ ਹੰਭਲੇ ਮਾਰਦੀ ਹੈ। ਮੂੰਹ ਤੋਂ 'ਅਕਾਲ ਪੁਰਖ ਤੇਰੀ ਸ਼ਰਣ' ਕਹਿੰਦੀ ਹੈ। ਗਿੱਲੀਆਂ ਝਿੰਮਣੀਆਂ ਨੂੰ ਪੂੰਝਦੀ ਹੈ ਤੇ ਦਿਲ ਵਿਚ ਭਾਣਾ ਮੰਨਣ ਦਾ ਉਦਮ ਕਰਦੀ ਹੈ। ਪਰ ਮਮਤਾ ਦੀ ਲਹਿਰ ਉਮਡ ਕੇ ਸਿਰ ਨੂੰ ਰੁਖ ਕਰਦੀ ਤਪਦੇ-ਤਪਦੇ ਹੰਝੂ ਤ੍ਰਪ-ਤ੍ਰਪ ਕਰਦੀ ਹੈ। ਮੂੰਹ ਤੋਂ ਡੁਸਕਾਰਿਆਂ ਦੀ ਆਵਾਜ਼ ਪੈਦਾ ਹੁੰਦੀ ਹੈ, ਗਲਾ ਰੁਕਦਾ ਹੈ ਕਿ ਇੰਨੇ ਨੂੰ ਪ੍ਰਮਾਰਥ ਦੀਆਂ ਲਟਕਾ ਵਾਲਾ ਹਿਰਦਾ ਫੇਰ ਚਿੰਤਾਂ ਦੇ ਖੂਹ ਵਿਚੋਂ ਹੰਭਲਾ ਮਾਰ ਕੇ ਭਾਣੇ ਦੀ ਮਣ ਤੇ ਚੜ੍ਹਦਾ ਹੈ। 'ਸ਼ੁਕਰ, ਭਾਣਾ, ਰਜ਼ਾ ਮੂੰਹੋਂ ਨਿਕਲਦਾ ਹੈ, ਅੱਖਾਂ ਦੇ ਹੰਝੂ ਅੱਖਾਂ ਵਿਚ ਹੀ ਸਮਾ ਜਾਂਦੇ ਹਨ। ਚਾਰ ਚੁਫੇਰੇ ਖਿੜੀ ਚਾਂਦਨੀ ਵਲ ਦੇਖਦੀ ਹੈ, ਅਕਾਸ਼ ਦੇ ਤਾਰਿਆਂ ਵਲ ਤਕਦੀ ਹੈ, ਚੰਦਰਮਾ ਦੀ ਖਿੜੀ ਹੋਈ ਟਿੱਕੀ ਤੇ ਨਜ਼ਰ ਸਮਾਉਂਦੀ ਤੇ ਫੇਰ ਆਹ ਭਰ ਕੇ ਕਹਿੰਦੀ ਹੈ, - ਪਿਆਰੀ ਦੁਲਾਰੀ! ਕਿਸੇ ਧਰਤੀ ਤੇ ਬੈਠੀ ਖਬਰੇ ਤੂੰ ਬੀ ਐਸ ਵੇਲੇ ਚੰਦ ਨੂੰ ਦੇਖਦੀ ਹੋਵੇਂ, ਮੈਂ ਬੀ ਇਸੇ ਨੂੰ ਦੇਖ ਰਹੀ ਹਾਂ, ਨਜ਼ਰਾਂ ਤਾਂ ਇਸ ਮੰਡਲ ਤੇ ਕੱਠੀਆਂ ਹੋ ਗਈਆਂ, ਪਰ ਹਾਇ ਵਿਛੋੜਾ! ਪਾਪੀ ਵਿਛੋੜਾ ਦੂਰ ਨਾ ਹੋਇਆ। ਹੇ ਅਕਾਲ ਪੁਰਖ! ਮੈਂ ਕੈਸੀ ਸਿਦਕ ਹੀਨ ਸਿੱਖ ਹਾਂ, ਭਾਣੇ ਤੇ ਸ਼ਾਕਰ ਨਹੀਂ, ਮੋਹ ਮਮਤਾ ਦਾ ਜਾਲ ਕੱਟ ਨਹੀਂ ਸਕੀ। ਬਚੜੀ ਮਰ ਜਾਂਦੀ ਤਾਂ ਸਬਰ ਦਾ ਘੁੱਟ ਕੌੜਾ ਕਸੈਲਾ ਹੋ ਕੇ ਲੰਘ ਜਾਂਦਾ, ਜਾਂ ਤੇਰੀ ਮਿਹਰ ਨਾਲ ਭਾਣਾ ਮਿੱਠਾ ਲੱਗ ਜਾਂਦਾ। ਹਾਇ! ਕੋਈ ਸੋ ਧੀ ਦੀ ਨਹੀਂ ਪੈਂਦੀ। ਬੱਚੀ! ਚੰਗੀ ਗਈਓਂ! ਕਹਿੰਦੇ ਹਨ 'ਜਾਹ ਧੀਆ ਰਾਵੀ, ਨਾ ਕੋਈ ਆਵੀ ਤੇ ਨਾ ਕੋਈ ਜਾਵੀ। ਤੇ ਇਥੇ ਤਾਂ ਧੀ ਗਈ ਅਟਕੋਂ ਪਾਰ, ਨਾ ਕੋਈ ਖਬਰ ਤੇ ਨਾ ਕੋਈ ਸਾਰ। ਉਸ ਦੇਸ਼ ਵਲੂੰਧਰੀ ਗਈਓਂ ਜਿਧਰੋਂ ਗਿਆ ਕੋਈ ਨਹੀਂ ਮੁੜਦਾ। ਕੋਈ ਐਨੀ ਖਬਰ ਹੀ ਆ ਦੱਸੇ, ਜੋ ਸ਼ਰਮ ਧਰਮ ਵਿਚ ਬਚੜੀ ਮਰ ਗਈ ਹੈ। ਵਾਹ! ਕੋਈ ਮਰਣੇ ਦੀ ਸੁਣਾਉਣੀ ਹੀ ਆ ਸੁਣਾਵੇ ਤਾਂ ਸ਼ਦਿਆਨੇ ਕਰਾਂ, ਦੁੱਧ ਦਾ ਕਟੋਰਾ ਪੀਆਂ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ ਤੇ ਹਜ਼ੂਰ ਸਾਹਿਬ ਜੀ ਦੀ ਯਾਤਰਾ ਦੇ ਤੁੱਲ ਜਾਣਾ, ਪਰ ਕੌਣ ਦੱਸੇ ਕਿ ਬੱਚੀ ਫਰਸ਼ਾਂ ਤੇ ਰੁਲ ਰਹੀ ਹੇ ਕਿ ਅਰਸ਼ਾਂ ਤੇ ਕੁਰਸੀ ਨਸ਼ੀਨ ਹੋ ਰਹੀ ਹੈ। ਮੇਰੇ ਲਹੂ ਦਾ ਲਹੂ, ਮੇਰੇ ਜਿਗਰ ਦਾ ਜਿਗਰ, ਹਾਂ! ਮੈਥੋਂ ਕਿੱਕੁਟ ਧ੍ਰੀਕਿਆ ਗਿਆ।....ਕੇਹੀਆਂ ਵਿਲਿਖਾਂ ਪੈ ਗਈਆਂ -

ਵਿਛੁੱੜ ਕੇ ਤੂੰ ਸੁਹਣੀਏਂ!
ਮੱਲਿਆ ਕਿਹੜਾ ਮੁੱਖ ਨੀ?
ਨਿੱਜ ਜੰਮਦੀਓਂ ਤੂੰ ਬਚੜੀਏ!
ਔਤ ਚੰਗੇਰੀ ਕੁਖ ਨੀ?
....... ....... ........
ਕਿਹਾ ਭੁਲਾਵਾ ਛਲ ਗਿਆ,
ਹੋ ਗਈ ਕੇਹੀ ਚੁੱਖ ਨੀ!
ਹਾਵੇ ਖਾ ਗਏ ਜਿੰਦੜੀ,
ਦਿਲ ਨੂੰ ਖਾ ਗਈ ਧੁੱਖ ਨੀ!
..... ..... ......

ਡੋਲੇ ਬੇੜੀ ਸਿਦਕ ਦੀ,

ਲੱਦ ਗਏ 'ਦਿਲ-ਸੁੱਖ' ਨੀ।

ਸੁਪਨੇ ਵਿਚ ਹੀ ਆ ਮਿਲੇ,

ਦੇਖਾ ਤੇਰਾ ਮੁੱਖ ਨੀ।

..... ...... ....

ਸੋ ਕਨਸੋ ਕੁਈ ਘੱਲ ਦੇਇ,

ਠਰੇ ਦਿਲੇ ਦੀ ਭੁੱਖ ਨੀ।

ਕਿਵੇਂ ਕਦੇ ਤੂੰ ਆ ਮਿਲੇਂ,

ਮਿਟੇ ਤੜਫਵੀਂ ਭੁੱਖ ਨੀ।

ਇਸ ਤਰ੍ਹਾਂ ਦਾ ਵੈਰਾਗ ਮਾਂ ਦੀਆਂ ਅੱਖਾਂ ਦੇ ਸੋਮੇ ਪਾਟ ਗਏ। ਬਹੁਤ ਰੋਈ, ਰੋਂਦੀ ਰੋਂਦੀ ਦਾ ਗਲਾ ਰੁਕ ਗਿਆ, ਅੱਖਾਂ ਅੱਗੇ ਛੱਪਟ ਢਹਿ ਪਏ, ਬੈਠੀ ਬੈਠੀ ਦੀ ਮਾਨੋਂ ਅੱਖ ਲੱਗ ਗਈ। ਅੱਖ ਲਗੀ ਵਿਚ ਮਾਂ ਕੀ ਦੇਖਦੀ ਹੈ ਕਿ ਇਕ ਪਹਾੜੀ ਜਿਹੀ ਦੇ ਲਾਗੇ ਇਕ ਪਾਣੀ ਦੀ ਕੂਲ ਵਗ ਰਹੀ ਹੈ, ਨਿੱਕੇ ਨਿੱਕੇ ਪੱਥਰਾਂ ਨਾਲ ਰਗੜ ਰਗੜ ਕੇ ਤੁਰਨ ਤੋਂ ਪਾਣੀ ਦੀ ਆਵਾਜ਼ 'ਵਿਪਲ ਵਿਪਲ' ਵਾਂਗੂੰ ਆ ਰਹੀ ਹੈ। ਇਕ ਥਾਂ ਤੇ ਇਸ ਦੇ ਕਿਨਾਰੇ ਪੁਰ ਬ੍ਰਿਛਾਂ ਦਾ ਝੁੰਡ ਹੈ, ਜਿਸ ਪਰ ਕਾਲੇ ਅੰਗੂਰਾਂ ਦੀ ਵੇਲ ਚੜ੍ਹੀ ਹੋਈ ਹੈ ਸਾਵੇ ਸਾਵੇ ਪੱਤਿਆਂ ਵਿਚੋਂ ਗੁੱਛਿਆਂ ਦੇ ਗੁਛੇ ਲਟਕ ਰਹੇ ਹਨ। ਹੇਠਾਂ ਏਸ ਦੇ ਪਿਆਰੀ ਸਤਵੰਤ ਕੌਰ ਬੈਠੀ ਹੈ, ਅੱਖਾਂ ਧਰਤੀ ਵਿਚ ਗੱਡੀਆਂ ਹਨ, ਹੱਥਾਂ ਨਾਲ ਕੱਖ ਤੋੜ ਰਹੀ ਹੈ; ਕਿਸੇ ਵੇਲੇ ਹਾਉਕਾ ਲੈਂਦੀ, ਕਿਸੇ ਵੇਲੇ ਅੱਥਰੂ ਕੇਰਦੀ ਹੈ, ਕਿਸੇ ਵੇਲੇ ਕੁਝ ਗਾਉਂਦੀ ਹੈ, ਕਦੇ ਫੇਰ ਚੁੱਪ ਹੋ ਜਾਂਦੀ ਹੈ। ਧਿਆਨ ਲਾ ਕੇ ਜੋ ਮਾਉਂ ਨੇ ਸੁਣਿਆ ਤਾਂ ਸਤਵੰਤ ਨੇ ਹੁਣ ਇਹ ਗਾਉਣ ਗਾਵਿਆ, ਇਸ ਦਰਦ ਵੈਰਾਗ ਨਾਲ ਕਿ ਪੱਥਰ ਬੀ ਪੰਘਰ ਪੈਣ –

*ਕਿਸੇ ਗੁਆਂਢਣ ਨੇ ਆਖਿਆ ਮਾਏ!*
*ਤੇਰਾ ਪਿਉ ਭਰਾ ਗਿਆ ਆਇ।*
*ਜੀ ਵਿਚ ਹੋਈਆਂ ਸ਼ਾਦੀਆਂ, ਮਾਏ!*
*ਮੇਰੇ ਮਨ ਵਿਚ ਹੋਇਆ ਏ ਚਾਇ!*
*ਮੇਰੀ ਰਾਣੀਏਂ ਰਾਜ ਬਹਾਲੀਏ,*
*ਮੇਰੀ ਸਦਾ ਸੁਖਾਲੀਏ,*
*ਪੁੱਤ੍ਰ ਵਾਲੀਏ ਮਾਏ!*
*ਪੱਕੀ ਖੂਹੀ ਘੜਾ ਰੰਗਲਾ,*
*ਨੀ ਜਿੱਥੋਂ ਅੰਬੜਿ ਪਾਣੀ ਭਰੇ!*
*ਇਕ ਭਰ ਧਰੇ ਦੂਜਾ ਸਿਰ ਧਰੇ,*
*ਨੀ ਸਾਨੂੰ ਧੀਆਂ ਨੂੰ ਯਾਦ ਕਰੇ।*
*ਮੇਰੀ ਰਾਣੀਏ ਰਾਜ ਬਹਾਲੀਏ,*
*ਮੇਰੀ ਸਦਾ ਸੁਖਾਲੀਏ,*
*ਪੁੱਤ੍ਰਾਂ ਵਾਲੀਏ ਮਾਏ!*
*ਸਾਂ ਫੁਲ ਪਰਛਾਵੇਂ ਬਹਿੰਦੀਆਂ ਮਾਏ!*
*ਅਸੀਂ ਮਾਵਾਂ ਤੇ ਧੀਵੜੀਆਂ!*
*ਨੀ ਮੈਂ ਸਿਰ ਗੁੰਦਾਂ ਤੈਂਡੜਾ ਮਾਏ!*
*ਤੂੰ ਕਰੇਂ ਗੱਲਾਂ ਮਿੱਠੜੀਆਂ!*
*ਮੇਰੀ ਰਾਣੀਏਂ..... .... ....!*
*ਅੰਬਰਿ ਅੰਬਰਿ ਕਰਾਂ ਮੈਂ ਮਾਏ!*
*ਮੇਰੀ ਅੰਬੜੀ ਕੇਡਾ ਹਿੱਤ ਨੀ!*
*ਮਨ ਵਿਸਾਰੀ ਧੀਵੜੀ ਮਾਏ!*
*ਮੇਰੀ ਅੰਮੀ ਸੁਖਾਲੜਾ ਚਿੱਤ ਨੀ!*
*ਮੇਰੀ ਰਾਣੀਏਂ... ... ...*
*ਕੰਧ ਕੰਧਾਰੀ ਬੈਠੀ ਹਾਂ ਮਾਏ!*
*ਮੇਰਾ ਚਿੱਤ ਭਰਾਵਾਂ ਦੇ ਵਿਚ ਨੀ!*
*ਮੇਰੇ ਨੈਣ ਛਮਾਂ ਛਮ ਰੋਂਵਦੇ!*
*ਮੇਰਾ ਕਾਲਜਾ ਧ੍ਰੂਹਦੀ ਖੱਚ ਨੀ।*
*ਮੇਰੀ ਰਾਣੀਏਂ... ... ....*

ਇਹ ਸੁਣਦੀ ਮਾਂ ਅੱਗੇ ਨੂੰ ਵਧੀ ਅਰ ਧੀ ਨੂੰ ਘੁੱਟ ਕੇ ਜੱਫੀ ਪਾ ਲਈ, ਪਰ ਕਲਾਈ ਵਿਚ ਕੁਛ ਬੀ ਨਾ ਆਇਆ, ਸਗੋਂ ਜੋ ਅੱਖਾਂ ਨਾਲ ਧੀ ਦਿੱਸ ਰਹੀ ਸੀ ਉਹ ਬੀ ਦਿੱਸਣੋਂ ਰਹਿ ਗਈ। ਐਧਰ ਤੱਕ, ਐਧਰ ਦੇਖ, ਪਰ ਧੀ ਦਿੱਸਣ ਦੀ ਥਾਂ ਆਪਣਾ ਸੱਖਣਾ ਵਿਹੜਾ ਪਿਆ ਦਿਸਦਾ ਹੈ – ਉਹ ਵਿਹੜਾ ਜਿਥੇ ਪਿਆਰੀ ਪੁੱਤਰੀ ਹਰਨੋਟਿਆਂ ਵਾਂਗ ਚੌਕੜੀਆਂ ਭਰਦੀ ਫਿਰਦੀ ਹੁੰਦੀ ਸੀ, ਜਿਥੇ ਨਿੱਕੀ ਹੁੰਦੀ ਗੀਟੇ ਖਿੱਧੂ ਖੇਡਦੀ ਥਾਲ ਪਾਇਆ ਕਰਦੀ ਸੀ, ਮਾਂ ਦੀ ਨਜ਼ਰ ਦੇ ਸਾਮ੍ਹਣੇ ਸੁੰਞਾ ਪਿਆ ਹੈ। ਬੜਾ ਲੰਮਾ ਡੂੰਘਾ ਸਾਹ ਭਰਿਓਸੁ। ਹਾਇ ਸੁਫਨਾ!.....ਬੱਚੀ! ਤੂੰ ਜੀਉਂਦੀ ਹੈਂ? ਅਰ ਹਾਵਿਆਂ ਵਿਚ ਦਿਨ ਕੱਟ ਰਹੀ ਹੈਂ? ਮੈਂ ਕੀ ਕਰਾਂ? ਕੀ ਬਣਾਵਾਂ? ਲੋਚਾਂ ਲੋਚਦੀ ਨੂੰ ਆਹ ਦਿਨ ਆ ਗਏ, ਕੋਈ ਸੁੰਧਕ ਨਾ ਪਈ। ਗੁਰੂ ਸੁਆਰੇ ਭਾਈ ਜੀ ਨੇ ਬੀ ਕੋਈ ਪਤਾ ਨਾ ਭੇਜਿਆ। ਹੇ ਗੁਰੂ! ਹੁਣ ਮੈਂ ਆਪ ਕਾਬਲ ਜਾਵਾਂ, ਆਪ ਧਾਈ ਕਰਾਂ, ਆਪ ਖੋਜਾਂ!...ਮੇਰੀਆਂ ਆਦਰਾਂ ਮੇਰੀ ਲਾਲੀ ਨੂੰ ਲੱਭ ਲੈਣਗੀਆਂ, ਜੇ ਨਾ ਲੱਭੀ ਤਾਂ ਮੈਂ ਹੀ ਮਰ ਮਿਟੂੰ। ਹੇ ਸਾਂਈਂ! ਜਾਂ ਬਚੜੀ ਭੇਜ, ਜਾਂ ਮੈਨੂੰ ਮੇਟ।

ਹੈਂ! ਮੈਨੂੰ ਮੇਟ, ਇਹ ਕੀ ਨਾਸ਼ੁਕਰੀ ਹੈ? ਇਕ ਭਾਰੀ ਗੰਭੀਰ ਆਵਾਜ਼ ਨੇ ਡਿਓੜੀ ਵਿਚੋਂ ਆਖਿਆ। ਤ੍ਰਬ੍ਹਕ ਕੇ ਮਾਤਾ (ਅਰਥਾਤ ਬਸੰਤ ਕੌਰ) ਉਠ ਖੜੋਤੀ, ਅਰ ਆਪਣੇ ਪ੍ਰਾਣ ਪਤੀ ਨੂੰ ਲੈਣ ਵਾਸਤੇ ਅੱਗੇ ਹੋਈ। ਉਹ ਹੁਣ ਵਿਹੜੇ ਵਿਚ ਆ ਪਹੁੰਚੇ ਸੇ, ਸਿਰ ਨਿਵਾਉਂਦੀ ਨਾਰ ਦੇ ਮੋਢੇ ਤੇ ਹੱਥ ਧਰ ਕੇ ਕਹਿਣ ਲੱਗੇ, ਪ੍ਰਿਯ! ਇਹ ਕੀ ਬੇ-ਸਿਦਕੀ ਹੈ? ਸਾਂਈ ਸਾਨੂੰ ਰਚੇ, ਸਾਂਈ ਮੇਟੇ, ਅਸੀਂ ਕੌਣ ਹਾਂ ਇਹ ਕਹਿਣ ਵਾਲੇ ਕਿ ਸਾਨੂੰ ਮੇਟ? ਕੀ ਸਾਡੀ ਮਰਜ਼ੀ ਉਸ ਤੋਂ ਵਧੀਕ ਠੀਕ ਹੈ? ਤੁਸੀਂ ਤਾਂ ਬੜੇ ਧੀਰਜੀ ਸੇ, ਧੀ ਦੇ ਅਸਹਿ ਵਿਛੋੜੈ ਨੂੰ ਬੜੇ ਸਿਦਕ ਨਾਲ ਝੱਲਦੇ ਰਹੇ ਸੇ ਪਰ ਅੱਜ ਕੀ ਹੋਇਆ?

(-----)

# ਮਾਰਗ ਚੋਣ
**(Choosing A Path)**

***ਡਾ. ਸਵਾਮੀ ਰਾਮ ਜੀ***
***ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ***

### ਤੰਤਰ ਯੋਗ ਅਨੁਸਾਰ ਕੁੰਡਲਨੀ ਜਾਗਰਣ ਕਰਨਾ

ਵਾਸਤਵ ਵਿਚ ਤੰਤਰ ਯੋਗ ਦੀ ਬਹੁਤ ਹੀ ਦੁਰਵਰਤੋਂ ਹੋਈ ਹੈ ਇਸਨੂੰ ਬਹੁਤ ਹੀ ਗਲਤ ਸਮਝਿਆ ਗਿਆ ਹੈ। ਇਹ ਇਕ ਸ਼ੁੱਧ ਪਵਿੱਤਰ ਤਰੀਕਾ ਹੈ ਇਸਦੇ ਅਭਿਆਸ ਬਹੁਤ ਉੱਨਤ ਹਨ ਜਿਹੜੇ ਜਗਿਆਸੂ ਨੂੰ ਉਚ ਚੇਤਨ ਅਵਸਥਾ ਤਕ ਲੈ ਜਾਂਦੇ ਹਨ ਪਰ ਪੱਛਮ ਵਿਚ ਉਨ੍ਹਾਂ ਨੂੰ ਬਹੁਤ ਹੀ ਅਧੂਰੇ ਬੇਢੰਗੇ ਤਰੀਕੇ ਨਾਲ ਦਰਸਾਇਆ ਗਿਆ ਹੈ। ਤਾਂਤਰ ਫਿਲੌਸਫੀ ਸਭ ਤੋਂ ਉੱਚੀ ਫਿਲੌਸਫੀ ਹੈ, ਪੂਰਬ ਦੀਆਂ ਜਿੰਨੀਆਂ ਪ੍ਰਯੋਗਿਕ ਫਿਲੌਸਫੀਆਂ ਹਨ ਉਨ੍ਹਾਂ ਸਭ ਤੋਂ ਉਤਮ ਫਿਲੌਸਫੀ ਹੈ। ਤੰਤਰ ਯੋਗ ਦੇ ਅੰਦਰ ਚੱਕਰਾਂ ਨੂੰ ਸ਼ਕਤੀ ਕੇਂਦਰ ਰਖ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ, ਸ਼ਕਤੀ ਜੋ ਕਿ ਮੌਲਿਕ ਸ਼ਕਤੀ ਹੈ, ਮੁੱਖ ਸ਼ਕਤੀ ਹੈ ਸਾਰੀ ਸ਼ਕਤੀ ਦੀ ਜਨਮ ਦਾਤੀ ਹੈ। ਵਿਸ਼ਵ ਦੀ ਜਨਮ ਦਾਤੀ ਹੈ। ਤੰਤਰ ਸਾਹਿਤ ਸਭ ਤੋਂ ਵੱਧ ਭਰਪੂਰ ਸਾਹਿਤ ਹੈ, ਬਹੁਤ ਕੋਈ ਵਡਭਾਗੇ ਹੀ ਹੋਣਗੇ ਜਿਨ੍ਹਾਂ ਨੇ ਇਹ ਸਾਹਿਤ ਦੇਖਿਆ ਹੋਵੇਗਾ, ਜਾਣਿਆ ਹੋਵੇਗਾ ਜਾਂ ਕੋਈ ਚੰਗਾ ਮਾਰਗ ਦਰਸ਼ਕ ਉਨ੍ਹਾਂ ਨੂੰ ਮਿਲਿਆ ਹੋਵੇਗਾ। ਸੱਤ ਇਹ ਹੈ ਕਿ ਕੁੰਡਲਨੀ ਜਾਗਰਣ ਤੰਤਰ ਸਾਹਿਤ ਅੰਦਰ ਬਹੁਤ ਹੀ ਵਿਸਤਾਰ ਨਾਲ ਦਸਿਆ ਗਿਆ ਹੈ। ਉਸ ਦੀ ਵਿਆਖਿਆ ਕੀਤੀ ਗਈ ਹੈ। ਤੰਤਰ ਸਾਹਿਤ ਅੰਦਰ ਕੁੰਡਲਨੀ ਸੁਚੇਤ ਕਰਨ ਬਾਰੇ ਬੜੇ ਹੀ ਨਿਯਮਤ ਰੂਪ, ਬੜੇ ਹੀ ਸੰਗਠਿਤ ਤਰੀਕੇ ਨਾਲ ਦਸਿਆ ਗਿਆ ਹੈ। ਕਿਸੇ ਵੀ ਸੰਪੂਰਨ ਨਿਪੁੰਨ ਗੁਰੂ ਦੀ ਦੇਖ ਰੇਖ ਨਾਲ ਕੋਈ ਜਗਿਆਸੂ ਸਫਲਤਾਪੂਰਵਕ ਕੁੰਡਲਨੀ ਜਾਗਰਣ ਕਰ ਸਕਦਾ ਹੈ, ਆਪਣੇ ਪੂਰਣ ਰੂਪ ਸ਼ਿਵ ਨਾਲ ਮਿਲਾਪ ਕਰਕੇ ਆਤਮਾ ਦਾ ਪ੍ਰਮਾਤਮਾ ਨਾਲ ਮੇਲ ਕਰ ਸਕਦਾ ਹੈ।

ਤਾਂਤਰਿਕ ਫਿਲੌਸਫੀ ਅਨੁਸਾਰ ਇਹ ਬ੍ਰਹਿਮੰਡ ਕੇਵਲ ਚੇਤਨਾ ਦਾ ਹੀ ਪ੍ਰਗਟਾਵਾ ਹੈ, ਅਭਿਵਿਅੰਜਨ ਹੈ ਇਸ ਅਭਿਵਿਅੰਜਨ ਦੀ ਪ੍ਰਤਿਕ੍ਰਿਆ ਵਿਚ ਚੇਤਨਾ ਦੋ ਭਾਗਾਂ ਅੰਦਰ ਵੰਡੀ ਜਾਂਦੀ ਹੈ, ਦੋਨਾਂ ਵਿਚ ਕੋਈ ਵੀ ਆਪਣੇ ਆਪ ਅੰਦਰ ਸੰਪੂਰਨ ਨਹੀਂ ਭਾਵ ਇਕ ਤੋਂ ਬਿਨਾਂ ਦੂਸਰੀ ਹੋ ਹੀ ਨਹੀਂ ਸਕਦੀ। ਇਕ ਪਹਿਲੂ ਦੇ ਅੰਦਰ ਸਥਿਰਤਾ ਦੇ ਗੁਣ ਹਨ ਉਹ ਗੁਪਤ ਚੇਤਨਾ ਦਾ ਰੂਪ ਮੰਨਿਆ ਜਾਦਾ ਹੈ। ਤੰਤਰ ਯੋਗ ਦਾ ਇਸ ਗੁਣ ਨੂੰ ਸ਼ਿਵ ਕਿਹਾ ਜਾਂਦਾ ਹੈ ਇਸ ਗੁਣ ਨੂੰ ਨਰ ਗੁਣਾਂ ਨਾਲ ਸੰਕਲਪਵਾਦ ਕੀਤਾ ਜਾਂਦਾ ਹੈ। ਸ਼ਿਵ ਜੀ ਨੂੰ ਬੜੀ ਡੂੰਘੀ ਮੈਡੀਟੇਸ਼ਨ ਵਿਚ ਦਿਖਾਇਆ ਜਾਂਦਾ ਹੈ ਇਕ ਆਕਾਰ ਰਹਿਤ ਦਸਿਆ ਜਾਂਦਾ ਹੈ, ਇਕ ਚੇਤਨ ਰੂਪ ਇਕ ਅਨੰਦ। ਬ੍ਰਹਿਮੰਡ ਨੂੰ ਦਰਸਾਉਣ ਲਈ ਇਹ ਵਖਰਾ ਹੀ ਦਿਖਾਇਆ ਜਾਂਦਾ ਹੈ। ਸ਼ਿਵ ਦੀਆਂ ਸਾਰੀਆਂ ਸ਼ਕਤੀਆਂ ਹਨ, ਸ਼ਕਤੀਆਂ ਭਰਪੂਰ ਹਨ ਪਰ ਉਹ ਕੋਈ ਵੀ ਸ਼ਕਤੀ ਪ੍ਰਗਟਾਉਣ ਲਈ ਨਹੀਂ ਹੈ। ਸਾਰੀ ਚੇਤਨ ਸ਼ਕਤੀ ਸਾਰੇ ਬ੍ਰਹਿਮੰਡ ਇਸ ਸਰੋਤ ਤੋਂ ਹੀ ਆਉਂਦੇ ਹਨ। ਇਸ ਦਾ ਦੂਸਰਾ ਪਹਿਲੂ ਗਤੀਸ਼ੀਲ ਹੈ ਸ਼ਕਤੀ ਭਰਪੂਰ ਹੈ, ਸਿਰਜਨਾਤਮਕ ਹੈ ਜਿਸਨੂੰ ਸ਼ਕਤੀ ਕਿਹਾ ਜਾਂਦਾ ਹੈ। ਸ਼ਕਤੀ ਬ੍ਰਹਿਮੰਡ ਦੀ ਮਾਂ ਹੈ, ਕਿਉਂਕਿ ਇਸ ਸ਼ਕਤੀ ਤੋਂ ਹੀ ਸਾਰੇ ਆਕਾਰ ਸਾਰੇ ਨਾਮ ਪੈਦਾ ਹੁੰਦੇ ਹਨ ਇਹ ਹੀ ਇਨ੍ਹਾਂ ਸਭ ਦੀ ਜਨਮ ਦਾਤੀ ਹੈ। ਸ਼ਕਤੀ ਬ੍ਰਹਿਮੰਡ ਦੀ ਅਤਿ ਸੂਖਮ ਸ਼ਕਤੀ ਹੈ। ਇਹ ਸ਼ਕਤੀ ਹੀ ਵੱਖ-ਵੱਖ ਰੂਪ ਲੈ ਕੇ ਪ੍ਰਗਟ ਹੁੰਦੀ ਹੈ ਚਾਹੇ ਉਹ ਭੌਤਿਕ ਪਦਾਰਥ ਹੈ, ਸ਼ਕਤੀ ਹੈ, ਮਨ ਹੈ ਜੀਵਨ ਸ਼ਕਤੀ ਹੈ।

ਇਹ ਦੋਨੋਂ ਤੱਤ ਜੁੜੇ ਹੋਏ ਹਨ ਇਨ੍ਹਾਂ ਨੂੰ ਨਖੇੜਿਆ ਨਹੀਂ ਜਾ ਸਕਦਾ, ਪਰ ਇਹ ਦ੍ਰਿਸ਼ਮਈ ਸੰਸਾਰ ਮਾਇਆ ਦਾ ਪਾਇਆ ਭੇਦ ਜਿਹੜਾ ਸੂਖਮ ਚੇਤਨਾ ਤੇ ਉਸ ਦੇ ਪ੍ਰਗਟਾਵੇ ਨੂੰ ਵੱਖ-ਵੱਖ ਕਰਦੇ ਹਨ। ਸ਼ਕਤੀ ਵਾਸਤਵ ਵਿਚ ਚੇਤਨਾ ਦਾ ਹੀ ਸਾਕਾਰ ਰੂਪ ਹੈ।

ਜਿਸ ਨਾਲ ਸੂਖਮ ਚੇਤਨਾ ਢਕੀ ਰਹਿੰਦੀ ਹੈ, ਲੁਕੀ ਰਹਿੰਦੀ ਹੈ, ਸ਼ਕਤੀ ਸੂਖਮ ਚੇਤਨਾ ਦਾ ਹੀ ਪ੍ਰਗਟਾਵਾ ਹੈ। ਅਣਗਿਣਤ ਅਭਿਵਿਅੰਜਨ ਹਨ, ਪ੍ਰਗਟਾਵੇ ਹਨ ਜਿਨ੍ਹਾਂ ਨੂੰ ਮਾਇਆ ਕਿਹਾ ਜਾਂਦਾ ਹੈ, ਮਾਇਆ ਹੀ ਸੰਸਾਰ ਹੈ, ਸਦੀਆਂ ਤੋਂ ਬਾਅਦ ਜਦੋਂ ਬ੍ਰਹਿਮੰਡ ਇਹ ਸੰਸਾਰ ਖਤਮ ਹੋਵੇਗਾ ਤਾਂ ਕੇਵਲ ਸ਼ਕਤੀ ਹੀ ਬਾਕੀ ਹੋਵੇਗੀ, ਸ਼ਕਤੀ ਹੀ ਸਿਰਜਨਾ ਦਾ ਸ੍ਰੋਤ ਹੈ। ਸ਼ਕਤੀ ਦੋ ਪ੍ਰਕਾਰ ਦੀ ਹੈ, ਗਤੀਸ਼ੀਲ ਗੁਪਤ ਸਾਰੀਆਂ ਗਤੀਵਿਧੀਆਂ ਸਾਰੀ ਹਲਚਲ ਦੇ ਪਿੱਛੇ ਸਥਿਰਤਾ ਜਦੋਂ ਚੇਤਨਾ ਆਪਣੇ ਆਪ ਨੂੰ ਸਿਰਜਨਾ ਦਾ ਰੂਪ ਦੇ ਕੇ ਜਾਂ ਗਤੀਸ਼ੀਲ ਹੋ ਕੇ ਪ੍ਰਗਟ ਹੁੰਦੀ ਹੈ ਤਾਂ ਉਹ ਇਨ੍ਹਾਂ ਦੋ ਭਾਗਾਂ ਵਿਚ ਵੰਡੀ ਜਾਂਦੀ ਹੈ। ਤਾਂਤਰ ਅਨੁਸਾਰ ਤੰਤਰ ਫਿਲੌਸਫੀ ਅਨੁਸਾਰ ਤੰਤਰ ਮਿਥਿਹਾਸ ਅਨੁਸਾਰ ਗੁਪਤ ਸ਼ਕਤੀ ਜਿਹੜੀ ਬ੍ਰਹਿਮੰਡ ਦੇ ਪਿਛੇ ਹੈ ਜਿਹੜੀ ਬ੍ਰਹਿਮੰਡ ਨੂੰ ਸਹਾਰਾ ਦੇ ਰਹੀ ਹੈ ਉਸ ਦਾ ਇਕ ਮਾਤਰ ਚਿੰਨ੍ਹ ਹੈ ਸੱਪ ਦੀ ਤਰ੍ਹਾਂ ਲਿਪਟੀ ਹੋਈ ਸ਼ਕਤੀ।

ਇਸ ਫਿਲੌਸਫੀ ਅਨੁਸਾਰ ਮਨੁੱਖ ਇਕ ਛੋਟੇ ਆਕਾਰ ਦਾ ਬ੍ਰਹਿਮੰਡ ਹੈ ਜੋ ਕੁਝ ਬ੍ਰਹਿਮੰਡ ਵਿਚ ਹੈ ਉਹ ਹੀ ਸਰੀਰ ਵਿਚ ਹੈ -

***ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥***

***ਅੰਗ - ੬੯੫***

ਹਰ ਮਨੁੱਖ ਲਈ ਉਹ ਹੀ ਨਿਯਮ ਹਨ ਜੋ ਬ੍ਰਹਿਮੰਡ ਲਈ ਹਨ। ਮਨੁੱਖ ਦੇ ਅੰਦਰ ਲੋੜ ਤੋਂ ਵੱਧ ਸ਼ਕਤੀ ਹੈ ਜਿਹੜੀ ਵਰਤੋਂ ਵਿਚ ਨਹੀਂ ਆਉਂਦੀ। ਇਹ ਸ਼ਕਤੀ ਰੀੜ੍ਹ ਦੀ ਹੱਡੀ ਦੇ ਥੱਲੇ ਦੇ ਪਾਸੇ ਸੱਪ ਦੀ ਸ਼ਕਲ ਵਿਚ ਲਪੇਟਾ ਖਾ ਕੇ ਬੈਠੀ ਰਹਿੰਦੀ ਹੈ, ਪਈ ਰਹਿੰਦੀ ਹੈ। ਇਹ ਸ਼ਕਤੀ ਸਾਰੇ ਸਰੀਰ ਦੀ ਇਹ ਢੋਹ ਹੈ, ਸਹਾਰਾ ਹੈ, ਸਰੀਰ ਦੀ ਸ਼ਕਤੀ ਦਾ ਹੀ ਨਹੀਂ ਪ੍ਰਾਣ ਸ਼ਕਤੀ ਦਾ ਸਹਾਰਾ ਵੀ ਹੈ, ਵਾਸਤਵ ਵਿਚ ਇਹ ਇਕ ਇਲਾਹੀ ਸ਼ਕਤੀ ਹੈ। ਇਸ ਸ਼ਕਤੀ ਦਾ ਗਤੀਸ਼ੀਲ ਹੀ ਸਰੀਰ ਨੂੰ ਚਲਾਉਣ ਵਾਲਾ ਹੈ ਜਿਹੜਾ ਸ਼ਕਤੀ ਤੋਂ ਪੈਦਾ ਹੁੰਦਾ ਹੈ ਤੇ ਪ੍ਰਾਣ ਹਨ। ਜਿਵੇਂ ਬਿਜਲੀ ਦੀ ਸ਼ਕਤੀ ਯੰਤਰਕ ਸ਼ਕਤੀ ਤੋਂ ਵਧੇਰੇ ਸੂਖਮ ਹੈ ਇਸੇ ਤਰ੍ਹਾਂ ਪ੍ਰਾਣ ਸ਼ਕਤੀ ਬਿਜਲੀ ਦੀ ਸ਼ਕਤੀ ਤੋਂ ਵੀ ਸੂਖਮ ਹੈ। ਇਹ ਸ਼ਕਤੀ ਕੀ ਹੈ, ਕਿਸ ਤਰ੍ਹਾਂ ਕੰਮ ਕਰਦੀ ਹੈ, ਕਿਹੜੇ ਰਾਹ ਤੋਂ ਜਾਂਦੀ ਹੈ। ਕਿਸ ਤਰ੍ਹਾਂ ਜਾ ਕੇ ਕੰਮ ਕਰਦੀ ਹੈ ਇਹ ਸਭ ਕੁਝ ਯੋਗ ਵਿਗਿਆਨ ਨੇ ਪੂਰੀ ਤਰ੍ਹਾਂ ਨਾਲ ਖੋਜਿਆ ਹੈ। ਪ੍ਰਾਣਾਂ ਦਾ ਬਹਾਅ ਬਹੁਤ ਹੀ ਗੁੰਝਲਦਾਰ ਹੈ ਇਸ ਦਾ ਸਾਰਾ ਕੰਮ ਨਾੜੀਆਂ ਰਾਹੀਂ ਹੈ, ਸਰੀਰ ਨੂੰ ਮਨ ਨਾਲ ਜੋੜਨਾ, ਸਾਰੇ ਸਰੀਰ ਨੂੰ ਠੀਕ ਰੱਖਣਾ, ਕੰਮ ਕਰਨ ਲਈ ਤਿਆਰ ਰੱਖਣਾ, ਇਹ ਸ਼ਕਤੀ ਦਾ ਮੂਲ ਹੈ ਇਹ ਸ਼ਕਤੀ ਹੀ ਵੱਖ-ਵੱਖ ਚੱਕਰਾਂ ਨੂੰ ਸ਼ਕਤੀ ਪ੍ਰਦਾਨ ਕਰਦੀ ਹੈ।

### ਅੰਦਰ ਦੇ ਚੱਕਰ

ਤਾਂਤ੍ਰਿਕ ਗ੍ਰੰਥਾਂ ਅਨੁਸਾਰ ਇਸ ਮਾਰਗ ਤੇ ਚੱਲਣ ਵਾਲੇ

ਜਗਿਆਸੂ ਲਈ ਵੱਖ-ਵੱਖ ਚੱਕਰਾਂ ਦਾ ਗਿਆਨ ਹੋਣਾ ਅਤਿ ਅਵਸ਼ਕ ਹੈ, ਇਨ੍ਹਾਂ ਚੱਕਰਾਂ ਦੇ ਗਿਆਨ ਨੂੰ ਬਿਨਾਂ ਕੁੰਡਲਨੀ ਜਾਗਰਣ ਦਾ ਅਭਿਆਸ ਸ਼ੁਰੂ ਨਹੀਂ ਕਰਨਾ ਚਾਹੀਦਾ। ਯੋਗ ਵਿਗਿਆਨ ਬਹੁਤ ਗੁੰਝਲਦਾਰ ਤੇ ਬਹੁਤ ਵਿਸਤ੍ਰਿਤ ਵਿਗਿਆਨ ਹੈ। ਇਸ ਵਿਚ ਪੂਰੇ ਸਰੀਰ ਦਾ ਗਿਆਨ ਹੈ ਪੂਰੇ ਨਾੜੀ ਤੰਤੂ ਦਾ ਗਿਆਨ ਹੈ ਬਾਕੀ ਦੇ ਹੋਰ ਸ਼ਕਤੀ ਦੇ ਵੱਖ-ਵੱਖ ਪੱਧਰ ਜਿਹੜੇ ਸਰੀਰ ਨੂੰ ਚਲਾਉਂਦੇ ਹਨ। ਇਸ ਤੋਂ ਅੱਗੇ ਹੈ, ਮਨ ਦਾ ਗਿਆਨ, ਮਨ ਦੀ ਸੁਧਾਈ, ਚੇਤਨਾ ਦੀਆਂ ਸਾਰੀਆਂ ਅਵਸਥਾ, ਬ੍ਰਹਿਮੰਡ ਦੀ ਫਿਲੌਸਫੀ ਮਨੁੱਖਾਂ ਦੇ ਪਰਸਪਰ ਸਬੰਧ ਇਹ ਸਭ ਕੁਝ ਯੋਗ ਦੇ ਅੰਦਰ ਹੈ। ਤਾਂਤ੍ਰਿਕ ਫਿਲੌਸਫੀ ਗਿਆਨ ਦੇ ਵੱਖ-ਵੱਖ ਪੱਧਰ, ਸ਼ਕਤੀ ਦੇ ਵੱਖ-ਵੱਖ ਸ੍ਰੋਤ ਇਨ੍ਹਾਂ ਸਭ ਨੂੰ ਇਕੱਠਾ ਕਰਦੀ ਹੈ। ਵਿਗਿਆਨ ਦੇ ਵੱਖ-ਵੱਖ ਪੱਖ ਮਨੋਵਿਗਿਆਨ, ਫਿਲੌਸਫੀ ਇਨ੍ਹਾਂ ਸਭ ਨੂੰ ਇਕੱਠਾ ਕਰਕੇ, ਇਕਸਾਰ ਕਰਕੇ ਜੀਵਨ ਦੇ ਹੋਰ ਪਹਿਲੂ ਬੜੀ ਹੀ ਨਿਸ਼ਠਾਪੂਰਵਕ ਸਮੇਟੇ ਜਾਂਦੇ ਹਨ। ਇਨ੍ਹਾਂ ਸਭ ਨੂੰ ਇਕੱਠਾ ਕਰਕੇ, ਅੰਦਰ ਦੇ ਜੀਵਨ ਨੂੰ ਖੋਜ ਕੇ ਵਿਚਾਰਾਂ ਨੂੰ, ਸੰਵੇਗਾਂ ਨੂੰ ਦੇਖ ਕੇ ਜਗਿਆਸੂ ਅੰਦਰ ਦੇ ਰਹਿਸਾਂ ਨੂੰ ਉਘਾੜਦਾ ਹੈ, ਵੱਖ-ਵੱਖ ਪੱਧਰਾਂ ਦੇ ਰਹੱਸ ਖੋਲ੍ਹਦਾ ਹੈ, ਵੱਖ-ਵੱਖ ਪ੍ਰਯੋਗ ਕਰਦਾ ਹੈ, ਵੱਖ-ਵੱਖ ਪੱਖ ਤੇ ਅਭਿਆਸ ਕਰਦਾ ਹੈ, ਸੰਸਾਰ ਦੇ ਵੱਖ-ਵੱਖ ਪ੍ਰਤਿਕ੍ਰਿਆ ਦੇਖਦਾ ਹੈ।

ਸਰੀਰ ਦੇ ਅੰਦਰ ਦੇ ਚੱਕਰ ਇਕ ਢਾਂਚਾ ਹਨ ਜਾਂ ਕਹਿ ਸਕਦੇ ਹੋ, ਚੇਤਨ ਬਿੰਦੂ ਹਨ ਜਿਹੜਾ ਇਹ ਸਭ ਕੁਝ ਕਰਨ ਵਿਚ ਸਹਾਈ ਹੁੰਦੇ ਹਨ। ਤਾਂਤਰ ਵਿਦਿਆ ਦਾ ਵਿਦਿਆਰਥੀ ਇਨ੍ਹਾਂ ਚੱਕਰਾਂ ਦਾ ਗਿਆਨ ਪ੍ਰਾਪਤ ਕਰਦਾ ਹੈ, ਇਨ੍ਹਾਂ ਦੇ ਸੁਭਾਅ ਜਾਣਦਾ ਹੈ, ਗੁਣ ਜਾਣਦਾ ਹੈ ਇਨ੍ਹਾਂ ਦਾ ਪਰਸਪਰ ਸਬੰਧ ਜਾਣਦਾ ਹੈ। ਜਿੰਨਾਂ ਹੀ ਵਧੇਰੇ ਇਨ੍ਹਾਂ ਦੇ ਮਨੋਵਿਗਿਆਨ ਪੱਖ ਉਹ ਜਾਣਦਾ ਹੈ ਜਾਂ ਫਿਲੋਸਫੀ ਦੀਆਂ ਧਾਰਨਾ ਜਾਣਦਾ ਹੈ ਉਨ੍ਹਾਂ ਹੀ ਵੱਧ ਉਹ ਸਰੀਰ ਨੂੰ ਜਾਨਣ ਦੀ ਲੋੜ ਮਹਿਸੂਸ ਕਰਦਾ ਹੈ, ਸਰੀਰ ਦੇ ਅੰਦਰ ਵੱਖ-ਵੱਖ ਹੋਰ ਸਰੀਰਾਂ ਨੂੰ ਜਾਨਣ ਦੀ ਲੋੜ ਮਹਿਸੂਸ ਕਰਦਾ ਹੈ, ਇਹ ਸਰੀਰ ਕਿਸ-ਕਿਸ ਪੱਧਰ ਤੇ ਕੰਮ ਕਰਦੇ ਹਨ ਕਿਵੇਂ ਕਰਦੇ ਹਨ, ਵੱਖ-ਵੱਖ ਪੱਧਰ ਤੇ ਕੰਮ ਕਰਦੇ ਵੀ ਇਕ ਹਨ ਇਕਸਾਰ ਹਨ।

ਵੱਖ-ਵੱਖ ਸਰੀਰ ਜਿਹੜੇ ਦੱਸੇ ਗਏ ਹਨ ਉਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਪ੍ਰਾਣਾਂ ਦਾ ਸਰੀਰ ਉਸ ਤੋਂ ਸੂਖਮ ਹੈ, ਮਾਨਸਿਕ ਸਰੀਰ। ਮਨੁੱਖ ਦੇ ਸਾਰੇ ਸਰੀਰ ਦਾ ਚੰਗੀ ਤਰ੍ਹਾਂ ਨਰੀਖਣ ਕਰਨ ਤੋਂ ਬਾਅਦ ਅਸੀਂ ਦੇਖਦੇ ਹਾਂ ਕਿ ਪਦਾਰਥ ਵਸਤੂ, ਸ਼ਕਤੀ, ਮਨ ਇਹ ਸਾਰੇ ਮਿਲਕੇ ਵੀ ਪੂਰਾ ਮਨੁੱਖ ਨਹੀਂ ਹਨ, ਨਾ ਹੀ ਇਹ ਸੰਪੂਰਨ ਮਨੁੱਖੀ ਜੀਵਨ ਹਨ। ਇਸ ਤੇ ਹੇਠਾਂ ਦਬਿਆ ਹੈ ਮੂਲ ਤੱਤ ਮੂਲ ਸਿਧਾਂਤ ਉਹ ਸਿਧਾਂਤ ਜਿਸ ਨੂੰ ਅਸੀਂ ਨਿਰੋਲ ਚੇਤਨਾ ਕਹਿੰਦੇ ਹਾਂ। ਚੇਤਨਾ ਦੀ ਤੁਲਨਾ ਆਮ ਤੌਰ ਤੇ ਚਾਨਣ ਨਾਲ ਕੀਤੀ ਜਾਂਦੀ ਹੈ, ਵੱਖ-ਵੱਖ ਸਰੀਰ ਇਕ ਚਾਦਰ ਦੀ ਤਰ੍ਹਾਂ ਹਨ ਜਿਨ੍ਹਾਂ ਨੇ ਇਸਨੂੰ ਢਕਿਆ ਹੋਇਆ ਹੈ। ਇਹ ਵੱਖ-ਵੱਖ ਪੜ੍ਹਦੇ, ਚਾਦਰ ਵੱਖ-ਵੱਖ ਵਸਤੂ ਦੇ ਬਣੇ ਹਨ, ਵੱਖ-ਵੱਖ ਰੰਗ ਤੇ ਵੱਖ-ਵੱਖ ਗੁਣਾਂ ਦੇ।

ਹਰ ਚਾਦਰ ਦਾ ਹਰ ਪੜਦੇ ਦੀ ਆਪਣੀ ਰੋਸ਼ਨੀ ਹੈ ਆਪਣਾ ਚਾਨਣ ਹੈ, ਆਪਣੇ ਗੁਣਾਂ ਅਨੁਸਾਰ ਹੀ ਸੋਧ ਹੁੰਦੀ ਰਹਿੰਦੀ ਹੈ। ਸਭ ਤੋਂ ਬਾਹਰ ਦਾ ਪੜਦਾ ਸਭ ਤੋਂ ਮੋਟਾ ਹੈ, ਭਾਰਾ ਹੈ, ਇਸ ਦਾ ਚਾਨਣ ਸਭ ਤੋਂ ਮੱਧਮ ਹੈ, ਜੇ ਅਸੀਂ ਇਨ੍ਹਾਂ ਚਾਦਰਾਂ ਨੂੰ ਇਕ-ਇਕ ਕਰਕੇ ਹਟਾਉਂਦੇ ਜਾਈਏ ਤਾਂ ਚਾਨਣ ਵਧਦਾ ਜਾਵੇਗਾ, ਕਿਉਂਕਿ ਇਹ ਵੱਖ-ਵੱਖ ਸਰੀਰ ਚੇਤਨਾ ਨੂੰ ਲੁਕੋ ਕੇ ਰਖਦੇ ਹਨ, ਚੇਤਨਾ ਤੇ ਪੜਦਾ ਹਨ। ਇਸ ਕਰਕੇ ਇਨ੍ਹਾਂ ਨੂੰ ਕੋਸ਼ ਕਹਿੰਦੇ ਹਨ। ਇਹ ਸਰੀਰ ਆਪਣੇ ਆਪ ਸਵੈ ਹੋ ਕੇ ਕੰਮ ਨਹੀਂ ਕਰਦੇ ਇਨ੍ਹਾਂ ਦਾ ਪਰਸਪਰ ਸਬੰਧ ਬਹੁਤ ਹੀ ਅਰਥਪੂਰਨ ਹੈ ਕਿਉਂਕਿ ਇਹ ਇਕ ਦੂਸਰੇ ਨਾਲ ਜੁੜੇ ਹੋਏ ਹਨ, ਇਕਸਾਰ ਹਨ ਇਹ ਸਬੰਧ ਚੱਕਰਾਂ ਰਾਹੀਂ ਹੀ ਹੈ, ਵਾਸਤਵ ਵਿਚ ਸਤਿ ਚੱਕਰ ਹਨ।

ਵਿਸ਼ਵ ਸ਼ਕਤੀ ਦਾ ਪ੍ਰਗਟਾਵਾ ਇਨ੍ਹਾਂ ਚੱਕਰਾਂ ਰਾਹੀਂ ਹੁੰਦਾ ਹੈ ਇਨ੍ਹਾਂ ਰਾਹੀਂ ਸਰੀਰ ਦੇ ਵੱਖ-ਵੱਖ ਭਾਗਾਂ ਨੂੰ ਸ਼ਕਤੀ ਮਿਲਦੀ ਹੈ। ਕੁੰਡਲਨੀ ਹਰ ਚੱਕਰ ਰਾਹੀਂ ਪ੍ਰਗਟ ਹੁੰਦੀ ਹੈ। ਇਸ ਦਾ ਪ੍ਰਭਾਵ ਹੁੰਦਾ ਹੈ ਕਿ ਇਕ ਖਾਸ ਪ੍ਰਕਾਰ ਦੇ ਸੰਦਰਭ ਦਾ ਅਨੁਭਵ ਹੋਣ ਲਗ ਪੈਂਦਾ ਹੈ, ਮਨੁੱਖ ਸੰਸਾਰ ਨੂੰ ਉਸ ਅਨੁਭਵ ਰਾਹੀਂ ਹੀ ਦੇਖਦਾ ਹੈ। ਉਦਾਹਰਣ ਲਈ ਜਦੋਂ ਮਨ ਤੇ ਸ਼ਕਤੀ ਅਨਾਹਦ ਚੱਕਰ ਰਾਹੀਂ ਪ੍ਰਗਟ ਹੁੰਦੀ ਹੈ, ਮਨੁੱਖ ਪਿਆਰ ਨਾਲ ਭਰਪੂਰ ਹੋ ਜਾਂਦਾ ਹੈ, ਆਪਣੇ ਮਨੋਭਾਵ ਸੰਵੇਗਾ ਤੇ ਚੰਗੀ ਤਰ੍ਹਾਂ ਨਾਲ ਕਾਬੂ ਪਾ ਸਕਦਾ ਹੈ। ਏਸੇ ਤਰ੍ਹਾਂ ਜਦੋਂ ਮਨ ਤੇ ਸ਼ਕਤੀ ਸਵੇਦਸ਼ਨ ਚੱਕਰ ਰਾਹੀਂ ਪ੍ਰਗਟ ਹੁੰਦੀ ਹੈ ਉਦੋਂ ਮਨੁੱਖ ਕਾਮ ਵਾਸ਼ਨਾ ਨਾਲ ਗ੍ਰਸਿਆ ਜਾਂਦਾ ਹੈ, ਹਰ ਇਕ ਚੱਕਰ ਦੀ ਆਪਣੀ ਵਿਸ਼ੇਸ਼ਤਾ ਹੈ ਆਪਣੀ ਵਾਸਤਵਿਕਤਾ ਹੈ ਜਿਸ ਨਾਲ ਉਸੇ ਤਰ੍ਹਾਂ ਦੇ ਅਨੁਭਵ ਜੁੜੇ ਹੋਏ ਹਨ।

ਪਹਿਲਾ ਚੱਕਰ ਜਿਹੜਾ ਰੀੜ ਦੀ ਹੱਡੀ ਦੇ ਬਿਲਕੁਲ ਥੱਲੇ ਮੁੱਢ ਤੇ ਹੈ ਉਸ ਨੂੰ ਮੂਲਧਾਰ ਕਹਿੰਦੇ ਹਨ ਇਹ ਨੀਂਹ ਹੈ, ਮੁੱਢ ਹੈ, ਇਸ ਚੱਕਰ ਦਾ ਸਬੰਧ ਮਨੁੱਖ ਦੀ ਆਪਣੇ ਬਚਾਓ ਲਈ ਬਚੇ ਰਹਿਣ ਵਿਚ ਹੈ, ਅਸੁਰਖਿਆ, ਭੈ ਡਰ, ਭਰਮ ਇਨ੍ਹਾਂ ਸਾਰਿਆਂ ਦਾ ਸਬੰਧ ਇਸ ਚੱਕਰ ਨਾਲ ਹੈ। ਪੂਰੀ ਤਰ੍ਹਾਂ ਖਤਮ ਹੋਣ ਦਾ ਡਰ ਮਨੁੱਖ ਲਈ ਬਣਿਆ ਰਹਿੰਦਾ ਹੈ ਏਨਾ ਹੀ ਨਹੀਂ ਮਨੁੱਖ ਦਾ ਨਜ਼ਰੀਆ ਹੀ ਬਦਲ ਦਿੰਦਾ ਹੈ। ਇਸ ਚੱਕਰ ਦੇ ਤੱਤ ਹਨ, ਧਰਤੀ, ਰੰਗ ਪੀਲਾ ਹੈ, ਸੰਵੇਦ ਹੈ। ਸੁਗੰਧ ਮਲਮੂਤਰ ਦੇ ਰੋਗ ਇਸ ਨਾਲ ਸਬੰਧਤ ਹਨ, ਗੁਰਦੇ ਦਾ ਸੰਜੋਗ, ਏਕੀਕਰਣ ਸਥਿਰਤਾ, ਸੁਰਖਿਆ ਤੇ ਪੂਰਤੀ ਦਿੰਦਾ ਹੈ।

ਦੂਸਰਾ ਚੱਕਰ ਬਿਲਕੁਲ ਜਣਨ ਇੰਦਰੀ ਦੇ ਉਪਰ ਹੈ ਇਸਨੂੰ ਸੁਵਾਧਿਸ਼ਟਾਨ (Swadhisthana) ਚੱਕਰ ਕਹਿੰਦੇ ਹਨ, ਭਾਵ ਆਪਣੇ ਘਰ ਵਿਚ ਬੈਠਾ ਹੈ। ਇਹ ਚੱਕਰ ਆਪਣੀ ਸੁਰਖਿਆ, ਆਪਣੀ ਸੰਭਾਲ ਨਾਲ ਜੁੜਿਆ ਹੋਇਆ ਹੈ, ਕਾਮ ਨਾਲ ਜੁੜਿਆ ਹੋਇਆ ਹੈ। ਇਸ ਚੱਕਰ ਨਾਲ ਜੁੜੇ ਮਨੁੱਖ ਸੰਸਾਰ ਨੂੰ ਭੋਗ ਵਿਲਾਸ, ਐਸ਼ ਦਾ ਵਿਸ਼ਾ ਹੀ ਸਮਝਦੇ ਹਨ, ਵਿਸ਼ੇਸ਼ ਤੌਰ ਤੇ ਕਾਮ ਬਿਰਤੀ ਰਖਦੇ ਹਨ, ਲੋਭੀ ਹੁੰਦੇ ਹਨ। ਇਸ ਚੱਕਰ ਦੇ ਦੋ ਸਿਰੇ ਹਨ, ਮਰਦ ਤੇ ਔਰਤ ਦੋਨਾਂ ਦਾ ਮਿਲਾਪ ਬੜੇ ਸੰਜੋਗ ਦਾ ਮਿਲਾਪ ਕਾਮ ਦਾ ਪ੍ਰਗਟਾਵਾ ਹੈ, ਇਸ ਚੱਕਰ ਦੇ ਰੋਗ ਹਨ, ਪਿਸ਼ਾਬ ਨਾਲ ਸਬੰਧਤ, ਜਨਮ ਦੇਣ ਦੇ ਅੰਗਾਂ ਦਾ ਰੋਗ। ਇਸ ਚੱਕਰ ਦਾ ਤੱਤ ਹੈ, ਪਾਣੀ ਰੰਗ ਹੈ, ਬਦਾਮੀ, ਚਿੱਟਾ ਸਫੇਦ ਇੰਦਰੀ ਹੈ ਸੁਆਦ।

ਤੀਸਰਾ ਚੱਕਰ ਸੂਰਜ ਦੇ ਤੰਤਵੀ ਚੱਕਰ ਤੇ ਸਥਿਤ ਹੈ। ਇਸਨੂੰ ਮਨੀਪੁਰ ਚੱਕਰ ਕਹਿੰਦੇ ਹਨ, ਇਹ ਧੁਨੀ ਤੇ ਹੈ। ਮਨੀਪੁਰ ਦਾ ਅਰਥ ਹੈ ਹੀਰਿਆਂ ਨਾਲ ਜੜਿਆ ਹੋਇਆ ਇਸ ਦਾ ਸਬੰਧ ਪ੍ਰਤਿਯੋਗਤਾ ਨਾਲ, ਹਉਮੈ ਨਾਲ ਹੈ, ਪ੍ਰਭਤਾ ਜਮਾਣਾ, ਆਗਿਆਪਾਲਕ ਹੋਣਾ ਇਸ ਚੱਕਰ ਨਾਲ ਸਬੰਧਤ ਹਨ। ਇਸ ਚੱਕਰ ਦੇ ਮੇਲ ਨਾਲ ਸਹਿਯੋਗਤਾ, ਦ੍ਰਿੜ੍ਹਤਾ, ਸ਼ਕਤੀ ਉਤਪਨ ਹੁੰਦੀ ਹੈ, ਇਸ ਚੱਕਰ ਦਾ ਸਬੰਧ ਖਾਣ ਪੀਣ ਨਾਲ, ਮਿਹਦੇ ਦੇ ਰੋਗਾਂ ਦਾ ਸਬੰਧ ਇਸ ਨਾਲ ਹੈ। ਇਸ ਦਾ ਤੱਤ ਅਗਨੀ ਹੈ, ਰੰਗ ਲਾਲ ਹੈ, ਸੰਵੇਗ ਦੇਖਣਾ ਹੈ।

ਹਿਰਦੇ ਚੱਕਰ ਛਾਤੀ ਦੇ ਵਿਚਕਾਰ ਹੈ ਇਹ ਚੌਥਾ ਚੱਕਰ ਹੈ, ਇਸਨੂੰ ਅਨਾਹਤ ਚੱਕਰ ਕਹਿੰਦੇ ਹਨ ਜਿਸ ਤੋਂ ਭਾਵ ਹੈ ਅਨਾਹਦ ਨਾਦ। ਅਨਾਹਦ ਨਾਦ ਸਰੀਰ ਨੂੰ ਦੋ ਹਿਸਿਆਂ ਵਿਚ ਵੰਡਦਾ ਹੈ ਉਪਰ

ਦਾ ਭਾਗ ਤੇ ਥੱਲੇ ਦਾ ਭਾਗ। ਡਾਇਫਰਾਮ ਤੋਂ ਥੱਲੇ ਦੇ ਤਿੰਨ ਚੱਕਰ ਪੁਰਾਤਨ ਵਿਚਾਰ ਅਨੁਸਾਰ ਚੇਤਨਾ ਦਾ ਅਭਿਵਿਅਕਤ ਹੈ ਇਸ ਦਾ ਸਬੰਧ ਮਨੁੱਖ ਦੀ ਸਮੱਸਤ ਮੂਲ ਪ੍ਰਵਿਰਤੀ ਨਾਲ ਹੈ, ਇਹ ਪ੍ਰਵਿਰਤੀਆਂ ਸਰੀਰ ਤੇ ਵਾਸ਼ਨਾ ਨਾਲ ਜੁੜੀਆਂ ਹੋਈਆਂ ਹਨ, ਹਰ ਸਮੇਂ ਸੁਖ, ਖੁਸ਼ੀ ਦੀ ਭਾਲ ਵਿਚ ਰਹਿੰਦੀਆਂ ਹਨ। ਇਨ੍ਹਾਂ ਚੱਕਰਾਂ ਦਾ ਪ੍ਰਭਾਵ ਮਨੁੱਖ ਸਰੀਰ ਤੇ ਤਾਮਸਿਕ ਰੂਪ ਵਿਚ ਹੈ, ਨਖੇਦੀ ਦੀਆਂ ਭਾਵਨਾਵਾਂ ਦਾ ਸਬੰਧ ਵੀ ਇਨ੍ਹਾਂ ਚੱਕਰਾਂ ਨਾਲ ਹੈ ਇਨ੍ਹਾਂ ਚੱਕਰਾਂ ਤਕ ਰਹਿਣ ਤੋਂ ਭਾਵ ਹੈ ਮਨੁੱਖ ਦਾ ਪੂਰਾ ਵਿਕਾਸ ਨਹੀਂ ਹੋਇਆ। ਜਦੋਂ ਚੇਤਨਾ ਡਾਇਫਰਾਮ ਤੋਂ ਉਪਰ ਉਠਦੀ ਹੈ ਮਨੁੱਖ ਵਾਸਤਵ ਵਿਚ ਮਨੁਖਤਾ ਨੂੰ ਪਛਾਣ ਜਾਂਦਾ ਹੈ ਤੇ ਉਚੇਰੀ ਚੇਤਨਾ ਜਾਗ ਉਠਦੀ ਹੈ। ਅਨਾਹਤ ਚੱਕਰ ਮਨੁੱਖ ਨੂੰ ਰਾਜਸਿਕ ਹੋਣ ਲਈ ਪ੍ਰੇਰਦਾ ਹੈ, ਕ੍ਰਿਆਸ਼ੀਲ ਬਣਾਉਂਦਾ ਹੈ, ਨਾਲ ਹੀ ਇਹ ਚੱਕਰ ਭਾਵੁਕ ਸਥਿਰਤਾ ਦਿੰਦਾ ਹੈ, ਸਾਤਵਿਕ ਬਣਾਉਂਦਾ ਹੈ। ਅਨਾਹਦ ਦਾ ਸਿੱਧਾ ਸਬੰਧ ਪਿਆਰ ਨਾਲ ਸਭ ਲਈ ਨਿਰਸੁਆਰਥ ਹੋ ਕੇ ਪਿਆਰ ਕਰਨਾ, ਸੇਵਾ ਕਰਨੀ, ਸੰਭਾਲ ਕਰਨੀ। ਨਿਰਛਲ ਦਇਆ ਕ੍ਰਿਪਾ, ਸੰਵੇਦਨਸ਼ੀਲ, ਦੂਸਰੇ ਲਈ ਮਹਿਸੂਸ ਕਰਨ ਦੀ ਭਾਵਨਾ ਇਹ ਸਭ ਇਸੇ ਚੱਕਰ ਨਾਲ ਸਬੰਧ ਰਖਦੇ ਹਨ ਜਿਸ ਤਰ੍ਹਾਂ ਦਿਲ ਦੇ ਫੇਫੜੇ ਸਾਰੇ ਸਰੀਰ ਨੂੰ ਤਾਕਤ ਦਿੰਦੇ ਹਨ। ਮਾਂ ਦਾ ਦੁੱਖ ਬੱਚੇ ਦੀ ਪਰਵ੍ਰਿਸ਼ ਕਰਦਾ ਹੈ ਇਸੇ ਤਰ੍ਹਾਂ ਜਿਹੜਾ ਇਸ ਪੱਧਰ ਤੇ ਪਹੁੰਚ ਜਾਂਦਾ ਹੈ ਉਹ ਦੂਸਰਿਆਂ ਨੂੰ ਪਾਲਦਾ ਹੈ ਉਨ੍ਹਾਂ ਦੀ ਪਾਲਨਾ ਕਰਦਾ ਹੈ। ਦੂਸਰੇ ਨੂੰ ਬੇਗਾਨਾ ਨਹੀਂ ਜਾਣਦਾ, ਜਿਹੜਾ ਇਥੇ ਪਹੁੰਚ ਜਾਂਦਾ ਹੈ ਏਸੇ ਜਗ੍ਹਾਂ ਹੀ David star ਦਾ ਮੇਲ ਹੁੰਦਾ ਹੈ ਉਪਰ ਜਾਣ ਵਾਲੀਆਂ ਤੇ ਹੇਠਾਂ ਆਉਣ ਵਾਲੀਆਂ ਸ਼ਕਤੀਆਂ ਦਾ ਮੇਲ ਹੁੰਦਾ ਹੈ। ਇਸ ਦਾ ਚਿੰਨ੍ਹ cross ਹੈ, ਹਵਾ ਇਸ ਦਾ ਤੱਤ ਹੈ, ਰੰਗ ਸਲੇਟੀ ਹੈ, ਸੰਵੇਗ touch ਹੱਥ ਲਗਾਉਣਾ ਹੈ।

ਪੰਜਵਾਂ ਚੱਕਰ ਗਲੇ ਦੇ ਥੱਲੇ ਕਰਕੇ ਹੈ ਇਸਨੂੰ ਵਿਸ਼ੁੱਧ ਚੱਕਰ (Visuddha) ਕਹਿੰਦੇ ਹਨ ਜਿਸ ਤੋਂ ਭਾਵ ਹੈ ਸ਼ੁੱਧ, ਪਵਿੱਤਰ। ਇਹ ਸਿਰਜਨਆਤਮਕ ਬਣਾਉਂਦਾ ਹੈ, ਗ੍ਰਹਿਣਸ਼ੀਲ ਬਣਾਉਂਦਾ ਹੈ ਜਦੋਂ ਬੱਚਾ ਮਾਂ ਤੋਂ ਪਾਲਣ ਪੋਸ਼ਣ ਕਰਵਾਉਂਦਾ ਹੈ ਪੂਰੀ ਤਰ੍ਹਾਂ ਨਾਲ ਸਮਰਪਿਤ ਹੁੰਦਾ ਹੈ ਉਹ ਇਸੇ ਦਾ ਹੀ ਇਕ ਉਦਾਹਰਣ ਹੈ, ਪੂਰਾ ਸਮਰਪਣ, ਨਿਸ਼ਠਾ, ਵਿਸ਼ਵਾਸ਼, ਸਿਰਜਨਆਤਮਕ ਹੋਣਾ, ਸਹਿਮਤ ਹੋਣਾ, ਇਹ ਸਾਰੇ ਗੁਣ ਇਸੇ ਚੱਕਰ ਨਾਲ ਸਬੰਧਤ ਹਨ, ਗਾਇਕ ਤੇ ਕਲਾਕਾਰ ਦੀ ਸ਼ਕਤੀ ਇਥੇ ਹੀ ਹੁੰਦੀ ਹੈ ਇਸ ਚੱਕਰ ਤਕ ਮਿਸ਼ਰਨ ਨਾਲ ਸਿਰਜਨਆਤਮਕਤਾ ਦਾ ਵਾਧਾ ਹੁੰਦਾ ਹੈ, ਮਨੁੱਖ ਦਾ ਵਿਸਤ੍ਰਿਤ ਹੋਣਾ ਹੈ। ਇਸ ਚੱਕਰ ਦਾ ਤੱਤ ਹਵਾ ਹੈ ਰੰਗ ਨੀਲਾ ਹੈ ਪ੍ਰਮੁੱਖ ਇੰਦ੍ਰੀ ਸੁਣਨਾ ਹੈ।

ਛੇਵਾਂ ਚੱਕਰ ਦੋਨੋਂ ਭਰਵੱਟਿਆਂ ਦੇ ਵਿਚ ਹੈ ਇਸ ਨੂੰ ਤੀਸਰਾ ਨੇਤਰ ਵੀ ਕਹਿੰਦੇ ਹਨ, ਅਜਨ ਚੱਕਰ (ajna) ਵੀ ਕਹਿੰਦੇ ਹਨ ਜਿਸ ਦਾ ਅਰਥ ਹੈ ਹੁਕਮ ਆਗਿਆ। ਇਸ ਚੱਕਰ ਨਾਲ ਸਬੰਧ ਰੱਖਣ ਵਾਲੇ ਗੁਣ ਹਨ, ਆਤਮ ਚਿੰਤਨ, ਵਿਵੇਕ, ਜਿਹੜਾ ਇਸ ਚੱਕਰ ਤਕ ਪਹੁੰਚ ਜਾਂਦਾ ਹੈ ਉਹ ਅੰਤਰ ਦੇਖ ਸਕਦਾ ਹੈ, ਸਭ ਕੁਝ ਬਹੁਤ ਸਾਫ ਦਿਖਣ ਲਗ ਪੈਂਦਾ ਹੈ ਉਸ ਦਾ ਅੰਤਰ ਗਿਆਨ ਜਾਗ ਜਾਂਦਾ ਹੈ, ਉਹ ਗਿਆਨਵਾਨ ਹੋ ਜਾਂਦਾ ਹੈ। ਉਸ ਨੇ ਇੜਾ ਪਿੰਗਲਾ ਨਾੜੀ ਦਾ ਮਿਸ਼ਰਨ ਕਰਕੇ ਸੁਸ਼ਮਨਾ ਨੂੰ ਜਾਗਰਣ ਕਰ ਲਿਆ ਹੈ ਇਸ ਤਰ੍ਹਾਂ ਨਾਲ ਉਸ ਕੋਲ ਦੋਨੋਂ ਚੀਜ਼ਾਂ ਹਨ ਤਰਕਾਤਮਕ ਨਿਰਣਾ, ਅੰਤਰ ਗਿਆਨ। ਇਸ ਚੱਕਰ ਦਾ ਤੱਤ ਹੈ ਮਨ, ਰੰਗ ਬਿਲਕੁਲ ਸਾਫ ਹੈ।

ਵਿਸ਼ੁੱਧ ਚੱਕਰ ਤੇ ਅਜਨ ਚੱਕਰ (Visuddha) (ਉਹਨਾਂ) ਇਹ ਦੋਨੋਂ ਗਰਦਨ ਨਾਲ ਪਿਚੁਟਰੀ (pithitary) ਗ੍ਰੰਥੀ ਨਾਲ ਸਬੰਧਤ ਹਨ ਇਹ ਅਧਿਆਤਮਕ ਦਿੰਦੇ ਹਨ, ਅੰਤਰ ਜਾਨਣ ਦੀ ਇੱਛਾ ਪੈਦਾ ਕਰਦੇ ਹਨ, ਅੰਤਰ ਦੀ ਖੋਜ ਕਰਨ ਦੀ ਚਾਹ ਦਿੰਦੇ ਹਨ, ਅੰਤਰ ਦੇ ਗੁਣ ਜਾਨਣ ਲਈ ਪ੍ਰੇਰਦੇ ਹਨ ਸਿਰਜਨਾਤਮਕ ਬੁੱਧੀ, ਗਿਆਨ, ਅੰਤਰ ਗਿਆਨ ਇਨ੍ਹਾਂ ਦਾ ਅਨੁਭਵ ਇਸੇ ਚੱਕਰ ਤੋਂ ਹੁੰਦਾ ਹੈ, ਇਹ ਸਾਵਵਿਕਤਾ ਦਿੰਦਾ ਹੈ, ਸ਼ਾਂਤੀ ਪ੍ਰਦਾਨ ਕਰਦਾ ਹੈ, ਸ਼ੁਭ ਨੂੰ ਸ਼ਾਂਤ ਕਰਦਾ ਹੈ। ਇਸ ਤੋਂ ਉਹ ਬਹੁਤ ਸਾਰੇ ਸੂਖਮ ਚੱਕਰ ਹਨ, ਜਿਹੜੇ ਸਤਵੇਂ ਚੱਕਰ ਤੱਕ ਜਾਂਦੇ ਹਨ ਜਿਹੜੇ ਨਿਰੋਲ ਚੇਤਨਾ ਚੱਕਰ ਹੈ। ਇਹ ਸਿਰ ਦੇ ਉਪਰ ਹੈ ਇਸਨੂੰ ਹਜ਼ਾਰ ਪੱਤੀਆਂ ਵਾਲਾ ਕਮਲ ਕਹਿੰਦੇ ਹਨ, ਸਹੰਸਰਾਰ (sahasrara) ਇਸ ਨੂੰ ਸ਼ਿਵ ਜੀ ਦਾ ਸਥਾਨ ਕਹਿੰਦੇ ਹਨ, ਸ਼ੁੱਧ ਚੇਤਨਾ ਹੈ ਜਿਹੜਾ ਇਸ ਪੱਧਰ ਤੇ ਪਹੁੰਚ ਜਾਂਦਾ ਹੈ, ਉਹ ਸਮਾਧੀ ਪ੍ਰਾਪਤ ਕਰ ਲੈਂਦਾ ਹੈ, ਇਥੇ ਹੀ ਆਤਮਾ ਪ੍ਰਮਾਤਮਾ ਦਾ ਮੇਲ ਹੋ ਜਾਂਦਾ ਹੈ।

ਆਮ ਤੌਰ ਤੇ ਮਨੁੱਖ ਦੋ ਭਾਗਾਂ ਵਿਚ ਵੰਡਿਆ ਰਹਿੰਦਾ ਹੈ, ਇਕ ਪਾਸੇ ਸ਼ਿਵ ਸ਼ਕਤੀ ਹੈ। ਜਿਹੜੀ ਸਹੰਸਰਾਰ ਭਾਵ ਸਿਰ ਦੇ ਬਿਲਕੁਲ ਉਪਰ ਦੇ ਹਿੱਸੇ ਵਿਚ ਹੈ, ਦੂਸਰੀ ਹੈ, ਕੁੰਡਲਨੀ ਸ਼ਕਤੀ ਜਿਹੜੀ ਰੀੜ੍ਹ ਦੀ ਹੱਡੀ ਦੇ ਬਿਲਕੁਲ ਹੇਠਾਂ ਹੈ ਬਿਲਕੁਲ ਸੁੱਤੀ ਪਈ ਹੈ ਜਿਹੜੀ ਸ਼ਕਤੀਆਂ ਦਾ ਭੰਡਾਰ ਹੈ ਜਿਹੜੀ ਗਤੀਸ਼ੀਲ ਹੈ। ਮਨੁੱਖ ਇਸ ਤੋਂ ਜਾਣੂ ਹੀ ਨਹੀਂ ਹੈ, ਨਾ ਹੀ ਉਹ ਇਸ ਤੋਂ ਆਪਣੇ ਜੀਵਨ ਵਿਚ ਕਰ ਸਕਦੇ ਹਨ, ਜੀਵਨ ਉਦੇਸ਼ ਦੀ ਪੂਰਤੀ ਲਈ ਨਹੀਂ ਵਰਤ ਸਕਦੇ। ਜਿਹੜੇ ਇਸਨੂੰ ਜਾਗ੍ਰਣ ਕਰ ਲੈਂਦੇ ਹਨ, ਉਹ ਗਤੀਸ਼ੀਲ ਹੋ ਜਾਂਦੇ ਹਨ ਜਿਹੜੇ ਵੀ ਕੋਈ ਕਿਸੇ ਵੀ ਕੇਂਦਰ ਵਿਚ ਤਰੱਕੀ ਕਰਦਾ ਹੈ, ਉਹ ਕੇਵਲ ਤੇ ਕੇਵਲ ਸ਼ਕਤੀ ਕਰਕੇ ਹੈ ਕੁੰਡਲਨੀ ਜਾਗਰਣ ਕਰਕੇ ਹੀ ਹੈ। ਰੂਪ ਪਰਿਵਰਤਨ ਦਾ ਅਨੁਭਵ ਬਹੁਤ ਹੀ ਘੱਟ ਹੈ ਬਹੁਤ ਔਖਾ ਹੈ, ਪਰ ਇਹ ਕੇਵਲ ਕੁੰਡਲਨੀ ਨੂੰ ਕਰਮਬੱਧ ਤਰੀਕੇ ਨਾਲ ਜਾਗਰਣ ਕਰਨ ਨਾਲ ਹੀ ਹੁੰਦਾ ਹੈ। ਉਹ ਵੀ ਕਿਸੇ ਨਿਪੁੰਨ ਕਿਸੇ ਸਮਰੱਥ ਗੁਰੂ ਦੀ ਦੇਖ ਰੇਖ ਹੇਠ ਜਿਸਨੂੰ ਇਸ ਵਿਸ਼ੇ ਦਾ ਪ੍ਰੈਕਟੀਕਲ ਗਿਆਨ ਤੇ ਸਿਧਾਂਤ ਗਿਆਨ ਦੋਨੋਂ ਹੀ ਹੋਣ।

ਕੁੰਡਲਨੀ ਜਾਗਰਣ ਦਾ ਅਨੁਭਵ ਬਹੁਤ ਸਾਰੇ ਅਸਾਧਾਰਣ ਅਨੁਭਵ ਹੁੰਦੇ ਹਨ, ਕੁੰਡਲਨੀ ਜਾਗਰਣ ਦਾ ਸਾਰਾ ਕ੍ਰਮਬੱਧ ਕੇਵਲ ਕੁੰਡਲਨੀ ਜਾਗਰਣ ਨਹੀਂ ਹੈ ਪਰੰਤੂ ਕੁੰਡਲਨੀ ਜਾਗਰਣ ਨੂੰ ਹਰ ਚੱਕਰ ਤੱਕ ਪਹੁੰਚਦਿਆਂ ਦੇਖਣ ਉਸ ਨੂੰ ਪੂਰਾ ਰੀਤੀਬੱਧ ਹੁੰਦਿਆਂ ਦੇਖਣਾ ਹੈ, ਜਦੋਂ ਤੱਕ ਉਹ ਸਹੰਸਰਾਰ ਚੱਕਰ ਤੱਕ ਨਾ ਪਹੁੰਚ ਜਾਏ। ਤਾਂਤਰਿਕ ਸਾਹਿਤ ਅਨੁਸਾਰ ਕੁੰਡਲਨੀ ਦਾ ਸਹੰਸਰਾਰ (Sahasrara) ਚੱਕਰ ਤਕ ਪਹੁੰਚ ਕੇ ਇਹ ਹੋਣਾ ਹੀ ਸਭ ਤੋਂ ਉੱਚਾ ਮੇਲ ਹੈ। ਜਦੋਂ ਜਗਿਆਸੂ ਇਹ ਮੇਲ ਤੱਕ ਪਹੁੰਚ ਜਾਂਦਾ ਹੈ ਜਦੋਂ ਏਥੇ ਕੁੰਡਲਨੀ ਸਹੰਸਰਾਰ ਚੱਕਰ ਵਿਚ ਮਿਲ ਜਾਂਦੀ ਹੈ ਜਗਿਆਸੂ ਨੂੰ ਜੀਵਨ ਦੀਆਂ ਸਾਰੀਆਂ ਦਿਸ਼ਾ ਸਾਰਾ ਘੇਰਾ ਪਤਾ ਲਗ ਜਾਂਦਾ ਹੈ, ਜਗਿਆਸੂ ਸਾਰੇ ਦਾ ਸਾਰਾ ਜਾਗ੍ਰਤ ਹੋ ਉਠਦਾ ਹੈ ਇਹ ਇਕ ਵਿਕਸਾਰ ਦੀ ਪ੍ਰਕ੍ਰਿਆ ਹੈ ਜਿਸ ਰਾਹੀਂ ਜਗਿਆਸੂ ਨੂੰ ਆਪਣਾ ਪਤਾ ਲਗਦਾ ਹੈ, ਗਿਆਨ ਹੁੰਦਾ ਹੈ, ਉਸ ਦਾ ਵਾਸਾ ਨਿਰੋਲ ਚੇਤਨਤਾ ਦੇ ਅੰਦਰ ਹੋ ਜਾਂਦਾ ਹੈ, ਸਰੀਰ ਤੇ ਉਸ ਦੇ ਵੱਖ-ਵੱਖ ਕ੍ਰਿਆ ਇਕ ਯੰਤਰ ਬਣ ਜਾਂਦੇ ਹਨ। ਗ੍ਰੰਥ ਦਸਦੇ ਹਨ ਸ਼ਿਵ ਤੇ ਸ਼ਕਤੀ ਦਾ ਮਿਲਨ ਇਕ ਅਦੁੱਤਾ ਮਿਲਨ ਹੈ ਇਸ ਮਿਲਾਪ ਨਾਲ ਅੰਮ੍ਰਿਤ ਬਰਸਦਾ ਹੈ, ਉਹ ਅੰਮ੍ਰਿਤ ਸਰੀਰ ਨੂੰ ਬਲ ਦੇ ਕੇ ਪਰਾ ਚੇਤਨ ਅਵਸਥਾ ਤਕ ਲੈ ਜਾਂਦਾ ਹੈ।

(-------)

# ਸਿਹਤ ਰੱਖਿਆ ਗਿਆਨ

*ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)*
*ਆਯੁਰਵੇਦ ਭੀਸ਼ਗ ਆਚਾਰੀਯ।*
*ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।*
*ਮੋਬਾਈਲ ਨੰ. 98156-07803*

## ਗਠੀਆ ਜੋੜਾਂ ਦਾ ਦਰਦ

ਇਹ ਰੋਗ ਬੜੀ ਤੇਜ਼ੀ ਨਾਲ ਸੰਸਾਰ ਭਰ ਵਿਚ ਵਿਆਪਕ ਹੋ ਰਿਹਾ ਹੈ। ਆਯੁਰਵੇਦ ਅਨੁਸਾਰ ਇਹ ਰੋਗ ਗਲਤ ਆਹਾਰ-ਵਿਵਹਾਰ ਕਰਨ ਨਾਲ ਹੁੰਦਾ ਹੈ। ਜਿਵੇਂ ਭੋਜਨ ਬੇ-ਵਕਤ ਖਾਣਾ ਅਤੇ ਖਾਧੇ ਹੋਏ ਭੋਜਨ ਦੇ ਹਜ਼ਮ ਹੋਏ ਬਿਨਾਂ ਹੋਰ ਖਾ ਲੈਣਾ। ਚਿਕਨੇ ਪਦਾਰਥਾਂ ਦਾ ਜ਼ਿਆਦਾ ਸੇਵਨ ਕਰਨਾ ਜਾਂ ਵਿਰੁੱਧ ਆਹਾਰ ਕਰਨ ਨਾਲ ਪਾਚਣ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਭੋਜਨ ਦਾ ਕੱਚਾ ਰਸ ਵਾਯੂ ਨਾਲ ਮਿਲ ਕੇ ਜੋੜਾਂ ਵਿਚ ਦਰਦ ਤੇ ਸੋਜਿਸ਼ ਪੈਦਾ ਕਰਦਾ ਹੈ। ਜਿਸਨੂੰ ਆਮ ਵਾਤ ਗਠੀਆਂ (ਅਰਥਰਾਈਟਸ) ਕਹਿੰਦੇ ਹਨ। ਇਸ ਰੋਗ ਨਾਲ ਜੋੜਾਂ ਵਿਚ ਸੋਜਿਸ਼, ਦਰਦ ਅਤੇ ਅਕੜਣ ਰਹਿੰਦੀ ਹੈ। ਸੂਈ ਚੁਭਣ ਜਿਹਾ ਦਰਦ ਹੁੰਦਾ ਹੈ। ਹੱਥਾਂ ਪੈਰਾਂ ਦੀਆਂ ਉਂਗਲੀਆਂ ਅਤੇ ਗੋਡਿਆਂ ਤੇ ਇਸ ਰੋਗ ਦਾ ਪ੍ਰਭਾਵ ਪਹਿਲਾਂ ਪੈਂਦਾ ਹੈ। ਇਹੀ ਕੱਚਾ ਰਸ ਖੂਨ ਵਿਚ ਮਿਲਕੇ ਖੂਨ ਨੂੰ ਗੰਧਲਾ ਕਰਦਾ ਹੈ। ਜਿਸਨੂੰ (ਕਲਸਟਰੌਲ) ਕਹਿੰਦੇ ਹਨ। ਇਹ ਰਸ ਜਦੋਂ ਜੋੜਾਂ ਵਿਚ ਰੁਕ ਜਾਂਦਾ ਹੈ। ਤਾਂ ਇਹ ਤੇਜ਼ਾਬੀ ਮਾਦਾ ਬਣ ਜਾਂਦਾ ਹੈ। ਜਿਸਨੂੰ (ਯੂਰਿਕ ਐਸਿਡ) ਕਹਿੰਦੇ ਹਨ। ਜੋੜਾਂ ਵਿਚ ਸੋਜ ਅਤੇ ਦਰਦ ਦੇ ਨਾਲ-ਨਾਲ ਬੁਖਾਰ, ਪੂਰੇ ਸਰੀਰ ਵਿਚ ਦਰਦ, ਕੁਝ ਖਾਣ ਦੀ ਇੱਛਾ ਨਾ ਹੋਣਾ, ਪਸੀਨਾ ਜ਼ਿਆਦਾ ਆਉਣਾ, ਪਿਸ਼ਾਬ ਦਾ ਜ਼ਿਆਦਾ ਆਉਣਾ ਅਤੇ ਕਬਜ਼ ਜਿਹੇ ਲੱਛਣ ਵੀ ਇਸ ਰੋਗ ਵਿਚ ਦੇਖਣ ਨੂੰ ਮਿਲਦੇ ਹਨ।

ਇਹ ਰੋਗ ਅੱਧੀ ਉਮਰ ਦੇ ਬਾਅਦ ਬੁਢਾਪੇ ਵਿਚ ਜ਼ਿਆਦਾ ਹੁੰਦਾ ਹੈ ਪਰ ਗਲਤ ਆਹਾਰ-ਵਿਵਹਾਰ ਲਗਾਤਾਰ ਕਰਕੇ ਘੱਟ ਉਮਰ ਵਿਚ ਵੀ ਹੋ ਜਾਂਦਾ ਹੈ। ਜੇਕਰ ਮਾਤਾ ਪਿਤਾ ਨੂੰ ਇਹ ਰੋਗ ਹੋਵੇ ਤਾਂ ਸੰਤਾਨ ਨੂੰ ਵੀ ਇਹ ਰੋਗ ਹੁੰਦੇ ਹੋਏ ਦੇਖਿਆ ਗਿਆ ਹੈ।

ਦਹੀਂ, ਤੇਲ, ਮੱਛੀ, ਮਾਸ ਖਾਣ ਨਾਲ ਅਤੇ ਅਸ਼ੁੱਧ ਪਾਣੀ ਪੀਣ ਨਾਲ ਅਤੇ ਕਸਰਤ ਨਾ ਕਰਨ ਨਾਲ ਵੀ ਆਮ ਵਾਤ ਗਠੀਆ ਹੋ ਜਾਂਦਾ ਹੈ।

ਇਸ ਰੋਗ ਦਾ ਠੀਕ ਇਲਾਜ ਨਾ ਕੀਤਾ ਜਾਵੇ ਤਾਂ ਇਹ ਰੋਗ ਜਟਿਲ ਹੋ ਜਾਂਦਾ ਹੈ। ਰੋਗੀ ਦੇ ਜੋੜਾਂ ਵਿਚ ਸੋਜ ਅਤੇ ਅਕੜਣ ਹੋ ਜਾਂਦੀ ਹੈ। ਚੱਲਣ ਫਿਰਨ ਤੋਂ ਮੁਹਤਾਜ ਹੋ ਕੇ ਮੰਜੇ ਤੇ ਪੈ ਜਾਂਦਾ ਹੈ, ਜਿੰਨੀ ਦਰਦ ਰੋਕੂ (ਸਟੀਰਾਈਡ) ਦਵਾਈਆਂ ਦੀ ਜ਼ਿਆਦਾ ਵਰਤੋਂ ਕੀਤੀ ਜਾਂਦੀ ਹੈ ਉਤਨਾ ਹੀ ਇਹ ਰੋਗ ਭਿਆਨਕ ਰੂਪ ਧਾਰਨ ਕਰ ਲੈਂਦਾ ਹੈ। ਸਟੀਰਾਈਡ ਦਵਾਈਆਂ ਨਾਲ ਗੁਰਦੇ (ਕਿਡਨੀ) ਲੀਵਰ, ਅੰਤੜੀਆਂ ਅਤੇ ਅੱਖਾਂ ਤੇ ਮਾੜਾ ਅਸਰ ਪੈਂਦਾ ਹੈ। ਕਈ ਅਖੌਤੀ ਡਾਕਟਰ, ਵੈਦ ਆਯੁਰਵੇਦ ਦੀ ਆੜ ਵਿਚ ਲਾਲਚ ਵਸ ਹੋਏ ਸਟੀਰਾਈਡ ਦਵਾਈਆਂ ਮਿਲਾ ਕੇ ਲੋਕਾਂ ਦੀ ਜ਼ਿੰਦਗੀ ਨਾਲ ਖੇਡਦੇ ਹਨ। ਇਸ ਲਈ ਦਯਾਵਾਨ ਸੰਤੋਖੀ ਯੋਗ ਡਾਕਟਰ ਵੈਦ, ਹਕੀਮ ਕੋਲੋਂ ਹੀ ਇਲਾਜ

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ।
ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

**SUBSCRIPTION (ਦੇਸ਼)**

| ਸਾਲਾਨਾ | ਜੀਵਨ ਕਾਲ | ਫੀ ਕਾਪੀ |
|---|---|---|
| 200/- | 2000/- | 20/- |
| 280/- | 2080/- | |

**SUBSCRIPTION ਵਿਦੇਸ਼**

| | Annual | Life |
|---|---|---|
| U.S.A. | 50 US$ | 500 US$ |
| U.K. | 30 $ | 300 $ |
| Aus. | 80 $ | 800 $ |
| Europ | 50 Euro | 500 Euro |

**MEMBERSHIP FORM** ✓ ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ..........................................................................

ਪਤਾ/Address ..........................................................................

..........................................................................

..........................................................................

.................................Pin Code.....................................

Phone........................ E-mail :...................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ........................ਮਿਤੀ.........................ਰਾਹੀਂ ਭੇਜ ਰਿਹਾ ਹਾਂ।

**ATAM MARG MONTHLY MAGAZINE**

ਦਸਖਤ..............................

Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, Fax : 0160-2255009, Email : atammarg1@yahoo.co.in, www.ratwarasahib.org

ਕਰਵਾਉਣਾ ਚਾਹੀਦਾ ਹੈ। ਆਯੁਰਵੈਦਿਕ ਪ੍ਰਣਾਲੀ ਵਿਚ ਇਸ ਰੋਗ ਦਾ ਇਲਾਜ ਕਾਫੀ ਸੰਭਵ ਹੈ।

ਇਸ ਰੋਗ ਵਿਚ ਪ੍ਰਹੇਜ਼ - ਬਾਸੀ (ਬਿਹਾ) ਭੋਜਨ, ਚਿਕਨੇ-ਨਿੱਗਰ ਪਦਾਰਥ, ਦਹੀਂ, ਗੁੜ, ਭਿੰਡੀ, ਅਰਬੀ, ਫੁੱਲ ਗੋਭੀ, ਛਿਲਕਾ ਰਹਿਤ ਆਲੂ, ਠੰਡੀ ਅਤੇ ਬਰਸਾਤੀ ਹਵਾ ਇਨ੍ਹਾਂ ਸਭ ਤੋਂ ਬਚਣਾ ਚਾਹੀਦਾ ਹੈ।

ਲਸਣ, ਅਦਰਕ, ਸੁੰਢ, ਸ਼ਹਿਦ, ਮੂੰਗੀ, ਮੇਥੀ ਦਾਣਾ, ਮੇਥੀ ਦੀ ਸਬਜ਼ੀ, ਬਾਥੂ ਦਾ ਸਾਗ, ਸੁਹੰਜਨੇ ਦੀ ਫਲੀ, ਜੀਰਾ, ਸੇਂਧਾ ਨਮਕ, ਕਾਲੀ ਮਿਰਚ ਮਿਲੀ ਹੋਈ ਚਾਟੀ ਦੀ ਲੱਸੀ, ਪੁਰਾਣੇ ਜੌਂ, ਪੁਰਾਣੇ ਚਾਵਲ ਇਨ੍ਹਾਂ ਸਭ ਦਾ ਇਸਤੇਮਾਲ ਆਮ ਵਾਤ ਗਠੀਆ ਦੇ ਰੋਗੀਆਂ ਲਈ ਲਾਭਦਾਇਕ ਹੈ। ਸ਼ਕਤੀ ਅਨੁਸਾਰ ਕਸਰਤ ਅਤੇ ਯੋਗਾ ਅਭਿਆਸ ਕਰਨਾ ਅਤਿਅੰਤ ਲਾਭਕਾਰੀ ਹੈ। ਭੋਜਨ 24 ਘੰਟਿਆਂ ਵਿਚ ਦੋ ਵਾਰ ਪੂਰੀ ਭੁੱਖ ਲੱਗੀ ਤੋਂ ਹੀ ਖਾਣਾ ਚਾਹੀਦਾ ਹੈ ਅਤੇ ਹਫਤੇ ਵਿਚ ਇਕ ਦਿਨ ਦਾ ਉਪਵਾਸ (ਵਰਤ) ਰੱਖਣ ਨਾਲ ਅਨੇਕਾਂ ਰੋਗਾਂ ਤੋਂ ਬਚਾਓ ਅਤੇ ਸਰੀਰ ਤੰਦਰੁਸਤ ਰਹਿੰਦਾ ਹੈ।

## - ਸੋਧ -

ਸਤੰਬਰ ਅੰਕ ਵਿਚ 'ਮੇਘ ਹਰਬਲ ਚਾਹ' ਲੇਖ ਵਿਚ ਟਾਈਪ mistake ਹੋਣ ਕਰਕੇ, side effect ਛਪ ਗਿਆ ਸੀ। ਸਹੀ ਅੱਖਰ 'No Side Effect' ਹੈ।

*******

## ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

**ਮਹੀਨੇ ਦੇ ਹਰ ਐਤਵਾਰ ਨੂੰ** ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

**ਸੰਗਰਾਂਦ - 17 ਅਕਤੂਬਰ**, ਦਿਨ ਐਤਵਾਰ

(ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

**ਚੜ੍ਹਦੀ ਪੂਰਨਮਾਸ਼ੀ- 22 ਅਕਤੂਬਰ**, ਦਿਨ ਸ਼ੁਕਰਵਾਰ

(ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

**ਜਰੂਰੀ ਸੂਚਨਾ** - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

**ਨਿਰਮਲ ਡੇਰਾ ਹਿਰਦਾਪੁਰ ਖੇੜੀ** - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।

## ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰੱਸਟ

ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਪ੍ਰਕਾਸ਼ਿਤ ਪੁਸਤਕਾਂ ਜੋ ਕਿ ਰਤਵਾੜਾ ਸਾਹਿਬ ਉਪਲਬੱਧ ਹਨ।

| | | *ਪੰਜਾਬੀ* | *ਹਿੰਦੀ* |
|---|---|---|---|
| 1. | ਸੁਰਤਿ ਸਬਦਿ ਮਾਰਗ | 50/ | 70/- |
| 2. | ਕਿਵ ਕੂੜੈ ਤੁਟੈ ਪਾਲਿ | 40/- | 35/- |
| 3. | ਬਾਤ ਅਗੰਮ ਕੀ -ਸੱਤ ਭਾਗਾਂ ਵਿਚ | 155/- | 235/- |
| 4. | ਕਿਵ ਸਚਿਆਰਾ ਹੋਈਐ -੧ | 30/- | 35/- |
| 5. | ਕਿਵ ਸਚਿਆਰਾ ਹੋਈਐ -੨ | 60/- | 65/- |
| 6. | ਕਿਵ ਸਚਿਆਰਾ ਹੋਈਐ - ੩ | 100/- | 100/- |
| 7. | ਹੋਵੈ ਅਨੰਦੁ ਘਣਾ | 25/- | 30/- |
| 8. | ਚਉਥੈ ਪਹਰਿ ਸਬਾਹ ਕੈ | 55/- | 60/- |
| 9. | ਸੁਰਤਿਆਂ ਉਪਜੈ ਚਾਉ | 40/- | 40/- |
| 10. | ਬਾਬਾਣੀਆਂ ਕਹਾਣੀਆਂ | 50/- | 50/- |
| 11. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | 10/- | 10/- |
| 12. | ਅੰਮ੍ਰਿਤ ਫੁਹਾਰ | 10/- | 10/- |
| 13. | ਅਗੰਮ ਅਗੋਚਰ ਦਾ ਮਾਰਗ | 60/- | 70/- |
| 14. | ਪੁਰਾਤਨ ਟੀਕਾ - ਜਪੁਜੀ ਸਾਹਿਬ | 10/- | 15/- |
| 15. | ਅਮਰ ਜੋਤਾਂ | 15/- | 15/- |
| 1੬. | ਹਿਮਾਲੀਆ ਦੇ ਸੰਤਾਂ ਦੇ ਸੰਗ ਨਿਵਾਸ | 100/- | |
| 18. | ਅਮਰ ਗਾਥਾ | 100/- | 100/- |
| 19. | ਧਰਮ ਯੁਧ ਕੇ ਚਾਇ | 50/- | |
| 20. | ਪਵਿਤਰ ਪੈਂਡਾ | 25/- | |
| 21. | ਭਗਤ ਪ੍ਰਹਿਲਾਦ | 10/- | 10/- |
| 22. | ਵੈਸਾਖੀ | 10/- | |
| 23. | ਰਾਜ ਯੋਗ | 40/- | |
| 24. | ਸਾਜਨ ਚਲੇ ਪਿਆਰਿਆ | 10/- | 10/- |
| 25. | ਅਬਿਨਾਸੀ ਜੋਤ ਭਾਗ-1 | 90/- | 90/- |
| 26. | ਅਬਿਨਾਸੀ ਜੋਤ ਭਾਗ-2 | 90/- | 90/- |
| 27. | ਰੂਹਾਨੀ ਗੁਲਦਸਤਾ -1 | 60/- | 60/- |
| 28. | ਰੂਹਾਨੀ ਗੁਲਦਸਤਾ - 2 | 60/- | 60/- |
| 29. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/- | |
| 30. | ਅੰਮ੍ਰਿਤ ਬਚਨ ਸਾਧ ਕੀ ਬਾਣੀ | 80/- | |
| 31. | ਗੁਰੂ ਅਮਰਦਾਸ ਪਰਸੀਐ | 50/- | |
| 32. | ਭਗਵਤ ਗੀਤਾ............। | 100/- | |
| 33. | ਅਨੰਦਮਈ ਜੀਵਨ ਜਾਚ | 50/- | |
| 34. | ਪੱਤਰਕਾਰ ਦੇ ਪ੍ਰਸ਼ਨ? ਮਹਾਂਪੁਰਸ਼ਾਂ ਵਲੋਂ ਉਤਰ | **25**/- | |
| 35. | ਅਨੁਭਵੀ ਪ੍ਰਵਚਨ | 50/- | |
| 36. | ਰਿਸ਼ੀਆਂ ਮੁਨੀਆਂ ਦਾ ਬ੍ਰਹਮਗਿਆਨ | 35/- | |
| 37. | ਅੰਦਰਲੀ ਖੋਜ | 130/- | |
| 38. | ਸਿਮਰਤ ਕਹਾਂ ਨਹੀਂ | 135/- | |
| 39. | ਰੂਹਾਨੀ ਪ੍ਰਵਚਨ | 35/- | |
| 41. | 'ਸੇਵਾ ਸਿਮਰਨ ਜੁਗਤੀਆਂ' | 150/- | |
| 42. | 'ਮਾਨੁੱਖ ਤਨ ਦਾ ਪ੍ਰਯੋਜਨ' | 160/- | |
| 43. | 'ਯੋਗਾ ਉਪਰ ਲੈਕਚਰ', | 30/- | |
| 44. | 'ਕਰਮ ਬੰਧਨ ਤੋਂ ਮੁਕਤੀ' :- | 30/- | |

| English Version | | Price |
|---|---|---|
| 1. | Baisakhi (ਵੈਸਾਖੀ) | Rs. 5/- |
| 2. | How Rend The Veil of Untruth (ਕਿਵ ਕੂੜੈ ਤੁਟੈ ਪਾਲਿ) | Rs. 70/- |
| 3. | Discourses on the Beyond-1 (ਬਾਤ ਅਗੰਮ ਕੀ ਭਾਗ -੧) | Rs 50/- |
| 4. | Discourses on the Beyond -2 (ਬਾਤ ਅਗੰਮ ਕੀ ਭਾਗ -੨) | Rs. 50/- |
| 5. | Discourses on the Beyond -3 (ਬਾਤ ਅਗੰਮ ਕੀ ਭਾਗ -੩) | Rs. 50/- |
| 6. | Discourses on the Beyond -4 (ਬਾਤ ਅਗੰਮ ਕੀ ਭਾਗ -੪) | Rs. 60/- |
| 7. | Discourses on the Beyond -5 (ਬਾਤ ਅਗੰਮ ਕੀ ਭਾਗ -੫) | Rs. 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | Rs. 80/- |
| 9. | The Lights Immortal (ਅਮਰ ਜੋਤਾਂ) | Rs. 20/- |
| 10. | Transcendental Bliss (ਚਉਥੈ ਪਹਿਰ ਸਬਾਹ ਕੈ) | Rs. 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | Rs. 80/- |
| 12. | How to Know Thy Real Self-(Vol-2) | Rs. 80/- |
| 13. | How to Know Thy Real Self-(Vol-3) | Rs. 110/- |
| 14. | The Dawn of Khalsa Ideals | Rs. 10/- |
| 15. | A Glimpse of His Holiness - Baba ji | Rs. 5/- |
| 16. | Divine Word Contemplation Path', (ਸੁਰਤਿ ਸਬਦਿ ਮਾਰਗ) | Rs.150/– |
| 17. | The Story of Immortality (ਅਮਰ ਗਾਥਾ) | Rs 260/– |